# ਸਿੱਖ ਗੁਰੂ ਸਾਹਿਬਾਨ

## (ਸੰਖੇਪ ਜੀਵਨੀਆਂ ਅਤੇ ਉਹਨਾਂ ਦਾ ਸਿੱਖ ਧਰਮ ਵਿੱਚ ਯੋਗਦਾਨ)

ਗੁਰਸ਼ਰਨ ਕੌਰ

# ਸਿੱਖ ਗੁਰੂ ਸਾਹਿਬਾਨ

(ਸੰਖੇਪ ਜੀਵਨੀਆਂ ਅਤੇ ਉਹਨਾਂ ਦਾ ਸਿੱਖ ਧਰਮ ਵਿੱਚ ਯੋਗਦਾਨ)

ਗੁਰਸ਼ਰਨ ਕੌਰ

ਐਮ.ਏ (ਅੰਗਰੇਜ਼ੀ, ਇਤਿਹਾਸ, ਪੋਲ-ਸਾਇੰਸ)

ਐਮ.ਫਿਲ (ਹਿਸਟਰੀ) ਬੀ.ਐਡ ਪ੍ਰਭਾਕਰ।

ਗੋਰਕੀ ਪ੍ਰਕਾਸ਼ਨ

ਲੁਧਿਆਣਾ

# *Sikh Guru Sahiban*

***by***
**Gursharan Kaur ©**
DASHMESH NAGAR, AMRITSAR ROAD
STREER NO- 8G/2, MOGA, PUNJAB
MOBILE-94177-94262
© Author

**Rs. 200/-**

**ISBN- 978-93-87276-92-5**

**Gorky Publishers**
Ludhiana
Ph : 94176-42785, 77172-45945
co-publisher-
GRACIOUS BOOKS, PATIALA

*Printed at-*
*Aarna printing solutions,*
*Patiala*

---

**All rights reserved. No part of this publication may be reproduced, stored in a retrieval system or transmitted in any form or by any means electronic, mechanical, photocopying, recording or otherwise without the prior written permission of both the copyright owner and the publisher of this book.**

ਸਮਰਪਿਤ

'ਮਹਾਨ ਬਾਬਾ ਨਾਨਕ ਨੂੰ

550ਵੇਂ ਜਨਮ ਦਿਵਸ 'ਤੇ।'

## ਤਤਕਰਾ


ਜਾਣ-ਪਛਾਣ ..................................................7

1. ਸਿੱਖ ਧਰਮ ..................................................12
2. ਗੁਰੂ ਨਾਨਕ ਦੇਵ ਜੀ ..................................................20
3. ਗੁਰੂ ਅੰਗਦ ਦੇਵ ਜੀ ..................................................32
4. ਗੁਰੂ ਅਮਰਦਾਸ ਜੀ ..................................................41
5. ਗੁਰੂ ਰਾਮਦਾਸ ਜੀ ..................................................50
6. ਗੁਰੂ ਅਰਜਨ ਦੇਵ ਜੀ ..................................................59
7. ਗੁਰੂ ਹਰਗੋਬਿੰਦ ਜੀ ..................................................70
8. ਗੁਰੂ ਹਰ ਰਾਇ ਜੀ ..................................................76
9. ਗੁਰੂ ਹਰ ਕ੍ਰਿਸ਼ਨ ਜੀ ..................................................105
10. ਗੁਰੂ ਤੇਗ ਬਹਾਦਰ ਜੀ ..................................................128
11. ਗੁਰੂ ਗੋਬਿੰਦ ਸਿੰਘ ਜੀ ..................................................138
12. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ..................................................152

ਪੁਸਤਕ ਸੂਚੀ ..................................................157

# ਜਾਣ-ਪਛਾਣ

ਸਿੱਖ ਸ਼ਰਧਾਲੂ ਪਰਿਵਾਰ ਨਾਲ ਸਬੰਧਿਤ ਹੋਣ ਕਰਕੇ ਮੈਂ ਛੋਟੀ ਉਮਰ ਵਿੱਚ ਹੀ ਜਪੁਜੀ ਸਾਹਿਬ, ਰਹਿਰਾਸ ਸਾਹਿਬ ਦਾ ਪਾਠ ਕਰ ਲੈਂਦੀ ਸੀ। ਤੀਸਰੀ ਜਮਾਤ ਦੀ ਵਿਦਿਆਰਥਣ ਸਾਂ ਤੇ ਉਮਰ ਮਸਾਂ 8-9 ਸਾਲ ਰਹੀ ਹੋਵੇਗੀ। ਘਰ ਦੇ ਵਡੇਰੇ ਮੈਂਬਰ ਗੁਰੂਦੁਆਰੇ ਜਾਂਦੇ ਤਾਂ ਸਾਨੂੰ ਬੱਚਿਆਂ ਨੂੰ ਵੀ ਕਦੇ ਲੈ ਜਾਂਦੇ । ਉਦੋਂ ਧਰਮ ਦੀ ਕੋਈ ਸੋਝੀ ਨਹੀਂ ਸੀ। ਪਰ ਪਾਠੀ ਸਿੰਘ ਦਾ ਇਕ ਲੈ ਸੁਰ ਵਿੱਚ ਪਾਠ ਕਰਨਾ ਬੜਾ ਚੰਗਾ ਲੱਗਦਾ। ਘਰ ਦੇ ਵਿੱਚੋਂ ਅਤੇ ਕਿਤਾਬਾਂ ਵਿੱਚੋਂ ਸਿੱਖ ਧਰਮ ਨਾਲ ਸਬੰਧਿਤ ਸਿੱਖਿਆਦਾਇਕ ਅਤੇ ਪ੍ਰੇਰਿਕ ਗਿਆਨ ਹਾਸਲ ਹੋਇਆ। ਸਿੱਖ ਧਰਮ ਦੇ ਮਹਾਨ ਆਦਰਸ਼ਾਂ ਨੇ ਮੇਰੀ ਰੁਚੀ ਇਸ ਧਰਮ ਵਿੱਚ ਵਧਾ ਦਿੱਤੀ। ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਮੇਰੀ ਖੋਜ ਦਾ ਵਿਸ਼ਾ ਵੀ ਸਿੱਖ ਧਰਮ ਨਾਲ ਹੀ ਸਬੰਧਿਤ ਸੀ। ਤਰਕਪੂਰਨ ਅਤੇ ਸਪੱਸ਼ਟ ਵਿਚਾਰ ਅਤੇ ਇਸ ਧਰਮ ਦੀ ਸਰਲਤਾ ਹੋਰਾਂ ਧਰਮਾਂ ਤੋਂ ਇਸਨੂੰ ਵੱਖ ਕਰਦੀ ਹੈ ਤੇ ਇਹੀ ਇਸਦੀ ਵਿਲੱਖਣਤਾ ਮੇਰੇ ਵਰਗੇ ਸਧਾਰਣ ਵਿਅਕਤੀਤਤਵ ਨੂੰ ਵੀ ਪ੍ਰਭਾਵਿਤ ਕਰਦੀ ਹੈ।

ਮੈਂ ਇਸ ਕਿਤਾਬ ਵਿੱਚ ਸੱਤਵੇਂ 'ਗੁਰੂ ਹਰ ਰਾਇ ਅਤੇ ਅੱਠਵੇਂ ਗੁਰੂ ਹਰ ਕ੍ਰਿਸ਼ਨ ਜੀ ਬਾਰੇ ਉਹਨਾਂ ਦਾ ਜੀਵਨ ਤੇ ਪ੍ਰਾਪਤੀਆਂ ਦਾ ਹੀ ਖਾਸ ਤੌਰ ਤੇ ਵਰਨਣ ਕਰਨਾ ਸੀ। ਕਿਉਂਕਿ ਇਹਨਾਂ ਗੁਰੂਆਂ ਬਾਰੇ ਬਹੁਤ ਹੀ ਘੱਟ ਲਿਖਿਆ ਗਿਆ ਹੈ। ਬੇਸ਼ੱਕ ਇਹਨਾਂ ਦੇ ਕੰਮ ਵਡੇਰੇ ਹਨ। ਇਹਨਾਂ ਦੋਹਾਂ ਗੁਰੂਆਂ ਨੇ ਜੋ ਸ਼ਾਂਤੀਪੂਰਵਕ ਢੰਗ ਨਾਲ ਤਬਦੀਲੀਆਂ ਲਿਆਂਦੀਆਂ ਅਤੇ ਜੋ ਵਿਚਾਰਧਾਰਾ ਦੀ ਖਾਤਰ ਇਹਨਾਂ ਨੇ ਸੰਘਰਸ਼ ਕੀਤਾ, ਉਹ ਕਾਬਿਲੇ-ਤਾਰੀਫ ਹੈ। ਇਹਨਾਂ ਨੇ ਗੁਰੂ ਨਾਨਕ ਦੇ ਧਰਮ ਨੂੰ ਅੱਗੇ ਤੋਰਨ ਅਤੇ ਮਜ਼ਬੂਤ ਕਰਨ ਵਿੱਚ ਬਹੁਤ ਵਧੀਆ ਯੋਗਦਾਨ ਪਾਇਆ। ਇਹਨਾਂ ਦੋਹਾਂ ਗੁਰੂਆਂ ਨੇ ਸਿੱਖ ਧਰਮ ਦੀ ਉਸ ਸਮੇਂ ਅਗਵਾਈ ਕੀਤੀ ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਵਰਗੇ  ਕੱਟੜ ਵਿਅਕਤੀ ਦੀ ਹਕੂਮਤ ਸੀ। ਕਿਹਾ ਜਾਂਦਾ ਹੈ ਕਿ ਉਹ ਹਰ ਹੀਲੇ ਹਿੰਦੁਸਤਾਨ ਨੂੰ ਮੁਸਲਿਮ ਧਰਮ ਵਿੱਚ ਤਬਦੀਲ ਕਰਨ ਦਾ ਇੱਛੁਕ ਸੀ। ਅਜਿਹੇ ਨਾਜ਼ੁਕ ਦੌਰ ਵਿੱਚ ਧਰਮ ਦਾ ਪ੍ਰਚਾਰ ਤੇ ਪਾਸਾਰ ਕਰਨਾ ਮੁਸ਼ਕਿਲ ਹੀ ਨਹੀਂ ਸਗੋਂ ਨਾ ਮੁਮਕਿਨ ਵੀ ਹੁੰਦਾ ਹੈ। ਅੰਦਰੋਂ ਰਿਸ਼ਤੇਦਾਰਾਂ ਦੀਆਂ ਨਰਾਜ਼ਗੀਆਂ ਅਤੇ ਵੈਰੀਆਂ ਨਾਲ ਜਾ ਮਿਲਣਾ ਹੋਰ ਵੀ ਤਕਲੀਫਦੇਹ ਸੀ। ਪਰ ਗੁਰੂ ਹਰ ਰਾਏ ਜੀ ਅਤੇ ਹਰ ਕ੍ਰਿਸ਼ਨ ਜੀ ਨੇ ਇਸ ਸਮੇਂ ਵੀ ਸਿੱਖ ਧਰਮ ਦੀ ਆਨ-ਸ਼ਾਨ ਕਾਇਮ ਰੱਖੀ ਤੇ ਇਸਨੂੰ ਬੁਲੰਦੀਆਂ ਤੇ ਪਹੁੰਚਾਇਆ। ਇਹੀ ਸੰਦੇਸ਼ ਸੀ ਜੋ ਮੈਂ ਆਪਣੇ ਇਸ ਛੋਟੇ ਜਿਹੇ ਪ੍ਰੋਜੈਕਟ ਵਿੱਚ ਦੇਣਾ ਚਾਹੁੰਦੀ ਸੀ।

ਇਸ ਤੋਂ ਇਲਾਵਾ ਮੈਂ ਕੁਝ ਹੋਰ ਵੀ ਦੱਸਣਾ ਚਾਹੁੰਦੀ ਹਾਂ ਕਿ ਸਿੱਖ ਧਰਮ ਬਾਰੇ ਤੇ ਸਿੱਖ ਗੁਰੂਆਂ ਬਾਰੇ ਫੈਲਾਏ ਜਾ ਰਹੇ ਪ੍ਰਚਾਰ ਜਿਸ ਵਿੱਚ ਜਾਂ ਤਾਂ ਲੋਕਾਂ ਜਾਂ ਕਈ ਲੇਖਕਾਂ ਨੇ ਇਸ ਪਵਿੱਤਰ ਸੰਸਥਾ ਤੇ ਸੰਸਥਾਪਕਾਂ ਨੂੰ ਸ਼ਰਧਾਵੱਸ ਉਹੀ ਕਰਾਮਾਤਾਂ ਨਾਲ ਜੋੜ ਦਿੱਤਾ ਹੈ, ਜਿਹਨਾਂ ਦੇ ਵਿਰੋਧ ਵਿੱਚ ਇਹ ਸੰਸਥਾ ਉੱਭਰੀ ਸੀ। ਬਹੁਤ ਸਾਰੇ ਪੁਰਾਣੇ ਤੇ ਨਵੇਂ ਸਿੱਖ ਸਾਹਿਤ ਨੂੰ ਪੜ੍ਹ ਕੇ ਪਤਾ ਲੱਗਿਆ ਕਿ ਗੁਰੂਆਂ ਦੇ ਜੀਵ/ਨ ਦੀਆਂ ਤਰਕਪੂਰਣ ਤੇ ਸਿੱਖਿਆਦਾਇਕ ਘਟਨਾਵਾਂ ਨੂੰ ਤੋੜ-ਮਰੋੜ ਕੇ ਉਹਨਾਂ ਨੂੰ ਰਹੱਸਮਈ ਵਰਤਾਰੇ ਬਣਾ ਦਿੱਤਾ ਹੈ। ਸਿੱਖ ਧਰਮ ਹਾਲੇ 550 ਸਾਲ ਹੀ ਪੁਰਾਣਾ ਹੈ। ਇਸ ਸਮੇਂ ਦਾ ਸਾਡੇ ਕੋਲ ਇਤਿਹਾਸ ਹੈ, ਪਰ ਫਿਰ ਵੀ ਪਤਾ ਨਹੀਂ ਕੀ ਕਾਰਨ ਹੈ ਕਿ ਵਿਦਵਾਨ ਲੇਖਕਾਂ ਨੇ ਇਤਿਹਾਸ ਨੂੰ ਮਿਥਿਹਾਸ ਵਿੱਚ ਪ੍ਰੀਵਰਤਿਤ ਕਰ ਦਿੱਤਾ ਹੈ। ਖਾਸ ਕਰਕੇ ਬਾਬੇ ਨਾਨਕ ਨਾਲ ਤਾਂ ਇੰਨੀ ਬੇਇਨਸਾਫੀ ਕੀਤੀ ਹੈ ਕਿ ਉਸਨੂੰ ਵਧੀਆ ਪੜ੍ਹਿਆ ਲਿਖਿਆ, ਇਨਸਾਨ ਹੋਣ ਦੇ ਬਾਵਜੂਦ ਮੱਕਾ ਹਿਲਾਉਣਾ ਤੇ ਪੰਜੇ ਨਾਲ ਪਹਾੜ ਰੋਕਣਾ ਆਦਿ ਮਿਥਿਹਾਸਿਕ ਗੱਲਾਂ ਨਾਲ ਜੋੜ ਕੇ ਉਸਨੂੰ ਅਨਪੜ੍ਹ ਹੀ ਸਿੱਧ ਕਰਨ ਦਾ ਯਤਨ ਕੀਤਾ ਹੈ। ਜੇ ਕਰ ਸਹੀ ਢੰਗ ਨਾਲ ਸਿੱਖ ਗੁਰੂਆਂ ਦੀ ਜ਼ਿੰਦਗੀ ਦਾ ਮੁਲਾਂਕਣ ਕਰੀਏ ਤਾਂ ਸਾਰਿਆਂ ਨੇ ਹੀ ਚੰਗੀ ਤਾਲੀਮ ਹਾਸਲ ਕੀਤੀ ਸੀ। ਸਿੱਖਿਆ ਬੇਸ਼ੱਕ ਕਿਸੇ ਗੁਰੂ ਜਾਂ ਸੰਸਥਾ ਤੋਂ ਲਈ ਗਈ ਜਾਂ ਘਰੋਂ ਮਿਲੀ, ਪਰ ਉਹ ਜ਼ਿੰਦਗੀ ਦੇ ਸਾਰੇ ਪੱਖਾਂ ਨੂੰ ਉਜਾਗਰ ਕਰਦੀ ਸੀ। ਸਿੱਖ ਧਰਮ ਕੇਵਲ ਇੱਕ ਧਰਮ ਹੀ ਨਹੀਂ ਸਗੋਂ ਵਿਗਿਆਨਕ ਪੱਖ ਤੋਂ ਇਹ ਸਹੀ ਸੋਚ ਤੇ ਹੀ ਆਧਾਰਿਤ ਹੈ। ਸਿੱਖ ਧਰਮ ਤਾਂ ਉਭਰਿਆ ਹੀ ਹਨੇਰੇ ਨੂੰ ਚਾਨਣ ਵਿੱਚ ਬਦਲਣ ਲਈ ਹੈ। ਵਹਿਮ-ਭਰਮ, ਭੁਲੇਖੇ, ਕਰਮ-ਕਾਂਡ, ਕਰਾਮਾਤ, ਕੁਝ ਜਾਤੀਆਂ ਨੂੰ ਧਾਰਮਿਕ ਸਥਾਨਾਂ 'ਤੇ ਹੀ ਨਾ ਜਾਣ ਦੀ 'ਇਜਾਜ਼ਤ' ਦੇਣੀ, ਛੂਤ-ਛਾਤ, ਲਿੰਗ, ਭੇਦ ਇਸ ਸਾਰੇ ਕੁੱਝ ਦਾ ਤਾਂ ਇਸ ਧਰਮ ਵਿੱਚ ਖੰਡਨ ਕੀਤਾ ਗਿਆ ਹੈ। ਸੰਗਤ ਤੇ ਪੰਗਤ ਇਸ ਜਾਤੀ ਪ੍ਰਥਾ ਨੂੰ ਤੋੜਨ ਲਈ ਹੀ ਸ਼ੁਰੂ ਕੀਤੀ ਗਈ ਸੀ। ਲੋਭ, ਲਾਲਚ, ਹੰਕਾਰ, ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਤਾਂ ਸਿੱਖ ਗੁਰੂਆਂ ਨੇ ਸਾਰੀ ਜ਼ਿੰਦਗੀ ਪ੍ਰਚਾਰ ਕੀਤਾ। ਪਰ ਅੱਜ ਫਿਰ ਸਾਡੇ ਸਮਾਜ 'ਤੇ ਇਹੀ ਚੀਜ਼ਾਂ ਭਾਰੂ ਹਨ। ਇਸ ਚੀਜ਼ ਨੂੰ ਮੁੱਖ ਰੱਖਦਿਆਂ ਮੈਂ ਸਿੱਖ ਧਰਮ ਅਤੇ ਗੁਰੂ ਹਰ ਰਾਇ ਅਤੇ ਹਰ ਕ੍ਰਿਸ਼ਨ ਤੋਂ ਇਲਾਵਾ ਦੂਸਰੇ ਗੁਰੂਆਂ ਬਾਰੇ ਵੀ ਕੁੱਝ ਲਿਖਣ ਦਾ ਯਤਨ ਕੀਤਾ ਹੈ ਅਤੇ ਸਿਰਫ ਉਹਨਾਂ ਦੀ ਜ਼ਿੰਦਗੀ ਦੇ ਤੱਥ ਦੱਸਣ ਦੀ ਕੋਸ਼ਿਸ਼ ਕੀਤੀ ਹੈ ਤਾਂ ਕਿ ਲੋਕਾਂ ਨੂੰ ਇਹ ਦੱਸਿਆ ਜਾ ਸਕੇ ਕਿ ਸਿੱਖ ਧਰਮ ਤੱਥਾਂ 'ਤੇ ਆਧਾਰਿਤ ਹੈ। ਸਿੱਖ ਗੁਰੂ ਕੋਈ ਵਲੀ, ਔਲੀਏ, ਪੈਗੰਬਰ ਜਾਂ ਅਵਤਾਰ ਨਹੀਂ ਸਨ, ਸਗੋਂ ਵਿਦਵਾਨ ਤੇ ਸੁਲਝੇ ਹੋਏ ਮਹਾਂਪੁਰਸ਼ ਸਨ, ਜਿਹਨਾਂ ਨੇ ਜੋ ਜ਼ਿੰਦਗੀ ਦੀਆਂ ਸੱਚਾਈਆਂ ਸਾਡੇ ਸਾਹਮਣੇ ਰੱਖੀਆਂ ਹਨ, ਉਹਨਾਂ ਨੂੰ ਆਪ ਹੰਢਾਇਆ ਵੀ ਸੀ। ਜੇ ਕਿਰਤ ਕਰਨ ਨੂੰ ਕਿਹਾ ਸੀ ਤਾਂ ਕਿਰਤ ਹੱਥੀ ਕੀਤੀ ਵੀ ਸੀ, ਵੰਡ ਛਕਣ ਨੂੰ ਕਿਹਾ ਸੀ ਤਾਂ ਲੰਗਰ ਦੀ

ਪ੍ਰਥਾ ਚਾਲੂ ਕੀਤੀ, ਜੇ ਨਾਮ ਜਪਣ ਨੂੰ ਕਿਹਾ ਤਾਂ ਆਪ ਵੀ ਨਾਮ ਜਪਿਆ। ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਇਆ ਤਾਂ ਹੀ ਲੋਕਾਂ ਨੂੰ ਉਪਦੇਸ਼ ਦਿੱਤਾ। ਬਾਬੇ ਨਾਨਕ ਨੇ ਜ਼ਿੰਦਗੀ ਦੇ ਪਿਛਲੇ ਸਾਲ ਕਰਤਾਰਪੁਰ ਵਿਖੇ ਕਿਰਤ ਕਰਦਿਆਂ ਗੁਜ਼ਾਰੇ ਸਨ।

ਆਪਣੇ ਲੰਬੇ ਸਮੇਂ ਦੇ ਅਧਿਆਪਨ ਤਜਰਬੇ ਵਿੱਚ ਬਹੁਤ ਸਾਰੇ ਅਧਿਆਪਕਾਂ ਨਾਲ ਗੱਲਬਾਤ ਹੋਈ। ਜਿਹਨਾਂ ਵਿੱਚੋਂ ਕੁਝ ਸਿੱਖ ਧਰਮ ਨਾਲ ਅਤੇ ਕੁੱਝ ਹੋਰ ਧਰਮਾਂ ਨਾਲ ਜੁੜੇ ਹੋਏ ਹਨ। ਇਸ ਕਿੱਤੇ ਵਿੱਚ ਸਿੱਧਾ ਲੋਕਾਂ ਨਾਲ ਵਾਹ ਹੁੰਦਾ ਹੈ। ਹਰ ਇੱਕ ਧਰਮ, ਵਰਗ ਦੇ ਵਿਦਿਆਰਥੀ ਹੁੰਦੇ ਹਨ ਉਹਨਾਂ ਦੇ ਮਾਪੇ ਵੀ ਮਿਲਦੇ ਰਹਿੰਦੇ ਹਨ। ਵਿਦਿਆਰਥੀ ਤਾਂ ਕੋਰੀ ਸਲੇਟ ਹੁੰਦੇ ਹਨ ਜੋ ਪਾਂਧੇ, ਅਧਿਆਪਕ ਜਾਂ ਆਲਾ-ਦੁਆਲਾ ਉਹਨਾਂ ਨੂੰ ਸਿੱਖਿਆ ਦਿੰਦਾ ਹੈ, ਉਹੀ ਉਹਨਾਂ ਦੇ ਮਨਾਂ 'ਤੇ ਉਕਰਿਆ ਜਾਂਦਾ ਹੈ। ਪੇਂਡੂ ਮਾਪੇ ਜ਼ਿਆਦਾਤਰ ਸਿੱਖਿਆ ਤੋਂ ਵਾਂਝੇ ਜਾਂ ਅੱਧ-ਪਚੱਧੇ ਪੜ੍ਹੇ ਹੁੰਦੇ ਹਨ। ਉਹਨਾਂ ਦੀਆਂ ਸਿੱਖ ਧਰਮ ਨਾਲ ਜੁੜੀਆਂ ਭਾਵਨਾਵਾਂ ਬੇਹੱਦ ਸ਼ਰਧਾ ਤੋਂ ਪ੍ਰੇਰਿਤ ਹੁੰਦੀਆਂ ਹਨ ਤੇ ਉਹ ਸੁਣੀਆਂ ਸੁਣਾਈਆਂ ਗੱਲਾਂ ਵੀ ਇਸ ਧਰਮ ਨਾਲ ਜੋੜ ਲੈਂਦੇ ਹਨ। ਪਰ ਜਦੋਂ ਪੜ੍ਹੇ ਲਿਖੇ ਅਧਿਆਪਕ ਵੀ ਅੰਧ-ਵਿਸ਼ਵਾਸ ਤੇ ਕਰਾਮਾਤਾਂ ਨਾਲ ਸਿੱਖ ਇਤਿਹਾਸ ਨੂੰ ਜੋੜਦੇ ਹਨ ਤਾਂ ਮੈਨੂੰ ਜ਼ਰੂਰ ਸਾਡੀ ਪੜ੍ਹਾਈ 'ਤੇ ਤਾਂ ਸ਼ੱਕ ਹੁੰਦਾ ਹੀ ਹੈ ਨਾਲ ਦੀ ਨਾਲ ਸਿੱਖ ਸੰਸਥਾਵਾਂ 'ਤੇ ਵੀ ਹਿਰਖ ਹੁੰਦਾ ਹੈ ਕਿ ਬਹੁਤ ਸਾਰੇ ਵਸੀਲਿਆਂ ਦੇ ਬਾਵਜੂਦ ਅਜੇ ਤੱਕ ਉਹ ਇਸ ਧਰਮ ਦੇ ਵਿਗਿਆਨਕ ਅਤੇ ਤਰਕਪੂਰਣ ਨਜ਼ਰੀਏ ਨੂੰ ਹੀ ਸਪੱਸ਼ਟ ਨਹੀਂ ਕਰ ਸਕੇ। ਮੈਂ ਇਹ ਨਿਮਾਣਾ ਜਿਹਾ ਯਤਨ ਕੀਤਾ ਹੈ। ਇਸ ਛੋਟੀ ਜਿਹੀ ਕਿਤਾਬ ਵਿੱਚ ਸਿੱਖ ਧਰਮ ਦੀ ਸੱਚਾਈ ਤੇ ਪਵਿੱਤਰਤਾ ਅਤੇ ਸਿੱਖ ਗੁਰੂਆਂ ਦੇ ਜੀਵਨ ਦੀਆਂ ਸੰਖੇਪ ਤੇ ਉਚਿਤ ਧਾਰਨਾਵਾਂ ਨੂੰ ਹੀ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਸ਼ੁਰੂ ਤੋਂ ਹੀ ਸਿੱਖ ਧਰਮ ਨਾਲ ਸਬੰਧਤ ਸਾਹਿਤ ਮੈਂ ਵੱਖ-ਵੱਖ ਸਰੋਤਾਂ, ਲਾਇਬ੍ਰੇਰੀਆਂ ਤੋਂ ਪੜ੍ਹਿਆ ਹੈ 'ਤੇ ਉਸ ਦਾ ਭਾਵ ਅਰਥ ਇਸ ਕਿਤਾਬ ਵਿੱਚ ਦੇਣ ਦਾ ਯਤਨ ਕੀਤਾ ਹੈ। ਕਿਤਾਬ ਛੋਟੀ ਹੈ ਤੇ ਭਾਸ਼ਾ ਬੇਹੱਦ ਸਰਲ ਰੱਖੀ ਹੈ। ਆਮ ਲੋਕ ਵੀ ਪੜ੍ਹ ਸਕਦੇ ਹਨ ਤੇ ਸਮਝ ਸਕਦੇ ਹਨ। ਲੋਕਾਂ ਦੇ ਟੋਲਿਆਂ ਦੇ ਟੋਲੇ ਕਦੇ ਕਿਸੇ ਬਾਬੇ ਦੀ ਚੌਂਕੀ ਭਰਨ ਚੱਲੇ ਹਨ, ਕਿਤੇ ਮਾਈਆਂ ਕਿਸੇ ਬਾਬੇ ਦੇ ਪੈਰੀਂ ਹੱਥ ਲਾ ਰਹੀਆਂ ਹਨ। ਕਿਤੇ ਬੀਬੀਆਂ ਘਰੇ ਬਜ਼ੁਰਗਾਂ ਤੇ ਬੱਚਿਆਂ ਨੂੰ ਭੁੱਖੇ ਭਾਣੇ ਛੱਡ ਕੇ ਕਿਸੇ ਬਾਬੇ ਦੇ ਖੇਤਾਂ ਵਿੱਚ ਸੇਵਾ ਕਰ ਰਹੀਆਂ ਹਨ, ਇਹੋ ਜਿਹੇ ਵਰਤਾਰੇ ਮੈਨੂੰ ਜਾਤੀ ਤੌਰ 'ਤੇ ਕੋਝੇ ਲੱਗਦੇ ਹਨ। ਧਾਰਮਿਕ ਕੰਮਾਂ ਵਿੱਚ ਮੇਰੇ ਰਾਜ ਦੇ ਲੋਕ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ, ਧਰਮ ਦੇ ਨਾਂ 'ਤੇ ਲੜਨ ਮਰਨ ਤੱਕ ਦੀ ਨੌਬਤ ਆ ਜਾਂਦੀ ਹੈ, ਧਰਮ ਦੇ ਨਾਂ 'ਤੇ ਵੱਡੇ-ਵੱਡੇ ਸਮਾਗਮ ਕਰਕੇ ਦਿਖਾਵਾ ਕੀਤਾ ਜਾਂਦਾ ਹੈ ਪਰ ਬਾਬੇ ਨਾਨਕ ਦੀ ਬੰਦਗੀ, ਸੇਵਾ ਭਾਵਨਾ ਅਤੇ ਸਾਦਗੀ ਗਾਇਬ ਹੈ। ਪਾਠ ਰਖਾਏ ਜਾਂਦੇ ਹਨ,

ਰਾਗੀ ਸਿੰਘ ਕੀਰਤਨ ਕਰਦੇ ਹਨ, ਪਰ ਨਾ ਤਾਂ ਕੋਈ ਪਾਠ ਸੁਣਦਾ ਹੈ ਤਾਂ ਨਾ ਹੀ ਕੀਰਤਨ। ਮੈਨੂੰ ਲੱਗਦਾ ਹੈ ਕਿ ਸਿੱਖ ਸੰਸਥਾਵਾਂ ਨੂੰ ਜ਼ਰੂਰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਮਹਾਨ ਬਾਬੇ ਨਾਨਕ ਦਾ ਧਰਮ ਜੋ ਅਗਲੇਰੇ ਗੁਰੂਆਂ ਨੇ ਹਰ ਤਰਾਂ ਦੇ ਸੁਚੱਜੇ ਯਤਨਾਂ ਨਾਲ ਅਤੇ ਮਹਾਨ ਕੁਰਬਾਨੀਆਂ ਨਾਲ ਪ੍ਰਫੁਲਿਤ ਕੀਤਾ, ਉਸ ਨੂੰ ਸੰਭਾਲਿਆ ਜਾ ਸਕੇ ਅਤੇ ਲੋਕਾਂ ਨੂੰ ਫਿਰ ਤੋਂ ਸ਼ਬਦ-ਗੁਰੂ ਨਾਲ ਜੋੜਿਆ ਜਾਵੇ।

ਮਹਾਨ ਗ੍ਰੰਥ 'ਗੁਰੂ ਗਰੰਥ ਸਾਹਿਬ' ਜੀ ਦੀਆਂ ਧਾਰਮਿਕ ਤੇ ਅਧਿਆਤਮਕ ਸੋਧਾਂ ਤੋਂ ਇਲਾਵਾ ਸਮਾਜਿਕ ਜੀਵਨ ਦੇ ਬਹੁਤ ਸਾਰੇ ਪੱਖਾਂ ਦੀਆਂ ਸੱਚਾਈਆਂ ਬਾਰੇ ਵੀ ਇਸ ਤੋਂ ਸੇਧ ਮਿਲਦੀ ਹੈ, ਜੋ ਅੱਜ ਦੇ ਸਮੇਂ ਵੀ ਪੂਰੀ ਢੁੱਕਦੀ ਹੈ। ਇਸ ਪਦਾਰਥਕ ਯੁੱਗ ਵਿੱਚ ਜਿੱਥੇ ਲੋਕ ਪੈਸੇ ਦੀ ਦੌੜ ਵਿੱਚ ਲੱਗੇ ਹੋਏ ਹਨ, ਨਿੱਕੀ-ਨਿੱਕੀ ਗੱਲ ਤੇ ਸ਼ਹਿਨਸ਼ੀਲਤਾ ਗੁਆ ਬਹਿੰਦੇ ਹਨ, ਉੱਥੇ ਜੇਕਰ ਜ਼ਿੰਦਗੀ ਦੇ ਕੁਝ ਪਲ ਇਸ ਪਵਿੱਤਰ ਬਾਣੀ ਦੇ ਲੇਖੇ ਲਾਉਣ ਤਾਂ ਕੁਝ ਸਕੂਨ ਹਾਸਲ ਕਰ ਸਕਦੇ ਹਨ।

ਇਸ ਉਦੇਸ਼ ਨੂੰ ਮੁੱਖ ਰੱਖ ਕੇ ਮੈਂ ਗੁਰੂ ਹਰ ਰਾਇ ਅਤੇ ਹਰ ਕ੍ਰਿਸ਼ਨ ਸਾਹਿਬ ਜੀ ਦੀ ਸਿੱਖ ਧਰਮ ਨੂੰ ਦੇਣ ਦੇ ਨਾਲ ਬਾਕੀ ਸਿੱਖ ਗੁਰੂਆਂ ਬਾਰੇ ਵੀ ਲਿਖਣ ਦਾ ਮਨ ਬਣਾਇਆ ਬੇਸ਼ੱਕ ਬਾਕੀ ਸਿੱਖ ਗੁਰੂਆਂ ਬਾਰੇ ਮਹਾਨ ਵਿਦਵਾਨਾਂ ਨੇ ਬਹੁਤ ਕੁਝ ਲਿਖ ਕੇ ਉਹਨਾਂ ਦੀ ਜ਼ਿੰਦਗੀ ਦੇ ਸਾਰੇ ਪਹਿਲੂਆਂ ਤੇ ਭਰਪੂਰ ਰੌਸ਼ਨੀ ਪਾਈ ਹੋਈ ਹੈ। ਮੈਂ ਵੀ ਕੁੱਝ ਤੱਥ ਲਿਖ ਕੇ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਿੱਖ ਗੁਰੂਆਂ ਨੇ ਸਾਡੇ ਸਾਹਮਣੇ ਅਜਿਹੇ ਧਰਮ ਦੀ ਸਥਾਪਨਾ ਕੀਤੀ ਹੈ ਜਿਸ 'ਤੇ ਚੱਲ ਕੇ ਮਨੁੱਖ ਇਸ ਧਰਤੀ 'ਤੇ ਆਪਣਾ ਪੰਧ ਸੁਖੇਰਾ ਕਰ ਸਕਦਾ ਹੈ। ਖੋਖਲੇ ਰੀਤੀ ਰਿਵਾਜਾਂ ਤੇ ਕਰਮ-ਕਾਂਡਾ ਤੋਂ ਬਚ ਸਕਦਾ ਹੈ, ਅੱਜ ਦੀ ਕਾਹਲੀ ਤੇ ਭੱਜ ਦੌੜ ਦੀ ਜ਼ਿੰਦਗੀ ਵਿੱਚ ਵੀ ਸਾਵੀਂ ਪੱਧਰੀ ਜ਼ਿੰਦਗੀ ਜਿਉਂ ਸਕਦਾ ਹੈ। ਮਨਮੁਖ ਨਾ ਹੋ ਕੇ ਗੁਰਮੁਖ ਬਣ ਸਕਦਾ ਹੈ। ਆਪਣੀ ਜ਼ਿੰਦਗੀ ਰੌਸ਼ਨ ਕਰ ਸਕਦਾ ਹੈ। ਰੌਸ਼ਨ ਦਿਮਾਗ ਆਦਮੀ ਵਧੀਆ ਸਮਾਜ ਦੀ ਸਿਰਜਣਾ ਕਰਦਾ ਹੈ ਤੇ ਵਧੀਆ ਸਮਾਜ ਧਰਤੀ ਨੂੰ ਸਵਰਗ ਬਣਾ ਸਕਦਾ ਹੈ। ਮੇਰੀ ਇਸ ਕੋਸ਼ਿਸ਼ ਵਿੱਚ ਮੇਰੇ ਪਤੀ ਸ. ਸੁਰਿੰਦਰ ਸਿੰਘ ਨੇ ਮੇਰਾ ਬੜਾ ਸਾਥ ਦਿੱਤਾ ਹੈ। ਉਹਨਾਂ ਦੀ ਮੈਂ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਉਹਨਾਂ ਦੀ ਮਦਦ ਨਾਲ ਹੀ ਇਹ ਕਿਤਾਬ ਛਪ ਸਕੀ ਹੈ। ਮੇਰੇ ਬੱਚਿਆਂ ਹਰਜੀਤ ਸਿੰਘ ਤੇ ਨਵਜੋਤਪਾਲ ਸਿੰਘ ਦੀ ਹੱਲਾ ਸ਼ੇਰੀ ਨੇ ਮੇਰਾ ਹੌਂਸਲਾ ਵਧਾਇਆ।

**ਗੁਰਸ਼ਰਨ ਕੌਰ।**

**26-9-2019**

# ਸਿੱਖ ਧਰਮ

ਸਿੱਖ ਧਰਮ ਅਜੋਕਾ ਅਤੇ ਦੂਸਰੇ ਧਰਮਾਂ ਤੋਂ ਅਲੱਗ ਕਿਸਮ ਦਾ ਧਰਮ ਹੈ, ਜੋ ਗੁਰੂ ਗਰੰਥ ਸਾਹਿਬ ਵਿੱਚ ਸੰਕਲਿਤ ਸਿੱਖਿਆਵਾਂ 'ਤੇ ਅਧਾਰਿਤ ਹੈ। ਦੇਖਿਆ ਗਿਆ ਹੈ ਕਿ ਸਿੱਖ ਧਰਮ ਜ਼ਿੰਦਗੀ ਜਿਊਣ ਦਾ ਰਸਤਾ ਦਿਖਾਉਂਦਾ ਹੈ, ਜ਼ਿੰਦਗੀ ਦੇ ਮਾਅਨੇ ਸਮਝਾਉਦਾਂ ਹੈ, ਸਚਾਈ ਦੇ ਰੂਬਰੂ ਕਰਦਾ ਹੈ ਅਤੇ ਸਧਾਰਣ ਲੋਕਾਂ ਲਈ ਸੁਨੇਹਾ ਵੀ ਦਿੰਦਾ ਹੈ। ਇਹ ਹਿੰਦੂ ਧਰਮ ਤੇ ਇਸਲਾਮ ਤੋਂ ਵੱਖਰਾ ਧਰਮ ਹੈ। ਇਹ ਲੋਕਾਂ ਦਾ ਧਰਮ ਹੈ- ਜਿਸ ਵਿੱਚ ਊਚ-ਨੀਚ, ਭੇਦ-ਭਾਵ, ਆਦਮੀ-ਇਸਤਰੀ, ਜਾਤ-ਪਾਤ ਦੀ ਕੋਈ ਥਾਂ ਨਹੀਂ ਹੈ। ਇਸ ਧਰਮ ਵਿੱਚ ਪ੍ਰਮਾਤਮਾ ਦੀ ਸਰਵਉੱਚਤਾ ਦਾ ਗੁਣਗਾਣ ਕੀਤਾ ਗਿਆ ਹੈ, ਸਾਰੇ ਲੋਕਾਂ ਨੂੰ ਬਰਾਬਰ ਸਮਝਿਆ ਗਿਆ ਹੈ, ਭਾਈਚਾਰੇ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਸਿੱਖ ਧਰਮ ਦੇ ਬਾਨੀ ਅਤੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ-

'ਨਾ ਕੋ ਹਿੰਦੂ ਨਾ ਮੁਸਲਮਾਨ, ਅਲਹਿ ਰਾਮ ਕੇ ਪਿੰਡ ਪੁਰਾਨ'।।

ਇਹ ਇੱਕ ਨਵਾਂ ਧਰਮ ਹੈ ਜਿਸਦੀਆਂ ਅਲੱਗ-ਅਲੱਗ ਰਸਮਾਂ, ਅਲੱਗ-ਅਲੱਗ ਅਵਸਰਾਂ 'ਤੇ ਨਿਭਾਈਆਂ ਜਾਂਦੀਆਂ ਹਨ। ਇਸ ਧਰਮ ਨੇ ਵੱਖ-ਵੱਖ ਪੜਾਵਾਂ ਵਿੱਚੋਂ ਗੁਜ਼ਰ ਕੇ , ਵਿਕਸਿਤ ਹੋ ਕੇ, ਖਾਸ ਕਿਸਮ ਦੀ ਸੋਚ ਤੇ ਦਾਰਸ਼ਕਿਤਾ ਆਪਣਾ ਲਈ ਹੈ ਜਿਸ 'ਤੇ ਅਮਲ ਕਰਕੇ ਸਿੱਖ ਅਧਿਆਤਮਕਵਾਦ ਨੂੰ ਸਮਝਿਆ ਤੇ ਪਰਖਿਆ ਜਾ ਸਕਦਾ ਹੈ। ਇਸਦੀ ਸੋਚ ਦਾ ਅਧਾਰ ਗੁਰੂ ਤੇ ਸਿੱਖ ਦੀ ਪਰੰਪਰਾ ਹੈ। ਗੁਰੂ ਦੇ ਰਾਹੀਂ ਹੀ ਸੱਚੇ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਸੱਚਾ ਗੁਰੂ ਆਪਣੀ ਪੂਰੀ ਵਾਹ ਲਾ ਕੇ ਆਪਣੇ ਚੇਲੇ ਦੀ ਜ਼ਿੰਦਗੀ ਵਿੱਚ ਪੂਰਨਤਾ ਲਿਆਉਂਦਾ ਹੈ। ਚੇਲਾ ਸੱਚਾਈ ਦੇ ਮਾਰਗ 'ਤੇ ਚੱਲਦਾ ਹੋਇਆ ਅਧਿਆਤਮਕਵਾਦ ਵੱਲ ਵਧਦਾ ਹੈ ਅਤੇ ਪ੍ਰਮਾਤਮਾ ਨਾਲ ਉਸਦਾ ਮੇਲ ਹੁੰਦਾ ਹੈ। ਇੱਥੇ ਆ ਕੇ ਸਾਰੇ ਭੇਦ-ਭਾਵ ਮਿਟ ਜਾਂਦੇ ਹਨ ਤੇ ਮਨ ਸ਼ਾਂਤ ਹੋ ਜਾਂਦਾ ਹੈ। ਇਹ ਪਰਮ-ਅਨੰਦ ਦੀ ਸਥਿਤੀ ਕਹੀ ਗਈ ਹੈ।

ਸਿੱਖ ਧਰਮ ਵਿੱਚ 'ਪ੍ਰਮਾਤਮਾ ਇੱਕ ਹੈ' ਮੰਨਿਆ ਗਿਆ ਹੈ। ਉਹੀ ਸਾਰੇ ਸੰਸਾਰ ਦੀ ਤਾਕਤ ਦਾ ਸੋਮਾ ਹੈ ਅਤੇ ਪ੍ਰਮਾਤਮਾ ਤੋਂ ਬਿਨਾਂ ਮਨੁੱਖ ਕੁਝ ਵੀ ਨਹੀਂ ਹੈ। ਉਹ ਜਲ-ਥਲ, ਜੀਵ-ਜੰਤੂ ਸਭ ਦਾ ਸਿਰਜਣਹਾਰ ਹੈ ਅਤੇ ਪਾਲਣਹਾਰ ਹੈ।

ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਸ ਦਾ ਕੋਈ ਅਕਾਰ ਨਹੀਂ, ਉਹ ਨਿਰਭਉ ਹੈ, ਉਸ ਦਾ ਕਿਸੇ ਨਾਲ ਵੈਰ ਨਹੀਂ। ਉਹ ਹਮੇਸ਼ਾ ਸੱਚ ਹੈ ਤੇ ਸੱਚ ਹੀ ਰਹੇਗਾ। ਉਸ ਦੇ ਹੁਕਮ ਤੋਂ ਬਿਨਾਂ ਪੱਤਾ ਨਹੀਂ ਹਿਲਦਾ। ਉਹ ਸਭ ਜੀਆਂ ਦਾ ਦਾਤਾ ਹੈ ਅਤੇ ਦਿਆਲੂ ਤੇ ਸਰਵ-ਵਿਆਪਕ ਹੈ।

ਸਿੱਖ ਧਰਮ ਵਿੱਚ ਪ੍ਰਮਾਤਮਾ ਨੂੰ ਕੇਂਦਰ ਬਿੰਦੂ ਮੰਨਿਆ ਗਿਆ ਹੈ, ਦੂਸਰੇ ਧਰਮਾਂ ਵਿੱਚ ਦੇਵੀ ਦੇਵਤੇ, ਭੂਤ-ਪ੍ਰੇਤ ਤੇ ਰੂਹਾਂ ਆਦਿ ਨੂੰ ਮਾਨਤਾ ਦਿੱਤੀ ਜਾਂਦੀ ਹੈ ਜਦਕਿ ਸਿੱਖ ਧਰਮ ਵਿੱਚ ਇਹ ਸਭ ਕੁਝ ਵਰਜਿਤ ਹੈ। ਰਸਮ ਰਿਵਾਜ, ਵਰਤ ਅਤੇ ਜਾਦੂ ਆਦਿ ਦੀ ਸਿੱਖ ਧਰਮ ਵਿੱਚ ਮਾਨਤਾ ਨਹੀਂ ਹੈ। ਇਸ ਧਰਮ ਦਾ ਮੂਲ ਉਦੇਸ਼ ਚੰਗੇ ਕੰਮਾਂ ਅਤੇ ਸਦਾਚਾਰੀ ਜੀਵਨ ਜੀ ਕੇ ਮਨੁੱਖਤਾ ਦਾ ਭਲਾ ਕਰਨਾ ਹੈ। ਸਿੱਖ ਸੱਚੇ ਮਾਰਗ 'ਤੇ ਚੱਲਦਿਆਂ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਰਹਿੰਦਾ ਹੈ। ਪ੍ਰਭੂ ਦਾ ਸਿਮਰਨ ਕਿਸੇ ਵੇਲੇ ਵੀ ਕੀਤਾ ਜਾ ਸਕਦਾ ਹੈ, ਕਿਸੇ ਇਕਾਂਤ ਵਿੱਚ ਜਾਣ ਦੀ ਲੋੜ ਨਹੀਂ। ਪ੍ਰਮਾਤਮਾ ਸਭ ਦੇ ਦਿਲ ਵਿੱਚ ਵਸਦਾ ਹੈ ਅਤੇ ਸਿੱਖ ਆਪਣੇ ਦਿਲ ਵਿੱਚ ਉਸਦਾ ਨਾਮ ਜਪ ਸਕਦਾ ਹੈ। ਉਸਦੇ ਲਈ ਉੱਚੀ-ਉੱਚੀ ਮੰਤਰ ਪੜ੍ਹਨ ਦੀ ਲੋੜ ਨਹੀਂ। ਸਿਰਜਣਹਾਰ ਵਿਆਪਕ ਹੈ, ਉਸ ਵਿੱਚ ਵਿਸ਼ਵਾਸ਼ ਰੱਖ ਕੇ ਮਨੁੱਖਤਾ ਦੀ ਸੇਵਾ ਕਰਕੇ, ਜੀਵਾਂ 'ਤੇ ਦਯਾ ਕਰਕੇ ਤੁਸੀਂ ਉਸਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹੋ। ਸਿੱਖ ਧਰਮ ਵਿੱਚ ਪ੍ਰਮਾਤਮਾ ਨੂੰ ਪਾਉਣ ਲਈ ਚੰਗੇ ਕਰਮ ਕਰਨ ਦੀ ਜ਼ਰੂਰਤ ਹੈ।

ਸਿੱਖ ਧਰਮ ਦੇ ਮੋਢੀ ਬਾਬਾ ਨਾਨਕ ਨੇ ਸਿੱਖ ਨੂੰ ਤਿੰਨ ਚੀਜ਼ਾ- ਕਰਮ ਕਰੋ, ਵੰਡ ਛਕੋ ਅਤੇ ਨਾਮ ਜਪੋ ਦੀ ਪਾਲਣਾ ਕਰਨ ਲਈ ਕਿਹਾ। ਸਿੱਖ ਨੂੰ ਪ੍ਰਭੂ ਨੂੰ ਲੱਭਣ ਲਈ ਨੇਕ ਕੰਮ ਕਰਨੇ, ਧਨ ਕਮਾਉਣਾ ਚਾਹੀਦਾ ਹੈ, ਭੋਜਨ ਲੋੜਵੰਦ ਨਾਲ ਵੰਡ ਕੇ ਖਾਣਾ ਚਾਹੀਦਾ ਹੈ ਅਤੇ ਸੱਚੇ ਰੱਬ ਦਾ ਜਾਪ ਕਰਨਾ ਚਾਹੀਦਾ ਹੈ। ਮਿਹਨਤ ਤੇ ਇਮਾਨਦਾਰੀ ਨਾਲ ਕੀਤਾ ਕੰਮ ਹੀ ਗੁਰੂ ਨੂੰ ਖੁਸ਼ ਕਰਦਾ ਹੈ। ਅਜਿਹੇ ਸਿੱਖਾਂ 'ਤੇ ਹੀ ਪ੍ਰਭੂ ਦੀ ਨਿਗਾ ਸਵੱਲੀ ਹੁੰਦੀ ਹੈ, ਉਹ ਸਹੀ ਰਸਤੇ 'ਤੇ ਚੱਲ ਕੇ ਪ੍ਰਮਾਤਮਾ ਦੇ ਬਣਦੇ ਹਨ। ਇਸ ਤਰਾਂ ਦਾ ਸੱਚਾ ਸਿੱਖ ਜੋ ਪ੍ਰਭੂ ਦਾ ਆਗਿਆਕਾਰ ਹੁੰਦਾ ਹੈ, ਗੁਰੂ ਦੇ ਦਰਸਾਏ ਮਾਰਗ 'ਤੇ ਚੱਲਦਾ ਹੈ, ਨੈਤਿਕ ਕਦਰਾਂ-ਕੀਮਤਾਂ ਦਾ ਹਾਮੀ ਹੁੰਦਾ ਹੈ, ਉਹੀ ਪ੍ਰਮਾਤਮਾ ਨੂੰ ਪਾ ਸਕਦਾ ਹੈ।

ਸਿੱਖ ਧਰਮ ਵਿੱਚ ਪ੍ਰਭੂ-ਪ੍ਰਾਪਤੀ ਲਈ ਜੰਗਲਾਂ ਵਿੱਚ ਜਾ ਕੇ ਧੂਣਾ ਲਾਉਣਾ ਜਾਂ ਸੰਸਾਰ ਦਾ ਤਿਆਗ ਕਰਨ ਦੀ ਕੋਈ ਲੋੜ ਨਹੀਂ। ਪ੍ਰਭੂ ਦੀ ਵਡਿਆਈ ਤੇ ਮਹਿਮਾ ਤੋਂ ਜਾਣੂ ਵਿਅਕਤੀ ਨਿਮਰਤਾ ਨਾਲ ਪ੍ਰਾਰਥਨਾ ਕਰਦਾ ਹੈ, ਘੁਮੰਡੀ ਨਹੀਂ ਹੁੰਦਾ, ਪ੍ਰਭੂ ਦੀਆਂ ਬੰਦਿਸ਼ਾਂ ਤੋਂ ਜਾਣੂ ਹੁੰਦਾ ਹੈ ਅਤੇ ਸੱਚੇ ਤੇ ਪਵਿੱਤਰ ਮਨ ਨਾਲ ਸੱਚੇ ਰੱਬ ਦੇ ਨੇੜੇ ਹੁੰਦਾ ਹੈ। ਸੱਚਾ ਸਿੱਖ ਆਦਰਸ਼ ਸਮਾਜ ਦਾ ਨਰੋਆ ਅੰਗ ਹੁੰਦਾ

ਹੈ। ਉਹ ਨੈਤਿਕ ਅਤੇ ਅਧਿਆਤਮਕ ਤੌਰ 'ਤੇ ਮਹਾਨ ਹੁੰਦਾ ਹੈ ਅਤੇ ਆਤਮਿਕ ਅਨੰਦ ਦੀ ਪ੍ਰਾਪਤੀ ਕਰਕੇ ਧੰਨ ਹੁੰਦਾ ਹੈ।

ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਦੁਆਰਾ ਲਾਇਆ ਇਹ ਬੂਟਾ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਇੱਕ ਦਰਖ਼ਤ ਦਾ ਰੂਪ ਲੈ ਚੁੱਕਿਆ ਸੀ। ਦੂਸਰੇ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਨੌਵੇਂ ਗੁਰੂ ਤੇਗ ਬਹਾਦਰ ਤੱਕ ਸਾਰੇ ਗੁਰੂਆਂ ਨੇ ਇਸ ਸਿੱਖੀ ਦੇ ਬੂਟੇ ਨੂੰ ਸਿੰਜਿਆ ਇਸ ਦੀ ਸਾਂਭ ਸੰਭਾਲ ਕੀਤੀ, ਇਸਦਾ ਪ੍ਰਚਾਰ ਕੀਤਾ ਇੱਥੋਂ ਤੱਕ ਕਿ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਦੀ ਰਖਵਾਲੀ ਲਈ ਕੁਰਬਾਨੀ ਦੇਣੀ ਪਈ, ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਸਿੱਖ ਧਰਮ ਨੂੰ ਪ੍ਰਫੁੱਲਤ ਕੀਤਾ। ਉਹਨਾਂ ਦੇ ਵਡਮੁੱਲੇ ਯਤਨਾਂ ਦੀ ਜਿਤਨੀ ਸ਼ਲਾਘਾ ਕੀਤੀ ਜਾਵੇ, ਥੋੜੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਰੇ ਪਰਿਵਾਰ ਪਿਤਾ, ਮਾਤਾ, ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਦਿੱਤੀ ਪਰ ਸਿੱਖ-ਧਰਮ ਦੀ ਰਖਵਾਲੀ ਕੀਤੀ। ਉਹਨਾਂ ਨੇ 1699 ਈ. ਵਿੱਚ 'ਖਾਲਸਾ' ਸਿਰਜ ਕੇ ਸਿੱਖਾਂ ਨੂੰ ਇੱਕ ਵੱਖਰੀ ਕੌਮ ਦਾ ਦਰਜਾ ਦਿੱਤਾ। ਉਹ ਕੌਮ ਜਿਹੜੀ ਚਿੜੀਆਂ ਤੋਂ ਬਾਜਾਂ ਨੂੰ ਤੁੜਵਾ ਸਕਦੀ ਸੀ, ਮਤਲਬ ਮਾੜੇ ਮਜਲੂਮਾਂ ਨੂੰ ਇੰਨਾ ਬਹਾਦਰ ਬਣਾ ਸਕਦੀ ਸੀ ਤਾਂ ਕਿ ਉਹ ਆਪਣੀ ਰਾਖੀ ਕਰਨ ਦੇ ਨਾਲ ਕਮਜ਼ੋਰਾਂ ਦੀ ਵੀ ਰੱਖਿਆ ਕਰ ਸਕੇ। ਸੱਚੇ ਸਿੱਖ ਨੂੰ ਸਿੱਖ ਧਰਮ ਦੇ ਸਿਧਾਂਤਾ 'ਤੇ ਚੱਲਣ ਮਨ ਤੇ ਆਤਮਾ ਦੀ ਸ਼ੁੱਧਤਾ, ਗਊ ਗਰੀਬ ਦੀ ਰੱਖਿਆ ਕਰਨ ਵਾਲਾ ਜਾਗ੍ਰਿਤ ਇਨਸਾਨ ਮੰਨਿਆ ਜਾਂਦਾ ਹੈ। ਸਿੱਖ ਧਰਮ ਵਿੱਚ ਅਨੁਸ਼ਾਸਨ ਦਾ ਬੜਾ ਮਹੱਤਵ ਹੈ। ਜਿਸਦੇ ਅਨੁਸਾਰ ਸਵੇਰੇ ਉੱਠ ਕੇ ਇਸ਼ਨਾਨ, ਨਾਮ ਜਪਣ, ਮਿਹਨਤ ਤੇ ਇਮਾਨਦਾਰੀ ਨਾਲ ਕਮਾਈ ਕਰਨੀ ਲੋੜਵੰਦਾਂ ਤੇ ਕਮਜ਼ੋਰਾਂ ਦੀ ਮਦਦ ਕਰਨੀ, ਇਸਤਰੀਆਂ ਦਾ ਸਤਿਕਾਰ ਅਤੇ ਸਦਾਚਾਰ ਸ਼ਾਮਲ ਹਨ। ਪ੍ਰਮਾਤਮਾ ਦੀ ਸ਼ਰਧਾ ਤੋਂ ਪ੍ਰੇਰਿਤ ਹੋ ਕੇ ਉਸਦੀ ਉਸਤਤ ਦਾ ਗਾਇਨ ਕਰਨਾ, ਉਸਦੀ ਪ੍ਰੇਮ ਭਗਤੀ ਵਿੱਚ ਲੀਨ ਹੋ ਕੇ ਉਸ ਇਕ ਪ੍ਰਮਾਤਮਾ ਦਾ ਜਾਪ ਕਰਨਾ, ਗਲਤੀ ਨਾਲ ਵੀ ਮੰਦਰਾਂ, ਮਸਜਿਦਾਂ, ਪੂਜਾ ਸਥਾਨਾਂ ਤੇ ਵਰਤ ਆਦਿ ਨਾਂ ਕਰਨਾ ਸਗੋਂ ਰੌਸ਼ਨ-ਦਿਮਾਗ ਆਦਮੀ ਵਾਂਗੂ ਵਿਚਰਨਾ ਹੀ ਸੱਚੇ ਸਿੱਖ ਦੀ ਨਿਸ਼ਾਨੀ ਹੈ। ਸਿੱਖ ਧਰਮ ਵਿੱਚ ਇੱਕ ਓਂਕਾਰ ਦਾ ਉਪਦੇਸ਼ ਦਿੰਦਿਆਂ ਗੁਰੂ ਨਾਨਕ ਜੀ ਨੇ ਕਿਹਾ ਕਿ ਸਾਰੀ ਮਨੁੱਖਤਾ ਇੱਕ ਪ੍ਰਭੂ ਦੀ ਸਿਰਜੀ ਹੈ, ਏਕ ਪਿਤਾ ਏਕਸ ਕੇ ਹਮ ਬਾਰਕ ਜਿਸ ਅਨੁਸਾਰ ਸਾਰੀ ਸ੍ਰਿਸ਼ਟੀ ਇੱਕ ਪ੍ਰਮਾਤਮਾ ਨੇ ਸਿਰਜੀ ਹੈ ਅਤੇ ਇਸ ਸਾਂਝੀਵਾਲਤਾ ਨੂੰ ਪੁਗਾਉਣਾ ਹੀ ਮਨੁੱਖ ਦਾ ਪਰਮ-ਧਰਮ ਹੈ।

ਸਿੱਖ ਧਰਮ ਵਿੱਚ ਬੌਧਿਕਤਾ ਅਤਿ ਜ਼ਰੂਰੀ ਹੈ ਅਤੇ ਸਿੱਖ ਦਾ ਮਨ ਹਮੇਸ਼ਾ ਜਾਨਣ ਦੀ ਇੱਛਾ ਰੱਖਣ ਵਾਲਾ ਹੁੰਦਾ ਹੈ ਤਾਂ ਜੋ ਉਹ ਆਪਣੇ ਆਪ ਨੂੰ ਅਤੇ

ਆਪਣੇ ਆਲੇ-ਦੁਆਲੇ ਦੇ ਵਰਤਾਰਿਆਂ ਨੂੰ ਸਮਝ ਸਕੇ। ਅਜਿਹਾ ਆਦਮੀ ਹੀ ਸਿੱਖ ਧਰਮ ਦੇ ਫਲਸਫੇ ਨੂੰ ਸਮਝ ਕੇ ਗੁਰਬਾਣੀ ਦੀ ਵਿਆਖਿਆ ਕਰ ਸਕਦਾ ਹੈ। ਸਿੱਖ ਧਰਮ ਵਿੱਚ ਸੱਚਾਈ ਤੇ ਸੱਚੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਗਈ ਹੈ-

'ਸਚੋ ਉਪਰ ਸਭ ਕੋ ਉਪਰ ਸੱਚਾ ਆਚਾਰ॥'

ਸਿੱਖ ਸੱਚ ਦੇ ਰਾਹ ਉੱਤੇ ਚੱਲਦਾ ਹੈ ਅਤੇ ਉਸਦਾ ਆਚਰਣ ਸ਼ੁੱਧ ਹੁੰਦਾ ਹੈ। ਇਸ ਲਈ ਹੀ ਦੂਜਿਆਂ ਦਾ ਮਾਰਗ ਦਰਸ਼ਕ ਬਣ ਸਕਦਾ ਹੈ। ਇਸ ਸ਼ੁੱਧਤਾ ਲਈ ਉਸਨੂੰ ਭਗਤੀ ਕਰਨ ਦੀ ਲੋੜ ਹੈ। ਸੱਚੇ ਪ੍ਰਮਾਤਮਾ ਦੀ ਭਗਤੀ ਕਰਨ ਨਾਲ ਹੀ ਪ੍ਰਭੂ ਤੱਕ ਪਹੁੰਚਿਆ ਜਾ ਸਕਦਾ ਹੈ। ਇਸ ਭਗਤੀ ਵਿੱਚ ਉਸਨੂੰ ਵਣਾਂ ਵਿੱਚ ਜਾ ਕੇ ਤਪੱਸਿਆ ਕਰਨ ਦੀ ਲੋੜ ਨਹੀਂ ਹੁੰਦੀ ਹੈ। ਆਦਮੀ ਆਪਣੀ ਘਰ-ਗ੍ਰਹਿਸਥੀ ਨੂੰ ਨਿਭਾਉਂਦਾ ਹੋਇਆ ਆਪਣੇ ਸੱਚੇ ਆਚਾਰ-ਵਿਵਹਾਰ ਤੇ ਪ੍ਰਭੂ ਦੇ ਦੱਸੇ ਹੋਏ ਰਸਤੇ 'ਤੇ ਜਾ ਕੇ ਵੀ ਭਗਤੀ ਕਰ ਸਕਦਾ ਹੈ। ਸਿੱਖ ਧਰਮ ਵਿੱਚ ਬੁੱਤ ਪੂਜਾ, ਵਹਿਮ-ਭਰਮ, ਪਾਖੰਡ, ਸ਼ਰਾਬ ਆਦਿ ਨਸ਼ਿਆਂ ਦੀ ਵਰਤੋਂ, ਕੁੜੀ ਮਾਰਨਾ, ਆਦਿ ਬੁਰਾਈਆਂ ਦਾ ਸਖਤ ਵਿਰੋਧ ਕੀਤਾ ਗਿਆ ਹੈ। ਇਸ ਧਰਮ ਵਿੱਚ ਸੱਚਾਈ, ਇਮਾਨਦਾਰੀ ਨੈਤਿਕ ਕਦਰਾਂ-ਕੀਮਤਾਂ ਕਾਇਮ ਕਰਨੀਆਂ ਤੇ ਸਦਾਚਾਰ ਨੂੰ ਮਹੱਤਤਾ ਦਿੱਤੀ ਗਈ ਹੈ। ਸੱਚੇ ਵਿਅਕਤੀ ਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ ਹੁੰਦੀ, ਕਿਉਂਕਿ ਉਹ ਪ੍ਰਮਾਤਮਾ ਦਾ ਪਿਆਰਾ ਹੁੰਦਾ ਹੈ ਅਤੇ ਪ੍ਰਭੂ ਆਪਣੇ ਪਿਆਰਿਆਂ ਦੇ ਹਮੇਸ਼ਾ ਅੰਗ-ਸੰਗ ਹੁੰਦਾ ਹੈ।

ਸਿੱਖ ਵਿਚਾਰਧਾਰਾ ਨਿਰੰਤਰ ਪ੍ਰਵਾਹ ਹੈ। ਸੰਸਾਰ ਦੇ ਸਾਰੇ ਕੋਨਿਆਂ ਵਿੱਚ ਜਿੱਥੇ ਵੀ ਸਿੱਖ ਗਏ ਹਨ ਜਾਂ ਵਸਦੇ ਹਨ, ਇਸ ਵਿਚਾਰਧਾਰਾ ਨੂੰ ਮਾਨਤਾ ਮਿਲੀ ਹੈ। ਪਿਛਲੀਆਂ ਪੰਜ ਸਦੀਆਂ ਤੋਂ ਵੱਖ-ਵੱਖ ਪੜਾਵਾਂ ਵਿੱਚੋਂ ਲੰਘਕੇ ਧਰਮ ਨੇ ਸਫਲਤਾਪੂਰਵਕ ਆਪਣਾ ਸਫਰ ਤੈਅ ਕੀਤਾ ਹੈ। ਇਸ ਧਰਮ ਨੇ ਅਨੇਕਾਂ ਵਿਦਵਾਨ, ਸੂਰਬੀਰ, ਵਿਗਿਆਨੀ, ਲਿਖਾਰੀ, ਕਲਾਕਾਰ ਪ੍ਰਬੰਧਕਾਂ ਤੇ ਜੱਜਾਂ ਨੂੰ ਪੈਦਾ ਕੀਤਾ ਹੈ। ਸਿੱਖ ਧਰਮ ਵਿੱਚ ਵਿਅਕਤੀ ਆਪਣੇ ਕੀਤੇ ਹੋਏ ਕਰਮਾਂ (ਕੰਮਾਂ) ਦੁਆਰਾ ਪਛਾਣਿਆ ਜਾਂਦਾ ਹੈ ਨਾ ਕਿ ਜਾਤ ਜਾਂ ਰੰਗ ਦੇ ਅਧਾਰ 'ਤੇ ਉਸਦੀ ਪਹਿਚਾਣ ਹੈ। ਸਿੱਖ ਧਰਮ ਵਿੱਚ ਹੀ ਮਨੁੱਖਤਾ ਨੂੰ ਪ੍ਰਮੁਖਤਾ ਦਿੱਤੀ ਗਈ ਹੈ-

'ਸਭੈ ਸਾਂਝੀ ਵਾਲ ਸਦਾਇਣ, ਕੋਇ ਨਾ ਦਿਸੈ ਬਾਹਰਾ ਜੀਓ॥'

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਪੰਜਾਬ ਮਾੜੇ ਹਾਲਾਤ ਵਿੱਚੋਂ ਲੰਘ ਰਿਹਾ ਸੀ। ਪੰਜਾਬ ਦੀ ਰਾਜਨੀਤਕ, ਸਮਾਜਿਕ, ਆਰਥਿਕ ਤੇ ਧਾਰਮਿਕ ਹਾਲਤ ਨਿੱਘਰ ਚੁੱਕੀ ਸੀ। ਤੈਮੂਰ ਦੇ ਹਮਲਿਆਂ ਨੇ ਰਾਜ ਦੀ ਜਨਤਾ ਨੂੰ ਆਰਥਿਕ ਤੌਰ 'ਤੇ ਕੰਗਾਲ ਕਰ ਦਿੱਤਾ ਸੀ। ਲੋਧੀ ਵੰਸ਼ ਜੋ ਉਸ ਸਮੇਂ ਪੰਜਾਬ

ਉੱਪਰ ਕਾਬਜ਼ ਸੀ ਤੈਮੂਰ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ। ਰਾਜ ਵਿੱਚ ਅਰਾਜਕਤਾ ਦਾ ਮਾਹੌਲ ਸੀ। ਸਮਾਜ ਦੀ ਵਰਗ ਵੰਡ ਨੇ ਲੋਕਾਂ ਨੂੰ ਬੁਰੀ ਤਰਾਂ ਉੱਚੀਆਂ ਨੀਵੀਆਂ ਸ਼੍ਰੇਣੀਆਂ ਵਿੱਚ ਵੰਡ ਦਿੱਤਾ ਸੀ। ਧਾਰਮਿਕ ਤੌਰ 'ਤੇ ਦੇਸ਼ ਹੋਰ ਵੀ ਮਾੜੇ ਦੌਰ ਵਿੱਚੋਂ ਲੰਘ ਰਿਹਾ ਸੀ। ਹਿੰਦੂ ਧਰਮ ਦੀਆਂ ਸਖ਼ਤ ਹਦਾਇਤਾਂ ਨੇ ਹਿੰਦੂਆਂ ਨੂੰ ਇੱਕ ਖਾਸ ਸੀਮਾ ਵਿੱਚ ਬੰਨਿਆ ਹੋਇਆ ਸੀ। ਮੁਸਲਮਾਨਾਂ ਦਾ ਰਾਜ ਹੋਣ ਕਰਕੇ ਉਹਨਾਂ ਨੂੰ ਖਾਸ ਰਿਆਇਤਾਂ ਮਿਲੀਆਂ ਹੋਈਆਂ ਸਨ। ਬਾਬੇ ਨਾਨਕ ਨੇ ਇਸੇ ਮਾਹੌਲ ਬਾਰੇ ਕਿਹਾ,

'ਕਲਕਾਤੀ ਕਸਾਈ ਰਾਜੇ ਧਰਮ ਪੰਖ ਕਰ ਉਡਰਿਆ
ਕੂੜ ਅਮਾਵਸ ਸੱਚ ਚੰਦਰਮਾ, ਦੀਸੈ ਨਾਹੀ ਕੈ ਚੜ੍ਹਿਆ।।'

ਇਸ ਤਰਾਂ ਦੇ ਬੁਰੇ ਹਾਲਾਤਾਂ ਵਿੱਚ ਦੇਸ਼ ਵਿੱਚ ਭਗਤੀ ਲਹਿਰ ਵੀ ਚੱਲ ਰਹੀ ਸੀ। ਜਿਸ ਵਿੱਚ ਸਮਾਜ ਸੁਧਾਰਕ ਕੁੱਝ ਸੂਫੀ ਸੰਤ, ਭਗਤ ਕਬੀਰ, ਬੁੱਲੇ ਸ਼ਾਹ, ਰਵੀਦਾਸ, ਮੀਰਾ ਤੇ ਤੁਲਸੀਦਾਸ ਆਦਿ ਆਪਣੇ ਸ਼ਬਦਾਂ 'ਤੇ ਭਜਨਾਂ ਰਾਹੀਂ ਦੇਸ਼ ਵਿੱਚ ਪ੍ਰਮਾਤਮਾ ਦੀ ਭਗਤੀ ਦਾ ਗੁਣਗਾਨ ਕਰ ਰਹੇ ਸਨ। ਇਹੋ ਜਿਹੇ ਸਮੇਂ ਵਿੱਚ ਸਿੱਖ ਧਰਮ ਦਾ ਉੱਥਾਨ ਹੋਇਆ। ਪੰਜਾਬ ਇਸ ਧਰਮ ਦਾ ਕੇਂਦਰ ਬਿੰਦੂ ਸੀ। ਇਸ ਧਰਮ ਨੇ ਜਿੱਥੇ ਨਿਮਾਣਿਆਂ ਤੇ ਨਿਤਾਣਿਆਂ ਨੂੰ ਮਾਣ ਤੇ ਤਾਣ ਬਖਸ਼ਿਆ ਉੱਥੇ 'ਸਰਬੱਤ ਦਾ ਭਲਾ' ਤੇ ਸਰਵ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਉਸ ਸਮੇਂ ਇਹੋ ਜਿਹੇ ਧਰਮ ਦੀ ਬਹੁਤ ਜ਼ਰੂਰਤ ਸੀ ਜਿਸਨੇ ਆਮ ਜਨ-ਸਧਾਰਨ ਨੂੰ ਗਲ ਨਾਲ ਲਾਇਆ ਉਹਨਾਂ ਨੂੰ ਸੇਧ ਦਿੱਤੀ। ਸਿੱਖ ਧਰਮ ਵਿੱਚ ਇੱਕ ਓਂਕਾਰ ਸ਼ਬਦ ਦੀ ਬੜੀ ਮਹੱਤਤਾ ਹੈ ਜਿਸ ਦੇ ਰਾਹੀਂ ਮਨੁੱਖ ਸੱਚੇ ਪ੍ਰਭੂ ਨੂੰ ਪਾ ਸਕਦਾ ਹੈ, ਉਸਦੀ ਭਗਤੀ ਕਰ ਸਕਦਾ ਹੈ, ਉਸਦੀ ਉਸਤਤ ਕਰ ਸਕਦਾ ਹੈ ਅਤੇ ਉਸਤੋਂ ਬਖਸ਼ਿਸ਼ਾਂ ਪਾ ਸਕਦਾ ਹੈ। ਸਿੱਖ ਧਰਮ ਵਿੱਚ ਪ੍ਰਭੂ ਨੂੰ ਨਿਰਾਕਰ, ਨਿਰਭਉ ਤੇ ਨਿਰਵੈਰ ਮੰਨਿਆ ਗਿਆ ਹੈ, ਜਿਸਨੂੰ ਸੱਚੇ ਅਮਲਾਂ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਪ੍ਰਮਾਤਮਾ ਸਰਵ-ਸ਼ਕਤੀਮਾਨ ਹੈ, ਸਭ ਦਾ ਪਾਲਣਹਾਰ ਹੈ, ਸੱਚੇ ਦੀ ਬੇਨਤੀ ਸੁਣਦਾ ਹੈ ਅਤੇ ਨਿਓਟਿਆਂ ਦੀ ਓਟ ਬਣਦਾ ਹੈ। ਸਿੱਖ ਧਰਮ ਵਿੱਚ ਵਹਿਮਾਂ-ਭਰਮਾਂ ਲਈ ਕੋਈ ਥਾਂ ਨਹੀਂ, ਕੋਈ ਮਹਿੰਗੇ ਚੜ੍ਹਾਵਿਆਂ ਦੀ ਲੋੜ ਨਹੀਂ, ਕੰਮ ਕਾਰ ਛੱਡ ਕੇ ਯੋਗੀ ਹੋਣ ਦੀ ਲੋੜ ਨਹੀਂ। ਉਹ ਤਾਂ

'ਹਸੰਦਿਆਂ, ਖੇਲਦਿੰਆਂ, ਪੈਨੰਦਿਆਂ ਖਾਵੰਦਿਆਂ ਵਿਚੇ ਹੋਵੇ ਮੁਕਤਿ।।'

ਦੀ ਧਾਰਨਾ 'ਤੇ ਅਧਾਰਿਤ ਹੈ। ਸੱਚੇ ਮਨ ਨਾਲ ਨਾਮ ਜਪਣ ਵਾਲਿਆਂ ਦੇ ਪ੍ਰਭੂ ਹਮੇਸ਼ਾ ਸੰਗ ਰਹਿੰਦਾ ਹੈ। ਸਿੱਖ ਧਰਮ ਦਾ ਅਨੁਆਈ ਗੁਰਮੁਖ ਕਹਾਉਂਦਾ ਹੈ ਜੋ ਸੱਚੇ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਰਹਿੰਦਾ ਹੈ ਕਿਸੇ ਨਾਲ ਵੈਰ-ਵਿਰੋਧ,ਊਚ-ਨੀਚ,

ਧੋਖਾ-ਧੜੀ ਜਾਂ ਬੇਈਮਾਨੀ ਨਹੀਂ ਕਰਦਾ। ਉਹ ਸਮਾਜ ਵਿੱਚ ਉੱਚਾ ਹੁੰਦਾ ਹੋਇਆ ਵੀ ਹਲੀਮੀ ਨਾਲ ਵਿਚਰਦਾ ਹੈ, ਕਦੇ ਹੰਕਾਰ ਨਹੀਂ ਕਰਦਾ ਅਤੇ ਲੋਕਾਂ ਦੇ ਸਤਿਕਾਰ ਦਾ ਪਾਤਰ ਬਣਦਾ ਹੈ-

'ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ।।'

ਸਿੱਖ ਧਰਮ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਸਿੱਖਾਂ ਸੂਰਬੀਰਾਂ ਨੇ ਕੁਰਬਾਨੀਆਂ ਦਿੱਤੀਆਂ ਪਰ ਸਿੱਖੀ ਸਿਦਕ ਨਹੀਂ ਹਾਰਿਆ। ਸ਼ਹੀਦ ਭਾਈ ਮਨੀ ਸਿੰਘ, ਤਾਰੂ ਸਿੰਘ ਵਰਗਿਆਂ ਨੇ ਬੰਦ-ਬੰਦ ਕਟਵਾ ਲਿਆ ਪਰ ਡੋਲੇ ਨਹੀਂ। ਸਿੱਖ ਸਿੰਘਣੀਆਂ ਵੀ ਸ਼ਹਾਦਤ ਦੇਣ ਵਾਲਿਆਂ ਵਿੱਚ ਖਾਸ ਸਥਾਨ ਰੱਖਦੀਆਂ ਹਨ। ਉਹਨਾਂ ਨੇ ਆਪਣੇ ਬੱਚਿਆਂ ਦੇ ਟੁਕੜੇ ਕਰਵਾਏ ਉਹਨਾਂ ਦੇ ਹਾਰ ਬਣਾ ਕੇ ਗਲਾਂ ਵਿੱਚ ਪਵਾਏ ਪਰ ਸਿੱਖੀ ਸ਼ਾਨ ਤੇ ਆਨ ਤੇ ਕੋਈ ਆਂਚ ਨਹੀਂ ਆਉਣ ਦਿੱਤੀ। ਉਹਨਾਂ ਮਰਜੀਵੜਿਆਂ ਦੀਆਂ ਕੁਰਬਾਨੀਆਂ ਸਦਕਾ ਸਿੱਖੀ ਦਾ ਇਹ ਬੂਟਾ ਪ੍ਰਫੁਲਿਤ ਹੋਇਆ ਅਤੇ ਸਾਰੇ ਸੰਸਾਰ ਦੀ ਰਹਿਨੁਮਾਈ ਕਰਨ ਲੱਗਾ।

ਸਿੱਖ 'ਧਰਮ ਦੇ ਸਿਧਾਂਤ ਬੜੇ ਸਰਲ ਤੇ ਸੌਖੇ ਹਨ। ਇਹ ਲੋਕਾਂ ਦੀ ਆਪਣੀ ਭਾਸ਼ਾ ਵਿੱਚ ਲਿਖੇ ਹੋਏ ਹਨ ਤਾਂ ਕਿ ਜਨਸਧਾਰਨ ਵੀ ਇਹਨਾਂ ਤੇ ਅਮਲ ਕਰ ਸਕੇ। ਕੋਈ ਫਾਲਤੂ ਦੇ ਰੀਤੀ-ਰਿਵਾਜ ਨਹੀਂ ਥੋਪੇ ਗਏ। ਸਿੱਖ ਧਰਮ ਦੇ ਮਹਾਨ ਤੀਰਥ ਸਥਾਨ 'ਹਰਿਮੰਦਰ ਸਾਹਿਬ' ਦੇ ਚਾਰ ਦਰਵਾਜੇ ਰੱਖੇ ਗਏ ਹਨ ਜੋ ਸਮਾਜ ਦੇ ਸਭ ਵਰਗਾਂ ਲਈ ਖੁਲੇ ਹਨ। ਕੋਈ ਵੀ ਕਿਸੇ ਦੀ ਜਾਤ, ਧਰਮ ਦਾ ਵਿਅਕਤੀ ਜਾ ਕੇ ਆਪਣੀ ਸ਼ਰਧਾ ਦਿਖਾ ਸਕਦਾ ਹੈ। ਲੰਗਰ ਦੀ ਰੀਤ ਵੀ ਸਾਂਝੀਵਾਲਤਾ ਦੀ ਨਿਸ਼ਾਨੀ ਹੈ। ਬਿਨਾਂ ਕਿਸੇ ਊਚ-ਨੀਚ ਦੇ ਸਭ ਧਰਮਾਂ ਤੇ ਜਾਤਾਂ ਦੇ ਲੋਕਾਂ ਨੂੰ ਇੱਕ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਦੀ ਖੁੱਲ ਹੈ।

ਸਿੱਖ ਧਰਮ ਦੀ ਅਗਵਾਈ ਕਰਨ ਵਾਲੇ ਦਸ ਗੁਰੂ ਜੋ ਵਿਅਕਤੀ ਗੁਰੂ ਦੇ ਰੂਪ ਵਿੱਚ ਵਿਚਰੇ ਸਾਰੇ ਸੰਤ ਸੁਭਾਅ ਅਤੇ ਉਚੇ-ਸੁੱਚੇ ਆਦਰਸ਼ਾਂ ਦੇ ਪ੍ਰਤੀਕ ਸਨ। ਜੋ ਗਿਆਨ ਉਹ ਸਿੱਖਾਂ ਨੂੰ ਦਿੰਦੇ ਸਨ ਉਹ ਅਮਲੀ ਰੂਪ ਵਿੱਚ ਉਸ 'ਤੇ ਚੱਲਦੇ ਸਨ। ਉਹਨਾਂ ਦੀ ਕਥਨੀ ਤੇ ਕਰਨੀ ਵਿੱਚ ਕੋਈ ਫਰਕ ਨਹੀਂ ਸੀ। ਗੁਰੂ ਹਰ ਕ੍ਰਿਸ਼ਨ ਜੀ ਜਿਹਨਾਂ ਦਾ ਦੇਹਾਂਤ ਬਹੁਤ ਛੋਟੀ ਉਮਰ ਵਿੱਚ ਹੋ ਗਿਆ ਸੀ, ਨੂੰ ਛੱਡ ਕੇ ਬਾਕੀ ਸਾਰੇ ਗੁਰ ਘਰ ਗ੍ਰਿਹਸਥ ਵਾਲੇ ਹੀ ਸਨ। ਉਹਨਾਂ ਦਾ ਪਰਿਵਾਰ ਸੀ, ਬੱਚੇ ਸਨ ਪਰ ਇਹ ਜ਼ਰੂਰੀ ਨਹੀਂ ਸੀ ਕਿ ਉਹਨਾਂ ਦੀ ਔਲਾਦ ਹੀ ਉਹਨਾਂ ਦੀ ਉਤਰਾਧਿਕਾਰੀ ਬਣੇ। ਉਤਰਾਧਿਕਾਰੀ ਬਣਨ ਲਈ ਯੋਗਤਾ ਸੀ, ਪਰਖ ਸੀ ਜੋ ਇਸ ਪਰਖ ਵਿੱਚ ਖ਼ਰਾ ਉਤਰਦਾ, ਉਹ ਹੀ ਸਿੱਖ ਧਰਮ ਵਿੱਚ ਗੁਰੂ ਦੇ ਯੋਗ ਸਮਝਿਆ ਜਾਂਦਾ ਸੀ। ਬੇਸ਼ੱਕ ਤੀਜੇ ਗੁਰੂ ਅਮਰਦਾਸ ਜੀ ਨੇ ਗੁਰੂਆਈ ਘਰ ਵਿੱਚ ਹੀ ਰਹਿਣ ਦਾ ਵਚਨ ਦੇ ਦਿੱਤਾ ਸੀ ਤਾਂ ਵੀ ਜਾਨਸ਼ੀਨ ਉੱਚ-ਪਾਏ ਅਤੇ ਗੁਣੀ

ਵਿਅਕਤੀ ਨੂੰ ਹੀ ਚੁਣਿਆ ਜਾਂਦਾ ਰਿਹਾ। ਸਿੱਖ ਗੁਰੂਆਂ ਨੇ ਕਦੇ ਵੀ ਆਪਣੇ ਸਿੱਖਾਂ ਨੂੰ ਸਵਰਗ-ਨਰਕ ਦੇ ਚੱਕਰਾਂ ਵਿੱਚ ਨਹੀਂ ਪਾਇਆ। ਵੱਡੇ ਲਾਭਾਂ ਦੇ ਵਾਅਦੇ ਨਹੀਂ ਕੀਤੇ। ਸਗੋਂ ਉਹਨਾਂ ਨੇ ਇਸ ਧਰਤੀ 'ਤੇ ਰਹਿੰਦਿਆਂ ਨਾਮ ਤੇ ਸਬਰ ਸੰਤੋਖ ਦੀ ਕਮਾਈ ਕਰਨ ਲਈ ਸਿੱਖਾਂ ਨੂੰ ਪ੍ਰੇਰਿਤ ਕੀਤਾ। ਉਹਨਾਂ ਨੇ ਲੋਕਾਂ ਨੂੰ ਕਦੇ ਬਹਿਸ਼ਤੀ ਹੂਰਾਂ ਦਾ ਲਾਰਾ ਨਹੀਂ ਲਾਇਆ। ਸਿੱਖ ਧਰਮ ਵਿੱਚ ਇਸ ਲੋਕ ਵਿੱਚ ਸੱਚ ਤੇ ਧਰਮ ਦੇ ਰਸਤੇ 'ਤੇ ਚੱਲਣ ਦੀ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਕਿ ਪਰਲੋਕ ਸੁਹੇਲਾ ਹੋ ਸਕੇ ਅਤੇ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਮਿਲ ਸਕੇ।

ਸਿੱਖ ਗੁਰੂ ਆਪਣੇ ਆਪ ਨੂੰ ਪ੍ਰਮਾਤਮਾ ਦੇ ਸੇਵਕ ਕਹਾਉਂਦੇ ਸਨ। ਸਿੱਖ ਧਰਮ ਵਿੱਚ ਅਵਤਾਰਵਾਦ ਨੂੰ ਰੱਦ ਕੀਤਾ ਗਿਆ ਹੈ। ਪਰੰਤੂ ਕੁਝ ਪ੍ਰਮਾਤਮਾ ਦੇ ਵਰੋਸਾਏ ਹੋਏ ਨਾਸ਼ਵਾਨ ਵਿਅਕਤੀ ਜੋ ਸੱਚਾਈ ਦੀ ਵਿਆਖਿਆ ਕਰ ਸਕਦੇ ਹਨ ਤੇ ਸੱਚਾਈ ਤੇ ਧਰਮ ਦਾ ਪ੍ਰਚਾਰ ਕਰ ਸਕਦੇ ਹਨ, ਉਹ ਸਮਰੱਥ ਪ੍ਰਮਾਤਮਾ ਤੱਕ ਪਹੁੰਚਣ ਦੇ ਨੇੜੇ ਹੀ ਹੁੰਦੇ ਹਨ। ਉਹ ਪ੍ਰਭੂ ਦੇ ਪਿਆਰੇ ਹੁੰਦੇ ਹਨ, ਪ੍ਰਭੂ ਦਾ ਸਿਮਰਨ ਕਰਦੇ ਹਨ, ਦੂਜਿਆਂ ਨੂੰ ਸਹੀ ਸੇਧ ਦਿੰਦੇ ਹਨ, ਕਿਸੇ ਭਰਮ-ਜਾਲ ਵਿੱਚ ਨਹੀਂ ਫਸਦੇ, ਔਖੇ ਸਮਿਆਂ 'ਤੇ ਵੀ ਮੱਥੇ ਵੱਟ ਨਹੀਂ ਪਾਉਂਦੇ, ਨਿਡਰ ਹੁੰਦੇ ਹਨ, ਬਹਾਦਰ ਹੁੰਦੇ ਹਨ, ਬਾਦਸ਼ਾਹਾਂ ਦੀਆਂ ਕੋਝੀਆਂ ਕਰਤੂਤਾਂ ਦਾ ਪਾਜ ਉਧੇੜ ਦਿੰਦੇ ਹਨ, ਸਵਾ ਲੱਖ ਨਾਲ ਇੱਕ ਲੜਾ ਦਿੰਦੇ ਹਨ, ਉਹ ਸਰਵ-ਸ਼ਕਤੀਮਾਨ ਤੇ ਸਰਵਉੱਚ ਪ੍ਰਮਾਤਮਾ ਤੋਂ ਸਿਰਫ ਇੱਕ ਪਤਲੀ ਪਰਤ ਜਿੰਨੀ ਦੂਰੀ ਨਾਲ ਹੀ ਅਲੱਗ ਕੀਤੇ ਜਾ ਸਕਦੇ ਹਨ। ਉਹਨਾਂ ਦੀਆਂ ਆਤਮਾਵਾਂ ਪ੍ਰਭੂ ਨੂੰ ਮਿਲਣ ਲਈ ਵਿਆਕੁਲ ਹੁੰਦੀਆਂ ਹਨ।

ਪ੍ਰਭੂ ਨੂੰ ਮਿਲ ਕੇ ਉਹ ਸਰਸ਼ਾਰ ਹੁੰਦੀਆਂ ਹਨ ਅਤੇ ਮਨੁੱਖਤਾ ਲਈ ਮਾਰਗ ਦਰਸ਼ਕ ਬਣ ਜਾਂਦੀਆਂ ਹਨ ਤਾਂ ਜੋ ਜਗਤ-ਜਲੰਦੇ ਨੂੰ ਤਾਰ ਸਕਣ। ਇਸੇ ਵਰਗ ਵਿੱਚ ਸਿੱਖ ਗੁਰੂ ਆਉਂਦੇ ਸਨ। ਇਹ ਮਹਾਂਪੁਰਸ਼ ਪ੍ਰਮਾਤਮਾ ਦੇ ਫੈਸਲਿਆਂ ਜਾਂ ਕਾਦਰ ਦੇ ਕਾਨੂੰਨਾਂ ਦੇ ਰਾਹ ਵਿੱਚ ਅਧਿਆਤਮਿਕ ਸ਼ਕਤੀਆਂ ਦੀ ਵਰਤੋਂ ਕਰਕੇ ਕੋਈ ਵਿਘਨ ਨਹੀਂ ਸਨ ਪਾਉਂਦੇ ਸਗੋਂ ਪ੍ਰਮਾਤਮਾ ਦਾ ਭਾਣਾ ਮਿੱਠਾ ਕਰਕੇ ਮੰਨਦੇ ਰਹੇ ਹਨ। ਉਸ ਸਰਵ ਉੱਚ ਤਾਕਤ ਦੀ ਰਜ਼ਾ ਵਿੱਚ ਜਿਉਂਦੇ ਹਨ। ਸਿੱਖ ਧਰਮ ਵਿੱਚ ਗੁਰੂਆਂ ਨੇ ਇਹ ਅਮਲ ਆਪਣੀ ਜ਼ਿੰਦਗੀ ਵਿੱਚ ਲਿਆਂਦਾ ਅਤੇ ਸਿੱਖਾਂ ਨੂੰ ਵੀ ਇਸੇ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

ਸਿੱਖ ਧਰਮ ਵਿੱਚ ਕਰਾਮਾਤਾਂ ਦਿਖਾਉਣ, ਜਾਦੂ-ਟੂਣਿਆਂ ਦੀ ਸਖਤ ਮਨਾਹੀ ਹੈ। ਗੁਰੂ-ਪੁੱਤਰ ਰਾਮ ਰਾਏ ਨੇ ਜੇਕਰ ਇਹ ਅਵੱਗਿਆ ਕੀਤੀ ਤਾਂ ਉਸਨੂੰ ਸਿੱਖ ਧਰਮ ਵਿੱਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ। ਇਹ ਸਬਕ ਸੀ ਕੇ ਜੇਕਰ ਗੁਰੂ ਪੁੱਤਰ ਹੀ ਕਰਾਮਾਤਾਂ ਦਿਖਾਉਣ ਲੱਗ ਪੈਣ ਤਾਂ ਉਹਨਾਂ ਦੇ ਧਰਮ ਅਤੇ ਹੋਰ ਧਰਮਾਂ

ਜਿੱਥੇ ਅਜਿਹੀਆਂ ਚੀਜ਼ਾਂ ਦੀ ਖੁੱਲ੍ਹ ਹੈ, ਉਹਨਾਂ ਨਾਲੋਂ ਕੀ ਫਰਕ ਹੋਇਆ। ਸਿੱਖ ਗੁਰੂਆਂ ਨੇ ਅਨੁਸ਼ਾਸਨ ਨੂੰ ਆਪਣੇ ਪਰਿਵਾਰ ਦਾ ਹਿੱਸਾ ਬਣਾਇਆ ਤਾਂ ਹੀ ਇਹ ਧਰਮ ਹਰਮਨਪਿਆਰਾ ਹੋ ਸਕਿਆ। ਸਿੱਖ ਧਰਮ ਦਾ ਇਤਿਹਾਸ ਸਿੱਖ ਧਰਮ ਦੇ ਸਿਧਾਂਤਾ ਅਤੇ ਆਦਰਸ਼ਾਂ ਨਾਲ ਇਕਮਿਕ ਹੈ। ਜੋ ਆਦਰਸ਼ ਮਿੱਥੇ ਗਏ ਉਹ ਗੁਰੂਆਂ ਨੇ ਆਪਣੇ ਜੀਵਨ ਵਿੱਚ ਅਪਣਾਏ। ਜੋ ਸਿੱਖੀ ਦੇ ਸਿਧਾਂਤ ਹਨ ਸਾਰੇ ਸਿੱਖ ਗੁਰੂਆਂ ਨੇ ਉਹਨਾਂ ਤੇ ਪਹਿਰਾ ਦਿੱਤਾ। ਇਸੇ ਕਰਕੇ ਸਿੱਖ ਗੁਰੂਆਂ ਦੀ ਮਾਨਤਾ ਹੈ। ਅੱਜ ਤੱਕ ਕੋਈ ਵੀ ਸਿੱਖ ਧਰਮ ਦੇ ਸਿਧਾਂਤਾ ਤੇ ਉਦੇਸ਼ਾਂ ਦੀ ਜ਼ਰਾ ਜਿੰਨੀ ਵੀ ਆਲੋਚਨਾ ਨਹੀਂ ਕਰ ਸਕਿਆ। ਸਿੱਖ ਗੁਰੂ ਕਥਨੀ ਤੇ ਕਰਨੀ ਦੇ ਪੂਰੇ ਸਨ। ਸਿੱਖ ਧਰਮ ਆਪਣੇ ਉਦੇਸ਼ਾਂ ਤੋਂ ਖ਼ਰਾ ਉਤਰਦਾ ਹੈ।

ਸਿੱਖ ਧਰਮ ਦੀ ਉਮਰ ਸਿਰਫ 550 ਸਾਲ ਹੈ। ਸੰਸਾਰ ਦੇ ਸਾਰੇ ਧਰਮਾਂ ਵਿੱਚ ਇਹ ਨਵਾਂ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਮਹਾਨ ਤੇ ਵਿਦਵਾਨ ਸਿੱਖ ਗੁਰੂਆਂ ਨੇ ਸਾਰੇ ਧਰਮਾਂ ਵਿੱਚੋਂ ਉੱਚੇ-ਸੁੱਚੇ ਆਦਰਸ਼ ਚੁਣੇ ਹਨ ਅਤੇ ਉਹਨਾਂ ਦਾ ਮੰਥਨ ਕਰਕੇ ਕੱਢਿਆ, ਸਿੱਖ ਧਰਮ ਰੂਪੀ ਅੰਮ੍ਰਿਤ ਸਿੱਖਾਂ ਨੂੰ ਸੇਧ ਦੇਣ ਤੇ ਮੁਕਤ ਹੋਣ ਲਈ, ਉਹਨਾਂ ਸਾਹਵੇਂ ਰੱਖਿਆ ਹੈ। ਸਿੱਖਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਹੀ ਲੋੜ ਹੈ। ਅੰਦਰੂਨੀ ਚਾਨਣ ਹੋਣ ਨਾਲ ਸੱਚਾ ਗੁਰੂ ਮਿਲਦਾ ਹੈ ਅਤੇ ਗੁਰੂ ਦੀ ਕ੍ਰਿਪਾ ਨਾਲ ਮਨ ਵਿੱਚ ਸ਼ਾਂਤੀ ਦੀ ਅਵਸਥਾ ਆਉਂਦੀ ਹੈ ਇਸ ਤਰਾਂ ਜਨਮ-ਮਰਨ ਦੇ ਚੱਕਰ ਤੋਂ ਸਹਿਜੇ ਹੀ ਛੁਟਕਾਰਾ ਹੋ ਜਾਂਦਾ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ

'ਅਵੱਲ ਅੱਲਾਹ ਨੂਰ ਉਪਾਇਆ, ਕੁਦਰਤ ਦੇ ਸਭ ਬੰਦੇ।।
ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੋ ਮੰਦੇ।।'

ਯੁੱਗ ਪੁਰਸ਼ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਜਨਮ 15 ਅ੍ਰਪੈਲ 1469 ਈ. ਵਿੱਚ ਮਹਿਤਾ ਕਾਲੂ ਜੀ ਦੇ ਘਰ ਹੋਇਆ। ਆਪ ਜੀ ਦੀ ਮਾਤਾ ਦਾ ਨਾਂ ਤ੍ਰਿਪਤਾ ਸੀ। ਇਹਨਾਂ ਦਾ ਜਨਮ ਪੱਛਮੀ ਪੰਜਾਬ ਦੀ ਸ਼ੇਖੂਪੁਰਾ ਤਹਿਸੀਲ ਦੇ ਪਿੰਡ ਤਲਵੰਡੀ ਰਾਇ ਭੋਇ ਵਿਖੇ ਹੋਇਆ। ਇਸ ਅਸਥਾਨ ਨੂੰ ਅੱਜਕੱਲ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ ਅਤੇ ਇਹ ਇੱਕ ਪ੍ਰਸਿੱਧ ਤੀਰਥ ਸਥਾਨ ਹੈ। ਗੁਰੂ ਜੀ ਦੀ ਇਕ ਭੈਣ ਬੀਬੀ ਨਾਨਕੀ ਸੀ। ਉਮਰ ਵਿੱਚ ਗੁਰੂ ਜੀ ਤੋਂ ਵੱਡੀ ਸੀ। ਪੰਦਰਵੀਂ ਸ਼ਤਾਬਦੀ ਦਾ ਇਹ ਸਮਾਂ ਧਰਮ ਲਈ ਪਰਖ ਦਾ ਸਮਾਂ ਸੀ। ਅਜਿਹੇ ਘੋਰ ਕਲਯੁੱਗ ਦੇ ਸਮੇਂ ਵਿੱਚ ਗੁਰੂ ਨਾਨਕ ਦੇਵ ਵਰਗੇ ਰਾਹ ਦਸੇਰੇ ਮਹਾਂਪੁਰਸ਼ ਦੀ ਲੋੜ ਸੀ। ਬਾਬਾ ਨਾਨਕ ਇਸ ਪਰਖ ਵਿੱਚ ਖਰੇ ਉੱਤਰੇ ਅਤੇ ਹਨੇਰੇ ਵਿੱਚ ਭਟਕਦੇ ਲੋਕਾਂ ਨੂੰ ਉਹਨਾਂ ਵਿੱਚ ਇੱਕ ਆਸ਼ਾ ਦੀ ਕਿਰਨ ਦਿਖਾਈ ਦਿੱਤੀ।

ਸੱਤ ਸਾਲ ਦੀ ਉਮਰ ਵਿੱਚ ਬਾਲ ਨਾਨਕ ਨੂੰ ਪਿੰਡ ਦੇ ਪਾਂਧੇ ਗੋਪਾਲ ਦਾਸ ਕੋਲ ਪੜ੍ਹਨ ਲਈ ਭੇਜਿਆ ਗਿਆ ਜਿੱਥੇ ਉਹਨਾਂ ਨੇ ਮੁੱਢਲੀ ਪੜ੍ਹਾਈ ਤੇ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕੀਤਾ। ਨਾਨਕ ਤੇਜ ਬੁੱਧੀ ਦੇ ਮਾਲਕ ਸਨ। ਉਹਨਾਂ ਨੇ ਜਲਦੀ ਹੀ ਮਦਰੱਸੇ ਵਿੱਚੋਂ ਅਰਬੀ ਤੇ ਫਾਰਸੀ ਭਾਸ਼ਾਵਾਂ ਸਿੱਖੀਆਂ ਜਿੱਥੇ ਰੁਕਨਦੀਨ ਨਾਮਕ ਅਧਿਆਪਕ ਉਹਨਾਂ ਨੂੰ ਪੜ੍ਹਾਉਂਦਾ ਸੀ। ਅਧਿਆਪਕਾਂ ਤੋਂ ਬਾਲ ਨਾਨਕ ਸੱਚ ਤੇ ਪ੍ਰਮਾਤਮਾ ਬਾਰੇ ਪ੍ਰਸ਼ਨ ਪੁੱਛਦੇ ਸਨ। ਉਹ ਅਸਾਧਾਰਨ ਅਧਿਆਤਮਕ ਰੁਚੀਆਂ ਰੱਖਣ ਵਾਲੇ ਸਨ ਤੇ ਕਈ ਵਾਰ ਦੀਨ ਦੁਨੀ ਤੋਂ ਬੇਖ਼ਬਰ ਪ੍ਰਮਾਤਮਾ ਦੀ ਭਗਤੀ ਵਿੱਚ ਲੀਨ ਹੋ ਜਾਂਦੇ ਸਨ।

ਇਸ ਸਮੇਂ ਹੀ ਬਾਲ ਨਾਨਕ ਨੂੰ ਜਨੇਊ ਦੀ ਰਸਮ ਧਾਰਨ ਕਰਨ ਲਈ ਹਰਦਿਆਲ ਪੰਡਤ ਨੂੰ ਬੁਲਾਇਆ ਗਿਆ। ਨਾਨਕ ਨੇ ਇਹ ਜਨੇਊ ਜੋ ਧਾਗੇ ਤੋਂ ਬਣਿਆ ਸੀ, ਪਾਉਣ ਤੋਂ ਨਾਂਹ ਕਰ ਦਿੱਤੀ ਤੇ ਸ਼ਬਦ ਉਚਾਰਿਆ-

'ਦਇਆ ਕਪਾਹ ਸੰਤੋਖ ਸੂਤ, ਜਤ ਗੰਢੀ ਸਤ ਵੱਟ॥
ਇਹ ਜਨੇਊ ਜੀਅ ਕਾ, ਹਈ ਤਾਂ ਪਾਂਡੇ ਘਤ॥
ਨਾਂ ਇਹ ਤੁਟੈ ਨਾ ਮਲ ਲਾਗੇ ਨਾ ਇਹ ਜਲੈ ਨਾ ਜਾਇ॥
ਧੰਨ ਸੁ ਮਾਨਸ ਨਾਨਕਾ ਜੋ ਗਲ ਚਲੈ ਪਾਇ।।'

ਗ.ਗ.ਸ ਰਾਗ ਆਸਾ

ਜਿਉਂ-ਜਿਉਂ ਨਾਨਕ ਵੱਡੇ ਹੋ ਰਹੇ ਸਨ ਉਹ ਹਿੰਦੂ ਸੰਤਾਂ ਅਤੇ ਮੁਸਲਿਮ ਦਰਵੇਸ਼ਾਂ ਦਾ ਸਾਥ ਮਾਣਦੇ। ਉਹਨਾਂ ਨਾਲ ਸੰਵਾਦ ਰਚਾਉਂਦੇ ਅਤੇ ਆਪਣੀ ਜਗਿਆਸਾ ਨੂੰ ਤ੍ਰਿਪਤ ਕਰਦੇ। ਮਹਿਤਾ ਕਾਲੂ ਨੇ ਉਹਨਾਂ ਨੂੰ ਕਈ ਕੰਮ ਜਿਵੇਂ ਪਸ਼ੂ ਚਰਾਉਣਾ ਆਦਿ ਤੇ ਲਾਇਆ। ਉਹ ਪਸ਼ੂਆਂ ਨੂੰ ਚਰਦਿਆਂ ਛੱਡ ਆਪ ਪ੍ਰਭੂ-ਭਗਤੀ ਵਿੱਚ ਲੀਨ ਹੋ ਜਾਂਦੇ। ਪਸ਼ੂ ਲੋਕਾਂ ਦੇ ਖੇਤਾਂ ਦਾ ਨੁਕਸਾਨ ਕਰਦੇ ਤੇ ਪਿਤਾ ਨੂੰ ਉਲਾਂਭੇ ਸੁਣਨੇ ਪੈਂਦੇ। ਬਾਬਾ ਨਾਨਕ ਸਧਾਰਨ ਆਦਮੀ ਨਹੀਂ ਸਨ। ਉਹ ਤਾਂ ਸੰਸਾਰ ਨੂੰ ਤਾਰਨ ਲਈ ਰਹਿਬਰ ਬਣ ਕੇ ਆਏ ਸਨ। ਉਹਨਾਂ ਦੀ ਭੈਣ ਬੀਬੀ ਨਾਨਕੀ ਅਤੇ ਰਾਏ ਬੁਲਾਰ ਬਾਬਾ ਨਾਨਕ ਦੇ ਚੋਜਾਂ ਦੇ ਕਾਇਲ ਸਨ ਅਤੇ ਹਮੇਸ਼ਾ ਮਹਿਤਾ ਕਾਲੂ ਨੂੰ ਸਮਝਾਉਂਦੇ ਸਨ ਕਿ ਨਾਨਕ ਕਿਸੇ ਖਾਸ ਮਿਸ਼ਨ ਲਈ ਸੰਸਾਰ 'ਤੇ ਆਏ ਸਨ।

19 ਸਾਲ ਦੀ ਉਮਰ ਵਿੱਚ ਨਾਨਕ ਦੇਵ ਦਾ ਵਿਆਹ ਮਾਤਾ ਸੁਲੱਖਣੀ ਨਾਲ ਕਰ ਦਿੱਤਾ ਗਿਆ। ਸੁਲੱਖਣੀ ਬਟਾਲੇ ਦੇ ਰਹਿਣ ਵਾਲੇ ਲਾਲਾ ਮੂਲ ਚੰਦ ਦੀ ਧੀ ਸਨ। ਉਹਨਾਂ ਦੇ ਘਰ ਦੋ ਬੇਟੇ ਪੈਦਾ ਹੋਏ ਸਿਰੀ ਚੰਦ ਅਤੇ ਲਖਮੀ ਦਾਸ। ਇਕ ਦਿਨ ਪਿਤਾ ਮਹਿਤਾ ਕਾਲੂ ਨੇ ਨਾਨਕ ਦੇਵ ਨੂੰ ਕੁੱਝ ਰੁਪਏ ਦਿੱਤੇ ਤੇ ਭਾਈ ਬਾਲਾ ਨੂੰ ਉਹਨਾਂ ਨਾਲ ਸ਼ਹਿਰ ਵਿੱਚ ਕੋਈ ਲਾਹੇਵੰਦਾ ਵਪਾਰ ਕਰਨ ਲਈ ਭੇਜਿਆ ਤਾਂ ਕਿ ਉਹ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ। ਰਸਤੇ ਵਿੱਚ ਉਹਨਾਂ ਨੂੰ ਕੁੱਝ ਭੁੱਖੇ ਸਾਧੂ ਮਿਲੇ ਤੇ ਉਹਨਾਂ ਨੂੰ ਭੋਜਨ ਕਰਾਉਣਾ ਗੁਰੂ ਨਾਨਕ ਦੇਵ ਜੀ ਨੂੰ ਲਾਹੇਵੰਦਾ ਸੌਦਾ ਪ੍ਰਤੀਤ ਹੋਇਆ। ਗੁਰੂ ਜੀ ਨੇ ਉਹਨਾਂ ਰੁਪਿਆਂ ਦਾ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਦਿੱਤਾ। ਇਤਿਹਾਸ ਵਿੱਚ ਇਸ ਘਟਨਾ ਨੂੰ 'ਸੱਚਾ ਸੌਦਾ' ਕਿਹਾ ਜਾਂਦਾ ਹੈ। ਖਾਲੀ ਹੱਥ ਘਰ ਆਉਣ 'ਤੋਂ ਪਿਤਾ ਜੀ ਬਹੁਤ ਨਾਰਾਜ਼ ਹੋਏ। ਮਹਿਤਾ ਕਾਲੂ ਨੇ ਗੁਰੂ ਜੀ ਨੂੰ ਸੁਲਤਾਨਪੁਰ ਉਹਨਾਂ ਦੀ ਭੈਣ ਬੇਬੇ ਨਾਨਕੀ ਕੋਲ ਭੇਜ ਦਿੱਤਾ। ਜਿੱਥੇ ਬੇਬੇ ਨਾਨਕੀ ਦੇ ਪਤੀ ਜੈ ਰਾਮ ਨੇ ਗੁਰੂ ਜੀ ਨੂੰ ਮੋਦੀਖਾਨੇ ਵਿੱਚ ਨੌਕਰੀ ਦੁਆ ਦਿੱਤੀ। ਇੱਥੇ ਉਹਨਾਂ ਨੇ ਦੋ ਸਾਲ ਨੌਕਰੀ ਕੀਤੀ। ਉਹਨਾਂ ਦੇ ਨਾਲ ਭਾਈ ਮਰਦਾਨਾ ਵੀ ਸਨ। ਭਾਈ ਮਰਦਾਨਾ ਰਬਾਬ ਵਜਾਉਂਦਾ ਤੇ ਬਾਬਾ ਨਾਨਕ ਵਜਦ ਵਿੱਚ ਆ ਕੇ ਸ਼ਬਦ ਗਾਇਨ ਕਰਦੇ। ਇੱਥੇ ਵੇਂਈ ਵਿੱਚ ਇਸ਼ਨਾਨ

ਕਰਨ ਗਏ ਅਤੇ ਤਿੰਨ ਦਿਨ ਬਾਅਦ ਬਾਹਰ ਨਿਕਲੇ ਅਤੇ ਕਿਹਾ 'ਨਾ ਕੋ ਹਿੰਦੂ ਨਾ ਮੁਸਲਮਾਨ'। ਹੁਣ ਗੁਰੂ ਨਾਨਕ ਦੇਵ ਜੀ ਨੇ ਸੱਚੇ ਰੱਬ ਦੀ ਪ੍ਰਾਪਤੀ ਕਰ ਲਈ ਸੀ ਅਤੇ ਇਸ ਸੱਚਾਈ ਦੇ ਮਾਰਗ ਨੂੰ ਦੁਨੀਆਂ ਵਿੱਚ ਫੈਲਾਉਣ ਲਈ ਉਹ ਯਾਤਰਾ 'ਤੇ ਨਿਕਲ ਪਏ ਉਸ ਸਮੇਂ ਉਹਨਾਂ ਦੀ ਉਮਰ ਲਗਭਗ ਤੀਹ ਸਾਲ ਸੀ।

ਗੁਰੂ ਨਾਨਕ ਦੇਵ ਜੀ ਨੇ 4 ਲੰਮੀਆਂ ਯਾਤਰਾਵਾਂ ਕੀਤੀਆਂ ਜਿਹਨਾਂ ਨੂੰ 'ਉਦਾਸੀਆਂ ਕਿਹਾ ਜਾਂਦਾ ਹੈ। ਉਹਨਾਂ ਨੇ ਪਹਿਲੀ ਉਦਾਸੀ ਵਿੱਚ ਸੁਲਤਾਨਪੁਰ, ਤਾਲੰਬਾ, ਪਾਣੀਪਤ, ਦਿੱਲੀ, ਵਾਰਾਨਸੀ, ਨਾਨਕਮੱਤਾ, ਆਸਾਮ, ਪਾਕਪਟਨ, ਸੈਦਪੁਰ, ਪਸਰੂਰ ਅਤੇ ਸਿਆਲਕੋਟ ਦੀ ਯਾਤਰਾ ਕੀਤੀ। ਉਹਨਾਂ ਨੇ ਇਸ ਯਾਤਰਾ ਵਿੱਚ ਸੈਦਪੁਰ ਨਾਂ ਦੇ ਸਥਾਨ 'ਤੇ ਅਮੀਰ ਮਲਿਕ ਭਾਗੋ ਦੇ ਘਰ ਦਾ ਵਧੀਆ ਭੋਜਨ ਛੱਡ ਕੇ ਗਰੀਬ ਤਰਖਾਣ ਭਾਈ ਲਾਲੋ ਦੇ ਘਰ ਭੋਜਨ ਖਾਧਾ ਤਾਂ ਜੋ ਮਿਹਨਤ ਨਾਲ ਕਮਾਈ ਕੀਤੀ ਦਾ ਮਹੱਤਵ ਦੱਸਿਆ ਜਾਵੇ। ਅੱਗੇ ਚੱਲ ਕੇ ਸੱਜਣ ਠੱਗ ਨੂੰ ਸਿੱਧੇ ਰਸਤੇ ਪਾਇਆ। ਕੁਰਕਸ਼ੇਤਰ ਵਿਖੇ ਸੂਰਜ ਗ੍ਰਹਿਣ ਮੌਕੇ ਪੰਡਤਾਂ ਨੂੰ ਉਪਦੇਸ਼ ਦਿੱਤਾ। ਹਰਦੁਆਰ ਵਿੱਚ ਪਿਤਰਾਂ ਨੂੰ ਪਾਣੀ ਦੇ ਰਹੇ ਹਿੰਦੂਆਂ ਨੂੰ ਸਮਝਾਇਆ ਕਿ ਜਿਸ ਤਰਾਂ ਇਥੋਂ ਪੰਜਾਬ ਦੇ ਖੇਤਾਂ ਨੂੰ ਪਾਣੀ ਨਹੀਂ ਭੇਜਿਆ ਜਾ ਸਕਦਾ ਉਸੇ ਤਰਾਂ ਪਿੱਤਰਾਂ ਨੂੰ ਵੀ ਪਾਣੀ ਨਹੀਂ ਜਾ ਸਕਦਾ। ਗੋਰਖਮੱਤਾ (ਪੀਲੀਭੀਤ) ਵਿਖੇ ਗੋਰਖ ਨਾਥ ਦੇ ਚੇਲਿਆਂ ਨੂੰ ਰਾਹੇ ਪਾਇਆ ਕਿ ਸੰਸਾਰ ਤੋਂ ਦੂਰ ਰਹਿ ਕੇ ਯੋਗੀ ਬਣਕੇ ਰੱਬ ਦੀ ਪ੍ਰਾਪਤੀ ਨਹੀਂ ਹੁੰਦੀ ਸਗੋਂ ਸੱਚੇ ਗੁਰੂ ਨਾਲ ਮਿਲਣ ਤੋਂ ਹੁੰਦੀ ਹੈ ਜੋ ਆਪਣੇ ਗਿਆਨ ਰਾਹੀਂ ਬੇਚੈਨ ਮਨ ਨੂੰ ਸ਼ਾਂਤ ਕਰਦਾ ਹੈ ਅਤੇ ਰੌਸ਼ਨੀ ਦਾ ਦੀਪ ਜਗਾਉਂਦਾ ਹੈ। ਯੋਗੀਆਂ ਨੂੰ ਅੰਦਰ ਚਾਨਣ ਹੋਇਆ ਅਤੇ ਗੋਰਖਮੱਤੇ ਦਾ ਨਾਂ ਨਾਨਕ ਮੱਤਾ ਹੋ ਗਿਆ।

ਗੁਰੂ ਨਾਨਕ ਦੇਵ ਜੀ ਆਪਣੀ ਦੂਸਰੀ ਉਦਾਸੀ ਦੱਖਣ ਵਿੱਚ ਧਨਾਸਰੀ ਘਾਟੀ, ਰਮੇਸ਼ਵਰਮ, ਕੰਨਿਆਕੁਮਾਰੀ ਅਤੇ ਸ੍ਰੀ ਲੰਕਾ ਤੱਕ ਗਏ। ਇਸ ਥਾਂ 'ਤੇ ਉਹ ਮਨਸੁਖ ਨਾਂ ਦੇ ਆਪਣੇ ਸ਼ਰਧਾਲੂ ਨੂੰ ਮਿਲੇ। ਉਨਾਂ ਨੇ ਸ਼ਿਵਨਾਥ ਨਾਂ ਦੇ ਰਾਜੇ ਨੂੰ ਵੀ ਆਪਣੇ ਬਚਨਾਂ ਨਾਲ ਨਿਹਾਲ ਕੀਤਾ। ਇਸ ਉਦਾਸੀ ਸਮੇਂ ਭਾਈ ਮਰਦਾਨੇ ਦੀ ਥਾਂ 'ਤੇ ਭਾਈ ਸੈਦੋ ਅਤੇ ਘੋਹੋ ਨੇ ਉਹਨਾਂ ਦਾ ਸਾਥ ਦਿੱਤਾ।

ਤੀਸਰੀ ਉਦਾਸੀ ਵਿੱਚ ਗੁਰੂ ਨਾਨਕ ਦੇਵ ਜੀ ਉੱਤਰ ਵਿੱਚ ਹਿਮਾਲਾ ਤੋਂ ਤਿੱਬਤ ਤੱਕ ਗਏ। ਸ੍ਰੀ ਨਗਰ ਉਹਨਾਂ ਦੀ ਠਹਿਰ ਵਾਲੀ ਥਾਂ ਇਤਿਹਾਸਕ ਗੁਰਦੁਆਰਾ ਸੁਸੋਭਿਤ ਹੈ। ਕਸ਼ਮੀਰ ਵਿੱਚ ਪੰਡਿਤ ਬ੍ਰਹਮ ਦੱਤ ਅਤੇ ਮੁਸਲਿਮ ਦਰਵੇਸ਼ ਕਾਮਲ ਗੁਰੂ ਜੀ ਤੋਂ ਪ੍ਰਭੂ ਭਗਤੀ ਦੇ ਸ਼ਬਦ ਸੁਣ ਕੇ ਬਹੁਤ ਪ੍ਰਭਾਵਿਤ ਹੋਏ। ਤਿੱਬਤ ਵਿਖੇ ਝੀਲ ਮਾਨਸਰੋਵਰ ਵਿਖੇ ਸਿੱਧਾਂ ਨਾਲ ਗੋਸ਼ਟੀ ਕੀਤੀ। ਗੁਰੂ ਜੀ ਨੇ ਉਹਨਾਂ ਨੂੰ ਕੋਸਿਆ ਕਿ ਉਹ ਜ਼ਿੰਦਗੀ ਦੇ ਔਖੇ ਹਾਲਾਤਾਂ ਤੋਂ ਭੱਜ ਕੇ ਇੱਥੇ

ਧੂਣੇ ਰਮਾ ਕੇ ਬੈਠੇ ਹਨ। ਉਹਨਾਂ ਨੇ ਦੱਸਿਆ ਕਿ ਜਿਸ ਤਰਾਂ ਕਮਲ ਦਾ ਫੁੱਲ ਚਿੱਕੜ ਵਿੱਚ ਰਹਿ ਕੇ ਵੀ ਖਿੜ ਸਕਦਾ ਹੈ। ਉਸ ਤਰਾਂ ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਸੰਸਾਰ ਵਿੱਚ ਰਹਿ ਕੇ ਵੀ ਸੱਚੇ ਪ੍ਰਭੂ ਨੂੰ ਮਿਲ ਸਕਦੇ ਹਨ।

ਚੌਥੀ ਉਦਾਸੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਨੀਲਾ ਵੇਸ ਧਾਰਨ ਕਰਕੇ ਮੱਕੇ ਦਾ ਜੋ ਮੁਸਲਮਾਨਾਂ ਦਾ ਪ੍ਰਸਿੱਧ ਤੀਰਥ ਸਥਾਨ ਹੈ, ਰੁੱਖ ਕੀਤਾ। ਰਾਹ ਵਿੱਚ ਵਲੀ ਕੰਧਾਰੀ ਨਾਂ ਦੇ ਹੰਕਾਰੀ ਦਰਵੇਸ਼ ਨੂੰ ਸਿੱਧੇ ਰਾਹ ਪਾਇਆ। ਮੱਕੇ ਪਹੁੰਚੇ ਕੇ ਹਾਜੀਆਂ ਨੂੰ ਉਦਾਹਰਣ ਦੇ ਕੇ ਸਮਝਾਇਆ ਕਿ ਰੱਬ ਹਰ ਪਾਸੇ ਹੈ। ਜਿਸਨੂੰ ਸੱਚੇ ਕਰਮਾਂ ਰਾਹੀਂ ਹੀ ਮਿਲਿਆ ਜਾ ਸਕਦਾ ਹੈ। ਇਥੋਂ ਮਦੀਨਾ, ਮੁਲਤਾਨ ਹੁੰਦੇ ਹੋਏ ਐਮਨਾਵਾਦ ਪਹੁੰਚੇ। ਇਸ ਸਮੇਂ ਬਾਬਰ ਨੇ ਭਾਰਤ 'ਤੇ ਹਮਲਾ ਕੀਤਾ ਸੀ। ਚਾਰ ਚੁਫੇਰੇ ਹਾਹਾਕਾਰ ਮੱਚੀ ਹੋਈ ਸੀ। ਗੁਰੂ ਜੀ ਦੇ ਕੋਮਲ ਮਨ ਨੇ ਰੱਬ ਨੂੰ ਉਲਾਂਭਾ ਦਿੱਤਾ-

'ਖੁਰਾਸਾਨ ਖਸਮਾਨਾ ਕੀਯਾ, ਹਿੰਦੁਸਤਾਨ ਡਰਾਇਆ॥
ਆਪੇ ਦੋਸ਼ ਨਾ ਦੇਈ ਕਰਤਾ, ਜਮ ਕਰ ਮੁਗਲ ਚੜ੍ਹਾਇਆ॥
ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ।।'

('ਗ.ਗ.ਸ' 'ਆਸਾ')

ਗੁਰੂ ਜੀ ਦੀ ਉਮਰ ਜ਼ਿਆਦਾ ਹੋ ਰਹੀ ਸੀ। ਇਸ ਲਈ ਉਹ 1520 ਈ. ਵਿੱਚ ਪੰਜਾਬ ਆ ਕੇ ਰਹਿਣ ਲੱਗੇ। ਰਾਵੀ ਦਰਿਆ ਦੇ ਕੰਢੇ 'ਤੇ ਜ਼ਮੀਨ ਖਰੀਦ ਕੇ ਕਰਤਾਰਪੁਰ ਨਾਂ ਦਾ ਨਗਰ ਵਸਾਇਆ ਅਤੇ ਆਪਣੇ ਹੱਥੀਂ ਖੇਤੀ ਕੀਤੀ। ਇੱਥੇ 'ਕਿਰਤ' ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਅਤੇ ਲੋਕਾਂ ਨੂੰ ਪ੍ਰੇਰਿਆ ਕਿ ਹੱਥੀਂ ਕੀਤੀ ਕਿਰਤ ਦੀ ਬੜੀ ਮਹਾਨਤਾ ਹੈ। ਕਰਤਾਰਪੁਰ ਵਿਖੇ ਆਪਣੇ ਖੇਤਾਂ ਵਿੱਚ ਕੰਮ ਕਰਦੇ ਗੁਰੂ ਨਾਨਕ ਨੇ ਸੰਸਾਰ ਵਿੱਚ ਪ੍ਰਭੂ ਪ੍ਰੇਮ, ਨਾਮ ਜਪੋ, ਵੰਡ ਛਕੋ ਤੇ ਕਿਰਤ ਕਰੋ ਦੇ ਬੀਜ ਵੀ ਬੀਜ ਦਿੱਤੇ। ਦੂਰੋਂ ਦੂਰੋਂ ਲੋਕ ਉਹਨਾਂ ਦੇ ਉਪਦੇਸ਼ ਸੁਣਨ ਲਈ ਆਉਂਦੇ ਉਹਨਾਂ ਲੋਕਾਂ ਨੂੰ ਸਿੱਖ ਕਿਹਾ ਜਾਂਦਾ ਸੀ। ਹਰ ਇੱਕ ਨੂੰ ਖੇਤਾਂ ਵਿੱਚ ਕੰਮ ਕਰਨਾ ਪੈਂਦਾ ਸੀ ਤਾਂ ਕਿ ਕਿਰਤ ਦੇ ਮਹੱਤਵ ਨੂੰ ਸਮਝਿਆ ਜਾਵੇ। ਕਰਤਾਰਪੁਰ ਵਿਖੇ ਕੰਮ ਵਿੱਚ ਹੱਥ ਵਟਾਉਣਾ ਅਤੇ ਫਿਰ ਸਾਂਝੀ ਥਾਂ 'ਤੇ ਬੈਠ ਕੇ ਬਿਨਾਂ ਕਿਸੇ ਊਚ-ਨੀਚ, ਭੇਦ-ਭਾਵ ਤੋਂ ਖਾਣਾ ਵਰਤਾਉਣਾ ਤੇ ਸਾਰਿਆਂ ਨੇ ਰਲ ਕੇ ਭੋਜਨ ਕਰਨ ਵਰਗੇ ਅਮਲ ਬਾਅਦ ਵਿੱਚ ਲੰਗਰ ਪ੍ਰਥਾ ਦੀ ਅਗਾਊ ਗੀਤ ਸੀ ਜੋ ਬਾਅਦ ਵਿੱਚ ਆਉਣ ਵਾਰੇ ਸਾਰੇ ਗੁਰੂਆਂ ਨੇ ਕਾਇਮ ਰੱਖੀ ਅਤੇ ਅੱਜ ਤੱਕ ਵੀ ਕਾਇਮ ਹੈ।

ਗੁਰੂ ਨਾਨਕ ਦੇਵ ਜੀ ਨੇ ਖਡੂਰ ਸਾਹਿਬ ਤੋਂ ਸਿੱਖ ਸ਼ਰਧਾਲੂ ਭਾਈ ਲਹਿਣਾ

ਨੂੰ ਆਪਣਾ ਉਤਰਾਧਿਕਾਰੀ ਚੁਣਿਆ। ਗੁਰੂ ਜੀ ਨੇ ਭਾਈ ਲਹਿਣਾ ਨੂੰ ਕਈ ਪ੍ਰੀਖਿਆਵਾਂ ਵਿੱਚੋਂ ਪਾਸ ਹੋਣ ਉਪਰੰਤ ਇਸ ਮਹਾਨ ਕਾਰਜ ਲਈ ਚੁਣਿਆ। ਭਾਈ ਲਹਿਣਾ ਗੁਰੂ ਜੀ ਦੇ ਸਾਰੇ ਸਿੱਖਾਂ ਵਿੱਚੋਂ ਯੋਗ, ਗੁਰੂ ਦਾ ਹੁਕਮ ਮੰਨਣ ਵਾਲੇ ਅਤੇ ਨਿਮਰਤਾ ਦੇ ਪੁੰਜ ਸਨ। ਭਾਈ ਲਹਿਣਾ ਦਾ ਨਾਂ ਬਦਲ ਕੇ 'ਅੰਗਦ' ਕਰ ਦਿੱਤਾ ਗਿਆ, ਉਹ ਗੁਰੂ ਦੇ ਸਰੀਰ ਅਤੇ ਆਤਮਾ ਦੇ ਅੰਗ ਬਣ ਗਏ। ਇੱਕ ਖਾਸ ਸਭਾ ਵਿੱਚ ਜਿੱਥੇ ਬਹੁਤ ਸਾਰੇ ਸ਼ਰਧਾਲੂ ਜੁੜੇ ਹੋਏ ਸਨ, ਗੁਰੂ ਨਾਨਕ ਦੇਵ ਜੀ ਨੇ 'ਅੰਗਦ' ਨੂੰ ਰਸਮੀ ਤੌਰ 'ਤੇ ਵੀ ਗੁਰੂਗੱਦੀ 'ਤੇ ਬਿਠਾ ਦਿੱਤਾ। ਕੁਝ ਦਿਨਾਂ ਪਿੱਛੋਂ ਬਾਬਾ ਨਾਨਕ ਨੇ 1539 ਈ. ਨੂੰ ਆਪਣਾ ਸਰੀਰ ਤਿਆਗ ਦਿੱਤਾ। ਗੁਰੂ ਨਾਨਕ ਦੇਵ ਜੀ ਦੀਆਂ ਪ੍ਰਸਿੱਧ ਰਚਨਾਵਾਂ ਜਪੁ ਜੀ ਸਾਹਿਬ, ਸਿੱਧ ਗੋਸ਼ਟਿ, ਸੋਦਰ, ਆਸਾ ਦੀ ਵਾਰ, ਸੋਹਿਲਾ ਅਤੇ ਬਾਰਾਂ ਮਾਹ ਹਨ। ਗੁਰੂ ਗਰੰਥ ਸਾਹਿਬ ਵਿੱਚ ਉਹਨਾਂ ਦੇ 947 ਸ਼ਲੋਕ ਹਨ ਜੋ 19 ਰਾਗਾਂ ਵਿੱਚ ਲਿਖੇ ਹੋਏ ਹਨ।

ਭਾਈ ਗੁਰਦਾਸ ਆਪਣੀਆਂ ਵਾਰਾਂ ਵਿੱਚ ਲਿਖਦੇ ਹਨ-

'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛੁਪੇ ਅੰਧੇਰ ਪਲੋਆ।।'

ਗੁਰੂ ਨਾਨਕ ਦੇਵ ਜੀ ਦੇ ਵਿਅਕਤੀਤਵ ਤੇ ਇਹ ਸ਼ਬਦ ਬਿਲਕੁਲ ਠੀਕ ਢੁਕਦੇ ਹਨ। ਉਹ ਜਿੱਥੇ ਪ੍ਰਭੂ ਭਗਤੀ 'ਤੇ ਜ਼ੋਰ ਦਿੰਦੇ ਸਨ, ਉੱਥੇ ਸਮਾਜ ਸੁਧਾਰਕ ਦੇ ਰੂਪ ਵਿੱਚ ਉਹਨਾਂ ਨੇ ਵਰਨਣਯੋਗ ਦੇਣ ਦਿੱਤੀ। ਵਹਿਮਾਂ ਭਰਮਾਂ ਵਿੱਚ ਗ੍ਰਸੇ ਸਮਾਜ ਨੂੰ ਉਹਨਾਂ ਨੇ ਸਮਝਾਇਆ-

'ਥਿਤੁ ਵਾਰ ਨਾ ਜੋਗੀ ਜਾਣੈ ਰੁੱਤ ਮਾਹ ਨਾ ਕੋਈ॥
ਜਾ ਕਰਤਾ ਸ੍ਰਿਸ਼ਟੀ ਕੋਂ ਸਾਜੇ ਆਪੇ ਜਾਣੇ ਸੋਈ।।'

(ਜਪੁ ਜੀ ਸਾਹਿਬ)

ਇਹ ਸ਼ਬਦ ਜਿੱਥੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਮਹੱਤਤਾ ਰੱਖਦਾ ਸੀ ਅੱਜ ਵੀ ਇਸਦੀ ਉਤਨੀ ਹੀ ਮਹੱਤਤਾ ਹੈ। ਸਮਾਜ ਅੱਜ ਵੀ ਉਸੇ ਚੌਰਾਹੇ 'ਤੇ ਖੜਾ ਹੈ। ਵਹਿਮ-ਭਰਮ, ਪਾਖੰਡ ਅਜੋਕੇ ਸਮਾਜ ਨੂੰ ਵੀ ਬੁਰੀ ਤਰਾਂ ਚੰਬੜੇ ਹੋਏ ਹਨ। ਦਿਨਾਂ, ਤਿੱਥਾਂ, ਵਾਰਾਂ ਵਿੱਚ ਉਲਝਿਆ ਪੰਜਾਬੀ ਸਮਾਜ ਰਹਿਤਲ ਵੱਲ ਜਾ ਰਿਹਾ ਹੈ। ਬਾਬੇ ਨਾਨਕ ਦੀ ਬਾਣੀ ਅੱਜ ਵੀ ਉੱਨੀ ਹੀ ਸਾਰਥਕ ਹੈ ਜੇ ਕਰ ਇਸਨੂੰ ਕੋਈ ਹਰਿਆ ਬੂਟ ਲਾਗੂ ਕਰ ਸਕੇ। ਇਸਤਰੀਆਂ ਦੀ ਸਮਾਜ ਵਿੱਚ ਉਸ ਸਮੇਂ ਦੀ ਦਸ਼ਾ ਨੂੰ ਲੈ ਕੇ ਬਾਬੇ ਨਾਨਕ ਨੇ ਕਿਹਾ ਸੀ-

'ਸੋ ਕਿਉ ਮੰਦਾ ਆਖੀਐ, ਜਿਤੁ ਜੰਮੇ ਰਾਜਾਨ।।'

ਇਹ ਸ਼ਬਦ ਅੱਜ ਵੀ ਬਿਲਕੁਲ ਢੁਕਵਾਂ ਹੈ। ਸਾਡੇ ਸਮਾਜ ਵਿੱਚ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦੇਣਾ, ਬਾਲੜੀਆਂ ਦੀਆਂ ਜ਼ਿੰਦਗੀ ਨੂੰ ਹਰ ਸਮੇਂ ਖ਼ਤਰਾ, ਦਾਜ ਵਰਗੀਆਂ ਲਾਹਨਤਾਂ ਅੱਜ ਵੀ ਔਰਤ ਜਾਤੀ ਨੂੰ ਦਰਪੇਸ਼ ਹਨ।

ਬਾਬੇ ਨਾਨਕ ਦੇ 'ਪ੍ਰਮਾਤਮਾ ਇੱਕ ਹੈ' ਦੇ ਸਿਧਾਂਤ ਨੂੰ ਅੱਜ ਵੀ ਸੰਸਾਰ ਵਿੱਚ ਫੈਲਾਉਣ ਦੀ ਲੋੜ ਹੈ। ਸਾਡੇ ਆਪਣੇ ਸਮਾਜ ਵਿੱਚ ਅਨੇਕਾਂ ਹੀ ਰੱਬ ਬਣੇ ਫਿਰਦੇ ਹਨ ਜੋ ਭੋਲੇ-ਭਾਲੇ ਲੋਕਾਂ ਨੂੰ ਮਗਰ ਲਾ ਕੇ ਕੂੜ ਪ੍ਰਚਾਰ ਕਰ ਰਹੇ ਹਨ। ਬਾਬੇ ਨਾਨਕ ਨੇ ਕਿਹਾ ਸੀ-

'ਕਲਯੁੱਗ ਰੱਥ ਅਗਨ ਦਾ ਕੂੜ ਅੱਗੇ ਰਥਵਾਹ॥'

ਲੋਕਾਂ ਨੂੰ ਕੂੜ, ਝੂਠ, ਫਰੇਬ ਤੋਂ ਬਚ ਕੇ ਸੱਚ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਸੀ। ਗੁਰੂ ਜੀ ਨੇ ਜੀਵਨ ਦੀਆਂ ਨਿਆਮਤਾਂ, ਹਵਾ, ਪਾਣੀ ਤੇ ਧਰਤੀ ਨੂੰ ਅਤਿ ਮਹੱਤਵਪੂਰਨ ਕਿਹਾ ਹੈ-

'ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤੁ ਮਹੱਤ'

ਇਹ ਵਾਕ ਅੱਜ ਸਮੇਂ ਦੀ ਡਾਢੀ ਲੋੜ ਹੈ। ਅੱਜ ਮਨੁੱਖ ਨੇ ਹਵਾ, ਪਾਣੀ ਤੇ ਧਰਤੀ ਨੂੰ ਪਲੀਤ ਕਰ ਦਿੱਤਾ ਹੈ। ਇਹਨਾਂ ਤਿੰਨਾਂ ਨੂੰ ਬਚਾ ਕੇ ਰੱਖਣ ਦੀ ਡਾਢੀ ਲੋੜ ਹੈ।

ਗੁਰੂ ਨਾਨਕ ਦੇਵ ਜੀ ਦਾ ਜੀਵਨ ਮਨੁੱਖਤਾ ਦੀ ਭਲਾਈ ਲਈ ਗੁਜ਼ਰਿਆ। ਉਹਨਾਂ ਨੇ ਹਿੰਦੂ,ਮੁਸਲਮਾਨ ਏਕਤਾ, ਭਾਈਚਾਰਾ, ਪ੍ਰੇਮ-ਭਾਵਨਾ, ਨਿਮਰਤਾ ਤੇ ਜ਼ੋਰ ਦਿੱਤਾ। ਉਸ ਸਮੇਂ ਦੇ ਪ੍ਰਮੁੱਖ ਭਾਈਚਾਰੇ ਹਿੰਦੂ ਤੇ ਮੁਸਲਮਾਨ ਦੋਨੋਂ ਹੀ ਉਹਨਾਂ ਨੂੰ ਆਪਣਾ ਗੁਰੂ ਸਮਝਦੇ ਸਨ।

'ਨਾਨਕ ਸ਼ਾਹ ਫਕੀਰ, ਹਿੰਦੂਆਂ ਦਾ ਗੁਰੂ, ਮੁਸਲਮਾਨਾਂ ਦਾ ਪੀਰ॥'

ਅੱਜ ਜਦੋਂ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਆਗਮਨ ਦਿਵਸ ਮਨਾਉਣ ਜਾ ਰਹੇ ਹਾਂ ਤਾਂ ਸਾਨੂੰ ਸਭ ਨੂੰ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਤੇ ਵੀ ਪਹਿਰਾ ਦੇਣ ਦੀ ਲੋੜ ਹੈ। ਸਾਨੂੰ ਸਾਦਾ ਸਮਾਗਮਾਂ ਵਿੱਚ ਗੁਰੂ ਜੀ ਦੇ ਪਾਏ ਪੂਰਨਿਆਂ 'ਤੇ ਵਿਚਾਰ ਚਰਚਾ ਕਰਨ ਦੀ ਲੋੜ ਹੈ, ਜਿਨਾ ਤੇ ਚੱਲ ਕੇ ਇਹ ਸੰਸਾਰ ਸੁਧਰ ਸਕਦਾ ਹੈ। ਗੁਰੂ ਜੀ ਨੇ ਆਪਣਾ ਜੀਵਨ ਸਾਦਗੀ ਵਿੱਚ ਗੁਜ਼ਾਰਿਆ ਪਰ ਆਦਰਸ਼ ਉੱਚੇ ਰੱਖੇ। ਪੈਦਲ ਯਾਤਰਾ ਕਰ ਕੇ ਲੋਕਾਂ ਨੂੰ ਸਿੱਧੇ ਰਾਹ ਪਾਇਆ। 550 ਸਾਲਾਂ ਸਮਾਰੋਹਾਂ 'ਤੇ ਅਸੀਂ ਪਾਣੀ ਵਾਂਗ ਪੈਸਾ ਨਾ ਵਹਾ ਕੇ ਗੁਰੂ ਜੀ ਦੁਆਰਾ ਰੱਖੇ ਆਦਰਸ਼ਾਂ 'ਤੇ ਪੂਰਾ ਉਤਰਨ ਦਾ ਯਤਨ ਕਰੀਏ। ਇਹੀ ਉਸ ਮਹਾਂਪੁਰਸ਼ ਦੀ ਸੱਚੀ ਬੰਦਗੀ ਹੋਵੇਗੀ। ਇਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚੋਂ ਕੁਝ ਸ਼ਬਦ ਗੁਰੂ ਗਰੰਥ ਸਾਹਿਬ ਵਿੱਚ ਦਰਜ

1. ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

(ਜਪੁ ਜੀ ਸਾਹਿਬ)

2. ਸਾਚਾ ਸਾਹਿਬ ਸਾਚੁ ਨਾਇ ਭਾਖਿਆ ਭਉ ਅਪਾਰੁ॥
ਆਖਹਿ ਮੰਗਿਹ ਦੇਹਿ ਦੇਹਿ ਦਾਤਿ ਕਰੇ ਦਾਤਾਰੁ।।
ਫੇਰਿ ਕਿ ਅਗੈ ਰੱਖੀਐ ਜਿਸ ਦਿਸੈ ਦਰਬਾਰੁ।।
ਮੁਹੌਂ ਕਿ ਬੋਲਣ ਬੋਲੀਐ ਜਿਤੁ ਸੁਣਿ ਧਰੇ ਪਿਆਰੁ।।
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ। ।
ਕਰਮੀ ਆਵੇ ਕਪੜਾ ਨਦਰੀ ਮੋਖ ਦੁਆਰ।।
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰ।।

(ਜਪੁ ਜੀ ਸਾਹਿਬ)

3. ਸੁਣਿਐ ਸਤ ਸੰਤੋਖ ਗਿਆਨ। ਸੁਣਿਐ ਅਠ ਸਠ ਕਾ ਇਸਨਾਨੁ।।
ਸੁਣਿਐ ਪੜ ਪੜ ਪਾਵਹਿ ਮਾਣੁ। ਸੁਣਿਐ ਲਾਗੈ ਸਹਜਿ ਧਿਆਨੁ।।
ਨਾਨਕ ਭਗਤਾ ਸਦਾ ਵਿਗਾਸੁ। ਸੁਣਿਐ ਦੁਖ ਪਾਪ ਕਾ ਨਾਸੁ।।

(ਜਪੁ ਜੀ ਸਾਹਿਬ)

4. ਮੰਨੈ ਪਾਵਹਿ ਮੋਖ ਦੁਆਰੁ। ਮੰਨੈ ਪਰਵਾਰੈ ਸਾਧਾਰੁ।।
ਮੰਨੈ ਤਰੈ ਤਾਰੇ ਗੁਰ ਸਿਖ। ਮੰਨੈ ਨਾਨਕ ਭਵਹਿ ਨਾ ਭਿਖ।।
ਐਸਾ ਨਾਮ ਨਿਰੰਜਣ ਹੋਇ। ਜੇ ਕੋ ਮੰਨ ਜਾਣੈ ਮਨ ਕੋਇ।।

(ਜਪੁ·ਜੀ ਸਾਹਿਬ)

5. ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹ ਨਾ ਕੋਇ।।
ਜਾ ਕਰਤਾ ਸਿਰਠੀ ਕਉ ਸਾਜੈ ਆਪੇ ਜਾਣੇ ਸੋਇ।।

(ਜਪੁ ਜੀ ਸਾਹਿਬ)

6. ਏਕਾ ਮਾਈ ਜੁਗਿਤ ਵਿਆਈ ਤਿਨ ਚੇਲੇ ਪਰਵਾਣੁ।।

ਇੱਕ ਸੰਸਾਰੀ ਇੱਕ ਭੰਡਾਰੀ ਇਕ ਲਾਏ ਦੀਬਾਣੁ।।
ਜਿਵ ਤਿਸ ਭਾਣੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।।
ਉਹ ਵੇਖਾ ਓਨਾ ਨਦਰਿ ਨਾ ਆਵੈ ਬਹੁਤਾ ਇਹ ਵਿਡਾਣੁ।।
ਆਦੇਸੁ ਤਿਸੈ ਆਦੇਸੁ।।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸ।।

(ਜਪੁ ਜੀ ਸਾਹਿਬ)

7. ਜਤੁ ਪਹਾਰਾ ਧੀਰਜ ਸੁਨਿਆਰ। ਅਹਰਣਿ ਮਤਿ ਵੇਦ ਹਥਿਆਰੁ।।
ਭਉ ਖਲਾ ਅਗਨਿ ਤਪ ਤਾਉ। ਭਾਂਡਾ ਭਾਉ ਅੰਮ੍ਰਿਤ ਤਿਤ ਢਾਲ।।
ਘੜੀਐ ਸਬਦੁ ਸਚੀ ਟਕਸਾਲ। ਜਿਨ ਕਉ ਨਦਰ ਕਰਮ ਤਿਨ ਕਾਰ।।
ਨਾਨਕ ਨਦਰੀ ਨਦਰਿ ਨਿਹਾਲ।.

(ਜਪੁ ਜੀ ਸਾਹਿਬ)

8. ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।

(ਜਪੁ ਜੀ ਸਾਹਿਬ)

9. ਸੁਣਿ ਵਡਾ ਆਖੈ ਸਭ ਕੋਇ। ਕੇਵਡੁ ਵਡਾ ਡੀਠਾ ਹੋਇ।।
ਕੀਮਤਿ ਪਾਇ ਨਾ ਕਰਿਆ ਜਾਇ। ਕਹਣੈ ਵਾਲੇ ਤੇਰੇ ਰਹੇ ਸਮਾਇ।।

(ਆਸਾ ਮਹਲਾ ਪਹਿਲਾ)

10. ਸਾਚੈ ਨਾਮ ਕੀ ਤਿਲੁ ਵਡਿਆਈ। ਆਖ ਥਕੇ ਕੀਮਤਿ ਨਹੀਂ ਪਾਈ।
ਜੇ ਸਭ ਮਿਲ ਕੇ ਆਖਣ ਪਾਹਿ। ਵਡਾ ਨਾ ਹੋਵੈ ਘਾਟਿ ਨਾ ਜਾਇ।।
ਨਾ ਉਹ ਮਰੈ ਨਾ ਹੋ ਸੋਗੁ। ਦੇਦਾ ਰਹੈ ਨਾ ਚੁਕੈ ਭੋਗੁ।।
ਗੁਣ ਏਹੋ ਹੋਰ ਨਾਹੀ ਕੋਈ। ਨਾ ਕੋ ਹੋਆ ਨਾ ਕੋ ਹੋਇ।।

(ਆਸਾ ਮਹੱਲਾ ਪਹਿਲਾ)

11. ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।।
ਪਾੜ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।।
ਜਲਿ ਜਲਿ ਰੋਵੈ ਬੁਪੜੀ ਝੜਿ ਝੜਿ ਪਵਹਿ ਅੰਗਿਆਰ।।
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ।।

(ਆਸਾ ਦੀ ਵਾਰ)

12. ਪੜਿ ਪੜਿ ਗਡੀ ਲਦੀਆਹਿ, ਪੜਿ ਪੜਿ ਭਰੀਆਹਿ ਸਾਥ।।

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਾਡੀਆਹਿ ਖਾਤ।।

ਪੜੀਅਹਿ ਜੇਤੇ ਬਰਸ ਬਰਸ ਪੜੀਅਹ ਜੇਤੇ ਮਾਸ।।

ਪੜੀਐ ਜੇਹੀ ਅਰਜਾ ਪੜੀਅਹਿ ਜੇਤੇ ਸਾਸ।।

ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ।।

(ਆਸਾ ਦੀ ਵਾਰ)

13. ਕੁੰਭੇ ਬਧਾ ਜਲ ਰਹੈ ਜਲ ਬਿਨ ਕੁੰਭ ਨਾ ਹੋਇ।।

ਗਿਆਨ ਕਾ ਬਧਾ ਮਨ ਰਹੈ ਗੁਰ ਬਿਨ ਗਿਆਨ ਨਾ ਹੋਇ। ।

(ਆਸਾ ਦੀ ਵਾਰ)

14. ਨਾਨਕ ਫਿਕਾ ਬੋਲੀਐ ਤਨ ਮਨ ਫਿਕਾ ਹੋਇ।।

ਫਿਕੋ ਫਿਕੀ ਸਦੀਐ ਫਿਕੀ ਫਿਕੀ ਸੋਇ।।

ਫਿਕਾ ਦਰਗਾਹ ਸਦੀਐ, ਮੁਹਿ ਥਕਾ ਫਿਕੇ ਪਾਇ।।

ਫਿਕਾ ਮੂਰਖ ਆਖੀਐ ਪਾਣਾ ਲਹੈ ਸਜਾਇ।।

(ਆਸਾ ਦੀ ਵਾਰ)

15. ਮਨ ਹਾਲੀ ਕਿਰਸਾਣੀ ਕਰਨੀ ਸ਼ੱਰਮ ਪਾਣੀ ਤਨੁ ਖੇਤੁ।।

ਨਾਮ ਬੀਜ ਸੰਤੋਖ ਸੁਹਾਗਾ ਰੱਖ ਗਰੀਬੀ ਵੇਸੁ।।

ਭਉ ਕਰਮ ਕਰਿ ਜੰਮਸੀ ਸੇ ਘਰ ਭਾਗਠਿ ਦੇਖ।।

ਬਾਬਾ ਮਾਇਆ ਸਾਥ ਨਾ ਹੋਇ।।

ਇਨਿ ਮਾਇਆ ਜਗੁ ਮੋਹਿਆ ਵਿਰਲਾ ਬੁਝੈ ਕੋਇ।।

ਪੰਨਾ 595

16. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵਿਆਹੁ।।

ਭੰਡਹਿ ਹੋਵੈ ਦੋਸਤੀ ਭੰਡਹਿ ਚਲੈ ਰਾਹਿ।।

ਭੰਡਿ ਮੂਆ ਭੰਡਿ ਭਾਲੀਐ ਭੰਡਿ ਹੋਵਿਹ ਬੰਧਾਨ।।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।

ਪੰਨਾ 473.

17. ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।।
ਗੁਰੂ ਪੀਰ ਹਾਮੀ ਤਾ ਭਰੈ ਜਾ ਮੁਰਦਾਰ ਨਾ ਖਾਇ।।

ਪੰਨਾ 141.

18.ਜਉ ਤਉ ਪ੍ਰੇਮ ਖੇਲਣੁ ਕਾ ਚਾਉ।।
ਸਿਰ ਧਰ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨਾ ਕੀਜੈ।।

ਪੰਨਾ 412.

19. ਕਲਿ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ।।
ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।।

ਪੰਨਾ 145

20. ਨਾਵਣ ਚਲੈ ਤੀਰਥੀ ਮਨਿ ਖੋਟੈ ਤਨ ਚੋਰ।।
ਇਕ ਭਾਉ ਲਥੀ ਨਾਤਿਆ ਦੁਇ ਭਾ ਚੜੀਅਸ ਹੋਰ।।
ਬਾਹਰਿ ਧੋਤੀ ਤੂਮੜੀ ਅੰਦਰਿ ਵਿਸ ਨਕੋਰ।।
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ।।

ਪੰਨਾ 789.

21. ਸਿੰਮਲ ਰੁਖ ਸਰਾਇਰਾ ਅਤਿ ਦੀਰਖ ਅਤਿ ਮੁਚ।।
ਓਇ ਜੋ ਆਵਹਿ ਆਸ ਕਰ ਜਾਹਿ ਨਿਰਾਸੇ ਕਿਤੁ।।
ਫਲ ਫਿਕੈ ਫੁਲ ਬਕਬਕੇ ਕੰਮਿ ਨਾ ਆਵਹਿ ਪਤ੍ਰਿ।।
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ।।

ਪੰਨਾ 470

22. ਸਖੀਓ ਸਹੇਲੜੀਓ ਮੇਰਾ ਪਿਰ ਵਣਜਾਰਾ ਰਾਮ
ਹਰਿ ਨਾਮ ਵਣੰਜੜਿਆ ਰਸਿ ਮੋਲ ਆਪਾਰਾ ਰਾਮ।।
23. ਗਗਨ ਮੈ ਥਾਲ ਰਵਿ ਚੰਦ ਦੀਪਕ ਬਣੇ ਤਾਰਿਕਾ ਮੰਡਲ ਜਨਕ ਮੋਤੀ।
ਧੂਪ ਮਲਿਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।
ਕੈਸੀ ਆਰਤੀ ਹੋਇ।।

ਭਵਖੰਡਨਾ ਤੇਰੀ ਆਰਤੀ। ਅਨਹਤਾ ਸ਼ਬਦ ਵਾਜੰਤ ਭੇਰੀ। ਰਹਾਓ।।
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁਹੀ।
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨ
ਸਹਸ ਤਵ ਗੰਧ ਇਵ ਚਲਤ ਮੋਹੀ।।
ਸਭਿ ਮਹਿ ਜੋਤਿ ਜੋਤਿ ਹੈ ਸੋਇ।।
ਤਿਸਦੈ ਚਾਨਣ ਸਭ ਮਹਿ ਚਾਨਣ ਹੋਇ। ਗੁਰਸਾਖੀ ਜੋਤ ਪਰਗਟ ਹੋਇ।।
ਜੋ ਤਿਸ ਭਾਵੇ ਸੁ ਆਰਤੀ ਹੋਇ।।
ਹਰ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿੰ ਆਹੀ ਪਿਆਸੀ।।
ਕ੍ਰਿਪਾ ਜਲ ਦੇਹ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੈ ਨਾਇ ਵਾਸਾ।।

'ਆਰਤੀ' ਪੰਨਾ 13

24. ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।।
ਆਪੈ ਦੋਸ ਨਾ ਦੇਈ ਕਰਤਾ ਜਮ ਕਰ ਮੁਗਲ ਚੜਾਇਆ।।
ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ।।
ਕਰਤਾ ਤੂੰ ਸਭਨਾ ਕਾ ਸੋਈ।।
ਜੇ ਸਕਤਾ ਸਕਤੇ ਕੋ ਮਾਰੇ ਤਾ ਮਨ ਰੋਸੁ ਨਾ ਹੋਈ। ਰਹਾਉ।।
ਸਕਤਾ ਸਹਿ ਮਾਰੇ ਪੈ ਵਗੈ ਖਸਮੈ ਸਾ ਪਰਸਾਈ।।
ਰਤਨ ਵਿਗਾੜਿ ਵਿਗੋਏ ਕੁਤੀ ਮੋਇਆਂ ਸਾਰ ਨਾ ਕਾਈ।।
ਆਪੇ ਜੋੜਿ ਵਿਛੋੜੇ ਆਪੇ ਦੇਖ ਤੇਰੀ ਵਡਿਆਈ।।
ਜੇ ਕਉ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ।।
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ।।
ਮਰਿ ਮਰਿ ਜਾਵੀ ਤਾ ਕਿਛ ਪਾਏ ਨਾਨਕ ਨਾਮੁ ਵਖਾਣੇ।।

ਪੰਨਾ 360

25. ਹਰਣੀ ਹੋਵਾ ਬਨਿ ਵਸਾ ਕੰਦ ਮੂਲ ਚੁਣ ਖਾਉ।।
ਗੁਰਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਓ।।
ਮੈਂ ਬਨਜਾਰਨ ਰਾਮ ਕੀ।।
ਤੇਰਾ ਨਾਮ ਵਖਰ ਵਪਾਰ ਜੀ। (ਰਹਾਉ)

ਕੋਕਿਲ ਹੋਵਾ ਅੰਬ ਬਸਾ ਸਹਜਿ ਸ਼ਬਦ ਬੀਚਾਰੁ।।
ਸਹਜਿ ਸੁਭਾਅ ਮੇਰਾ ਸਹੁ ਮਿਲੈ ਦਰਸ਼ਨਿ ਰੂਪ ਅਪਾਰੁ।।
ਮਛਲੀ ਹੋਵਾ ਜਲ ਬਸਾ ਜੀਅ ਜੰਤ ਸਭ ਸਾਰਿ।।
ਉਰਵਾਰਿ ਪਾਰਿ ਮੇਰਾ ਸਹੁ ਮਿਲੈ ਹਉ ਮਿਲ ਉਸੀ ਬਾਹਿ ਪਸਾਰ।।
ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ।।
ਨਾਨਕ ਸਦਾ ਸੋਹਾਗਣੀ ਜਿਨ ਜੋਤਿ ਜੋਤ ਸਮਾਇ।।

ਪੰਨਾ 157

# ਸ੍ਰੀ ਗੁਰੂ ਅੰਗਦ ਦੇਵ ਜੀ

'ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ ।।
ਏਤੇ ਚਾਨਣ ਹੋਂਦਿਆ ਗੁਰ ਬਿਨ ਘੋਰ ਅੰਧਾਰ ॥'

('ਗ.ਗ.ਸ ਪੰਨਾ 462')

ਗੁਰੂ ਅੰਗਦ ਦੇਵ ਸਿੱਖਾਂ ਦੇ ਦੂਸਰੇ ਗੁਰੂ ਸਨ। ਉਹਨਾਂ ਦਾ ਜਨਮ 31 ਮਾਰਚ 1504 ਈ. ਵਿੱਚ ਮੱਤੇ ਦੀ ਸਰਾਏ ਨਾਗਾ ਵਿਖੇ ਪਿਤਾ ਫੇਰੂ ਮੱਲ ਅਤੇ ਮਾਤਾ ਰਾਮੋ ਦੇ ਘਰ ਹੋਇਆ। ਉਹਨਾਂ ਦਾ ਪਹਿਲਾ ਨਾਮ ਲਹਿਣਾ ਸੀ। ਗੁਰੂ ਨਾਨਕ ਜੀ ਨੇ ਆਪਣਾ ਉਤਰਾਧਿਕਾਰੀ ਬਣਾਉਣ ਸਮੇਂ ਉਹਨਾਂ ਦਾ ਨਾਂ 'ਅੰਗਦ' ਕਰ ਦਿੱਤਾ ਸੀ। ਪੰਦਰਾ ਕੁ ਸਾਲ ਦੀ ਉਮਰ ਵਿੱਚ ਉਹਨਾਂ ਦਾ ਵਿਆਹ ਮਾਤਾ ਖੀਵੀ ਨਾਲ ਹੋਇਆ। ਉਹਨਾਂ ਦੇ ਦੋ ਸਪੁੱਤਰ ਦਾਤੂ ਅਤੇ ਦਾਸੂ ਸਨ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਅਤੇ ਅਨੋਖੀ ਸਨ। ਗੁਰੂ ਨਾਨਕ ਜੀ ਨਾਲ ਮਿਲਣ ਤੋਂ ਪਹਿਲਾਂ ਭਾਈ ਲਹਿਣਾ ਦੇਵੀ ਦੁਰਗਾ ਦੇ ਉਪਾਸਕ ਸਨ। ਉਹ ਹਰ ਸਾਲ ਸ਼ਰਧਾਲੂਆਂ ਨੂੰ ਲੈ ਕੇ ਜੁਆਲਾਮੁਖੀ ਜਾਂਦੇ ਸਨ। ਪਰੰਤੂ ਉਹਨਾਂ ਦਾ ਮਨ ਸਤੁੰਸ਼ਟ ਨਹੀਂ ਸੀ। ਉਹਨਾਂ ਦੀ ਪੂਰੇ ਗੁਰੂ ਨੂੰ ਮਿਲਣ ਦੀ ਤਮੰਨਾ ਦਿਨ-ਬ-ਦਿਨ ਵਧਦੀ ਜਾ ਰਹੀ ਸੀ।

ਇੱਕ ਦਿਨ ਭਾਈ ਲਹਿਣਾ ਨੇ ਗੁਰੂ ਨਾਨਕ ਦੇਵ ਜੀ ਦੇ ਅਨਿਨ ਸੇਵਕ ਭਾਈ ਜੋਧਾ ਕੋਲੋਂ ਗੁਰੂ ਜੀ ਦੀ ਬਾਣੀ ਸੁਣੀ। ਉਹਨਾਂ ਨੇ ਭਾਈ ਜੋਧਾ ਤੋਂ ਪੁੱਛਿਆ ਕਿ ਉਹ ਕਿਸਦਾ ਲਿਖਿਆ ਸ਼ਬਦ ਗਾ ਰਹੇ ਹਨ ਤਾਂ ਭਾਈ ਜੋਧਾ ਦੇ ਦੱਸਣ ਅਨੁਸਾਰ ਇਹ ਸ਼ਬਦ ਗੁਰੂ ਨਾਨਕ ਦੇਵ ਦਾ ਸੀ। ਭਾਈ ਲਹਿਣਾ ਜਵਾਲਾਮੁਖੀ ਜਾਂਦੇ ਹੋਏ ਗੁਰੂ ਨਾਨਕ ਦੇਵ ਜੀ ਨੂੰ ਮਿਲੇ। ਉਹ ਗੁਰੂ ਜੀ ਦੇ ਵਿਅਕਤੀਤਵ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਕਰਤਾਰਪੁਰ ਹੀ ਰਹਿਣ ਲੱਗੇ। ਉਹ ਗੁਰੂ ਜੀ ਦੇ ਸੱਚੇ ਸ਼ਰਧਾਲੂ ਸਨ। ਗੁਰੂ ਜੀ ਦੁਆਰਾ ਦਿੱਤਾ ਹਰ ਕੰਮ ਖਿੜੇ ਮੱਥੇ ਕਰਨ ਲਈ ਤਿਆਰ ਰਹਿੰਦੇ ਸਨ। ਉਹ ਕਰਤਾਰਪੁਰ ਰਹਿੰਦੇ ਹੋਏ ਗੁਰੂ ਜੀ ਨਾਲ ਖੇਤੀ ਦਾ ਕੰਮ ਕਰਾਉਂਦੇ, ਘਾਹ ਦੀ ਪੰਡ ਸਿਰ 'ਤੇ ਚੁੱਕ ਕੇ ਲਿਆ ਪਸ਼ੂਆਂ ਨੂੰ ਪਾਉਂਦੇ, ਲੰਗਰ ਲਈ ਰਸਦ ਆਦਿ ਸਿਰ 'ਤੇ ਲਿਆਉਂਦੇ ਸਨ। ਗੁਰੂ ਨਾਨਕ ਵੱਲੋਂ ਲਈ ਗਈ ਉਤਰਾਧਿਕਾਰੀ ਦੀ ਪ੍ਰੀਖਿਆ ਵਿੱਚ ਵਾਰ-ਵਾਰ ਕੰਧ ਬਣਾਉਣਾ ਤੇ ਢਾਹੁਣਾ

ਵਿੱਚ ਉਹ ਸਫਲ ਰਹੇ। ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਦੀ ਹਾਜ਼ਰੀ ਵਿੱਚ ਉਹਨਾਂ ਨੂੰ ਭਾਈ ਲਹਿਣਾ ਤੋਂ ਅੰਗਦ ਨਾਮ ਦੇ ਕੇ ਆਪਣਾ ਜਾਨਸ਼ੀਨ ਥਾਪਿਆ। ਭਾਈ ਗੁਰਦਾਸ ਲਿਖਦੇ ਹਨ-

'ਅੰਗਦ ਨੂੰ ਉਹੀ ਤਿਲਕ ਲਾਇਆ ਗਿਆ, ਸਿਰ ਉੱਪਰ ਛਤਰ ਛਾਇਆ ਕੀਤੀ ਗਈ, ਉਸੇ ਗੱਦੀ 'ਤੇ ਬਿਠਾਇਆ ਗਿਆ, ਜਿਥੇ ਗੁਰੂ ਨਾਨਕ ਦੇਵ ਬੈਠਦੇ ਸਨ। ਗੁਰੂ ਜੀ ਦੀ ਆਤਮਾ ਗੁਰੂ ਅੰਗਦ ਵਿੱਚ ਪ੍ਰਵੇਸ਼ ਕਰ ਗਈ। ਉਹਨਾਂ ਨੇ ਕਰਤਾਰਪੁਰ ਛੱਡ ਦਿੱਤਾ ਅਤੇ ਖਡੂਰ ਸਾਹਿਬ ਜਾ ਕੇ ਇਕਾਂਤਵਸ ਰਹਿ ਕੇ ਪ੍ਰਭੂ-ਭਗਤੀ ਵਿੱਚ ਲੀਨ ਹੋ ਗਏ। ਸਿੱਖ ਧਰਮ ਦੀ ਬਹੁਤ ਹੀ ਸਨਮਾਨਯੋਗ ਸ਼ਖਸੀਅਤ ਬਾਬਾ ਬੁੱਢਾ ਜੀ ਦੇ ਬੇਨਤੀ ਕਰਨ ਤੇ ਗੁਰੂ ਅੰਗਦ ਦੇਵ ਸਿੱਖਾਂ ਨੂੰ ਮਿਲੇ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲੱਗੇ।

ਰੋਜ਼ ਮਰਾ ਦੀ ਜ਼ਿੰਦਗੀ ਵਿੱਚ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਤਰਾਂ ਹੀ ਵਿਚਰਦੇ ਸਨ। ਸਵੇਰੇ ਜਲਦੀ ਉੱਠ ਕੇ ਸਮਾਧੀ ਵਿੱਚ ਲੀਨ ਹੁੰਦੇ। ਸੁਬਹ ਜਪੁ ਜੀ ਸਾਹਿਬ ਦਾ ਪਾਠ ਕਰਦੇ, ਉਪਰੰਤ ਸੰਗਤ ਦੀ ਹਾਜ਼ਰੀ ਵਿੱਚ 'ਆਸਾ ਦੀ ਵਾਰ' ਦਾ ਕੀਰਤਨ ਕੀਤਾ ਜਾਂਦਾ। ਸੱਤਾ ਅਤੇ ਬਲਵੰਡ ਹਰਰੋਜ਼ ਢਾਡੀ ਵਾਰਾਂ ਗਾਉਂਦੇ। ਗੁਰੂ ਅੰਗਦ ਦੇਵ ਨਿਮਰਤਾ ਦੇ ਪੁੰਜ ਸਨ। ਉਹ ਇੱਕ ਆਦਰਸ਼ ਸ਼ਗਿਰਦ, ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿਣ ਵਾਲੇ ਅਤੇ ਮਨੁੱਖਤਾ ਦੀ ਸੇਵਾ ਕਰਨਾ ਆਪਣਾ ਧਰਮ ਸਮਝਣ ਵਾਲੇ ਮਹਾਂਪੁਰਸ਼ ਸਨ। ਅਧਿਆਤਮਕ ਗੁਰ ਹੋਣ ਦੇ ਨਾਲ-ਨਾਲ ਉਹ ਅਸਲੀਅਤ ਨੂੰ ਸਮਝ ਕੇ ਮਸਲਿਆਂ ਦਾ ਹੱਲ ਕਰਦੇ ਸਨ। ਗੁਰੂ ਅੰਗਦ ਲਈ ਗੁਰੂ ਦੀ ਪਦਵੀ ਬਹੁਤ ਉੱਚੀ ਸੀ ਉਹ ਗੁਰੂ ਦਾ ਵਿਛੋੜਾ ਸਹਿਣ ਨਹੀਂ ਸਨ ਕਰਦੇ ਇਸੇ ਲਈ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਹ ਬਹੁਤ ਉਦਾਸ ਹੋਏ। ਉਹਨਾਂ ਦਾ ਮੰਨਣਾ ਸੀ ਕਿ ਗੁਰੂ ਦਾ ਹੁਕਮ ਮੰਨ ਕੇ ਹੀ ਅਧਿਆਤਮਕ ਤੌਰ 'ਤੇ ਉੱਚਾ ਉੱਠਿਆ ਜਾ ਸਕਦਾ ਹੈ। ਉਹਨਾਂ ਅਨੁਸਾਰ ਮਨੁੱਖ ਜਿਹੋ ਜਿਹੇ ਕੰਮ ਕਰਦਾ ਹੈ, ਉਹੋ ਜਿਹਾ ਹੀ ਉਸ ਨੂੰ ਫਲ ਮਿਲਦਾ ਹੈ, ਆਪਣੇ ਕਰਮਾਂ ਦੇ ਆਧਾਰ 'ਤੇ ਹੀ ਉਸਨੂੰ ਸਵਰਗ ਜਾਂ ਨਰਕ ਪ੍ਰਾਪਤ ਹੁੰਦਾ ਹੈ। ਗੁਣਾਂ ਦੇ ਧਾਰਨੀ ਮਨੁੱਖ ਨੂੰ ਜ਼ਰੂਰ ਉਸਦਾ ਫਲ ਮਿਲਦਾ ਹੈ ਅਤੇ ਬੁਰਾ ਕਰਨ ਵਾਲੇ ਨੂੰ ਸ਼ਜਾ ਮਿਲਦੀ ਹੈ। ਉਹ ਦੁੱਖ,ਤਕਲੀਫ ਵਿੱਚ ਘਿਰਦੇ ਹਨ, ਅਸਫਲ ਹੁੰਦੇ ਹਨ, ਫਿਰ ਪਛਤਾਂਉਦੇ ਹਨ। ਪ੍ਰਮਾਤਮਾ ਨੇ ਸਾਰੇ ਮਨੁੱਖਾਂ ਅਤੇ ਜੀਵ ਜੰਤੂਆਂ ਨੂੰ ਨਿਭਾਉਣ ਲਈ ਕੰਮ ਤੇ ਫਰਜ਼ ਦਿੱਤੇ ਹਨ। ਉਹ ਉਹਨਾਂ ਦੇ ਕੰਮ ਦੇਖਦਾ ਹੈ ਅਤੇ ਉਹਨਾਂ ਦੀਆਂ ਲੋੜਾਂ ਦਾ ਧਿਆਨ ਰੱਖਦਾ ਹੈ।

ਗੁਰੂ ਅੰਗਦ ਦੇਵ ਨੇ ਗੁਰਗੱਦੀ, ਸੰਭਾਲਣ ਤੋਂ ਬਾਅਦ ਪਹਿਲਾਂ ਕੰਮ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸੰਭਾਲਣ ਦਾ ਕੀਤਾ। ਜੋ ਕਿ ਪੰਜਾਬੀ

ਭਾਸ਼ਾ ਵਿੱਚ ਸਨ। ਉਸ ਸਮੇਂ ਪੰਜਾਬੀ ਲਈ ਕੋਈ ਆਪਣੀ ਕੋਈ ਲਿਪੀ ਈਜਾਦ ਨਹੀਂ ਕੀਤੀ ਗਈ ਸੀ। ਗੁਰੂ ਅੰਗਦ ਦੇਵ ਜੀ ਨੇ ਇਹਨਾਂ ਰਚਨਾਵਾਂ ਨੂੰ ਲਿਖਣ ਲਈ 'ਗੁਰਮੁਖੀ' ਲਿਪੀ ਦੀ ਕਾਢ ਕੱਢੀ ਜੋ ਕਿ ਸੌਖੀ ਅਤੇ ਸਧਾਰਨ ਲੋਕਾਂ ਦੀ ਸਮਝ ਵਿੱਚ ਆਉਣ ਵਾਲੀ ਸੀ। ਗੁਰਮੁਖੀ ਲਿਪੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਲਿਖਤ ਰੂਪ ਵਿੱਚ ਲਿਆਂਦਾ ਗਿਆ। ਉਹਨਾਂ ਨੇ ਲੋਕਾਂ ਨੂੰ ਧਾਰਮਿਕ ਸਾਹਿਤ ਅਤੇ ਪੰਜਾਬੀ ਪੜ੍ਹਨ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਲਿਖਵਾਈ ਜਿਸਨੂੰ 'ਬਾਲਾ ਜਨਮਸਾਖੀ' ਕਿਹਾ ਜਾਂਦਾ ਹੈ।

ਗੁਰੂ ਅੰਗਦ ਦੇਵ ਬੱਚਿਆਂ ਨੂੰ ਇਕੱਠਾ ਕਰਕੇ ਉਹਨਾਂ ਲਈ ਖੇਡਾਂ ਕਰਵਾਉਂਦੇ ਤੇ ਇਨਾਮ ਦਿੰਦੇ। ਉਹਨਾਂ ਦਾ ਯਕੀਨ ਸੀ ਕਿ ਪੜ੍ਹਾਈ ਦੇ ਨਾਲ ਬੱਚਿਆਂ ਦਾ ਸਰੀਰਕ ਵਿਕਾਸ ਵੀ ਹੋਣਾ ਚਾਹੀਦਾ ਹੈ। ਉਹ ਉਹਨਾਂ ਦੀ ਪੜ੍ਹਾਈ-ਲਿਖਾਈ ਵੱਲ ਖਾਸ ਤਵੱਜੋ ਦਿੰਦੇ, ਸਰੀਰਕ ਵਿਕਾਸ ਦੇ ਲਈ ਉਹਨਾਂ ਨੇ ਅਖਾੜਿਆਂ ਦੀ ਸਥਾਪਨਾ ਵੀ ਕਰਵਾਈ ਜਿੱਥੇ ਪਹਿਲਵਾਨਾਂ ਨੂੰ ਸਿੱਖਿਅਤ ਕੀਤਾ ਜਾਂਦਾ ਸੀ।

ਗੁਰੂ ਅੰਗਦ ਦੇਵ ਜੀ ਨੇ ਪਹਿਲੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਲੰਗਰ ਪ੍ਰਥਾ ਨੂੰ ਅੱਗੇ ਤੋਰਿਆ। ਲੰਗਰ ਦੀ ਸੇਵਾ ਮਾਤਾ ਖੀਵੀ ਜੇ ਦੇ ਹੱਥਾਂ ਵਿੱਚ ਸੀ ਅਤੇ ਮਾਤਾ ਖੀਵੀ ਦੇ ਹੱਥ ਜੱਸ ਸੀ। ਗੁਰੂ ਦੇ ਲੰਗਰ ਵਿਚੋਂ ਕੋਈ ਜ਼ਰੂਰਤਮੰਦ ਖਾਲੀ ਨਹੀਂ ਸੀ ਮੁੜਦਾ। ਗੁਰੂ ਅੰਗਦ ਦੇਵ ਦੇ ਲੰਗਰ ਸਮੇਂ ਪ੍ਰਥਾ ਦਾ ਵਿਸਥਾਰ ਹੋਇਆ, ਜਿਸ ਵਿੱਚ ਬਿਨਾਂ ਕਿਸੇ ਭੇਦ-ਭਾਵ, ਊਚ-ਨੀਚ ਤੋਂ ਲੰਗਰ ਵਰਤਾਇਆ ਜਾਂਦਾ ਸੀ। ਮਾਤਾ ਖੀਵੀ ਖੁਦ ਲੰਗਰ ਪ੍ਰਸ਼ਾਦੇ ਤਿਆਰ ਕਰਦੇ ਅਤੇ ਲੋੜਵੰਦਾਂ ਨੂੰ ਬੜੇ ਸਨੇਹ ਅਤੇ ਸ਼ਰਧਾ ਨਾਲ ਖਾਣਾ ਵਰਤਾਉਂਦੇ।

ਗੁਰੂ ਅੰਗਦ ਦੇਵ ਨੇ ਹਿੰਦੂ ਹੰਕਾਰੀ ਸਾਧੂ 'ਤਪਾ', ਦਯਾ ਨਾਥ, ਸੱਤਾ ਅਤੇ ਬਲਵੰਡ ਆਦਿ ਲੋਕਾਂ ਨੂੰ ਸਿੱਧਾ ਰਸਤਾ ਦਿਖਾਇਆ। ਹਾਰਿਆ ਹੋਇਆ ਮੁਗਲ ਬਾਦਸ਼ਾਹ ਹੰਮਾਯੂ/ਜਿਸ ਵੇਲੇ ਗੁਰੂ ਦਰਬਾਰ ਵਿੱਚ ਆਇਆ ਤਾਂ ਸੰਗਤ ਪ੍ਰਭੂ ਦੇ ਜਸ ਨੂੰ ਗਾ ਰਹੀ ਸੀ। ਹੰਮਾਯੂ ਨੇ ਆਪਣੀ ਗੁਰੂ ਨਾਲ ਮਿਲਣ ਵਿੱਚ ਹੁੰਦੀ ਦੇਰੀ ਵਿੱਚ ਆਪਣੀ ਤੌਹੀਨ ਸਮਝ ਕੇ ਤਲਵਾਰ ਮਿਆਨ ਵਿੱਚੋਂ ਬਾਹਰ ਕੱਢੀ। ਗੁਰੂ ਅੰਗਦ ਦੇਵ ਜੀ ਨੇ ਕਿਹਾ, 'ਜਿੱਥੇ ਤੈਨੂੰ ਤਲਵਾਰ ਕੱਢਣੀ ਚਾਹੀਦੀ ਸੀ, ਉੱਥੇ ਨਹੀਂ ਕੱਢੀ, ਉੱਥੇ ਤੂੰ ਲੜਾਈ ਦੇ ਮੈਦਾਨ ਵਿੱਚੋਂ ਡਰਪੋਕਾਂ ਦੀ ਤਰਾਂ ਭੱਜ ਆਇਆ ਹੈਂ। ਇੱਥੇ ਤੂੰ ਦਰਵੇਸ਼ ਦੇ ਸਾਹਮਣੇ ਬਹਾਦਰੀ ਦਿਖਾਉਣ ਲੱਗਾ ਹੈਂ। ਹੰਮਾਯੂ ਸ਼ਰਮਿੰਦਾ ਹੋਇਆ ਤੇ ਮਾਫ਼ੀ ਮੰਗੀ।

ਆਪਣਾ ਅੰਤ ਸਮਾਂ ਨੇੜੇ ਆਇਆ ਦੇਖ ਕੇ ਗੁਰੂ ਅੰਗਦ ਦੇਵ ਜੀ ਨੇ 28 ਮਾਰਚ 1552 ਈ. ਵਿੱਚ ਆਪਣੇ ਯੋਗ ਸਿੱਖ ਅਮਰਦਾਸ ਨੂੰ ਗੁਰਗੱਦੀ ਸੌਂਪ ਦਿੱਤੀ। ਗੁਰੂ ਅੰਗਦ ਦੇਵ ਬਾਰਾਂ ਸਾਲ, ਛੇ ਮਹੀਨੇ, ਅਤੇ ਨੌ ਦਿਨ ਗੁਰਗੱਦੀ 'ਤੇ

ਬਿਰਾਜਮਾਨ ਰਹੇ। ਉਹ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਸਿਦਕ ਨਾਲ ਅੱਗੇ ਤੋਰਨ ਅਤੇ ਸਿੱਖ ਧਰਮ ਦੀ ਨੀਂਹ ਪੱਕੀ ਕਰਨ ਵਿੱਚ ਸਫ਼ਲ ਰਹੇ।

ਗੁਰੂ ਅੰਗਦ ਦੇਵ ਜੀ ਦੇ ਰਚੇ ਹੋਏ 63 ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਉਹਨਾਂ ਨੇ ਗੁਰੂ ਨਾਨਕ ਦੀ ਬਾਣੀ ਦੀਆਂ ਬਹੁਤ ਸਾਰੀਆਂ ਗੁਰਮੁਖੀ ਲਿਪੀ ਵਿੱਚ ਲਿਖਤਾਂ ਕਰਵਾਈਆਂ। 35 ਚਿੱਠੀਆਂ ਹੋਰ ਅਲੱਗ-ਅਲੱਗ ਉਸ ਸਮੇਂ ਦੀਆਂ ਲਿਪੀਆਂ ਤੋਂ ਗੁਰਮੁਖੀ ਵਿੱਚ ਅਨੁਵਾਦ ਕਰਵਾਈਆਂ। ਆਪਣੇ ਛੋਟੇ ਜਿਹੇਕਾਲ ਵਿੱਚ ਉਹਨਾਂ ਨੇ ਹੈਰਾਨ-ਕੁੰਨ ਕੰਮ ਕੀਤੇ।

ਗੁਰੂ ਅੰਗਦ ਸ਼ੁਰੂ ਤੋਂ ਹੀ ਰੱਬ ਤੋਂ ਡਰਨ ਵਾਲੇ ਅਤੇ ਜਗਿਆਸੂ ਬਿਰਤੀ ਵਾਲੇ ਇਨਸਾਨ ਸਨ। ਸੱਚਾਈ ਦੀ ਖੋਜ ਵਿੱਚ ਉਹ ਗੁਰੂ ਨਾਨਕ ਦੇਵ ਕੋਲ ਪਹੁੰਚੇ। ਆਪਣੀ ਜਗਿਆਸਾ ਨੂੰ ਸ਼ਾਂਤ ਕੀਤਾ ਅਤੇ ਸੱਚੀ ਸ਼ਰਧਾ ਭਾਵਨਾ ਨਾਲ ਸੇਵਾ ਕਰਦੇ ਗੁਰਗੱਦੀ ਪ੍ਰਾਪਤ ਕੀਤੀ। ਦਿਆਲੂ, ਨਿਮਰ, ਗੁਰੂ ਦੇ ਪਿਆਰੇ ਤੇ ਅਗਿਆਕਾਰੀ ਸਿੱਖ ਬਣਕੇ ਉਹਨਾਂ ਨੇ ਸਿੱਖੀ ਰਹੁ-ਰੀਤਾਂ ਨੂੰ ਵਡਿਆਈ ਬਖ਼ਸ਼ੀ। ਗੁਰੂ ਤੋਂ ਇੱਕ ਪਲ ਵੀ ਦੂਰ ਨਾ ਰਹਿਣ ਵਾਲੇ ਅੰਗਦ ਦੇਵ ਖਡੂਰ ਸਾਹਿਬ ਚਲੇ ਗਏ ਤਾਂ ਕਿ ਉਹਨਾਂ ਨੂੰ ਗੁਰਆਈ ਮਿਲਣ ਕਰਕੇ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਇਸ ਸਮੇਂ ਦੁਖੀ ਨਾ ਹੋਣ। ਬਾਬੇ ਨਾਨਕ ਵਾਂਗ ਉਹ ਵਹਿਮਾਂ-ਭਰਮਾਂ, ਪਾਖੰਡਾਂ, ਜਾਦੂ-ਟੋਨਿਆਂ ਆਦਿ ਭੈੜੀਆਂ ਰਸਮਾਂ ਤੋਂ ਦੂਰ ਰਹੇ ਤੇ ਲੋਕਾਂ ਨੂੰ ਵੀ ਪ੍ਰੇਰਿਤ ਕੀਤਾ ਕਿ ਸੱਚੇ ਪ੍ਰਭੂ ਦੀ ਭਗਤੀ ਨਾਲ ਹੀ ਮੁਕਤੀ ਮਿਲਦੀ ਹੈ ਤੇ ਸੱਚ ਦੇ ਮਾਰਗ 'ਤੇ ਚੱਲਣ ਵਾਲੇ ਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ ਹੁੰਦੀ।

ਗੁਰੂ ਅੰਗਦ ਦੇਵ ਜੀ ਨੇ ਆਪਣਾ ਵਾਰਸ ਚੁਣਨ ਵੇਲੇ ਵੀ ਸਹੀ ਰਸਤਾ ਅਖਤਿਆਰ ਕੀਤਾ। ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਸਭ ਤੋਂ ਯੋਗ ਸਿੱਖ ਅਮਰਦਾਸ ਨੂੰ ਗੁਰਗੱਦੀ ਸੌਂਪੀ। 'ਆਪਣੀ ਨਿਮਰਤਾ ਕਰਕੇ ਹੀ ਅਤੇ ਗੁਰੂ ਦੀ ਉਚੇਰੀ ਪਦਵੀ ਨੂੰ ਧਿਆਨ ਵਿੱਚ ਰੱਖਦੇ ਹੋਏਉਹਨਾਂ ਨੇ ਆਪਣੀ ਬਾਣੀ 'ਨਾਨਕ' ਨਾਮ ਹੇਠ ਉਚਾਰੀ। ਇਨਾਂ ਤੋਂ ਪਿੱਛੋਂ ਦੂਸਰੇ ਗੁਰੂਆਂ ਨੇ ਵੀ ਇਸੇ ਰੀਤ ਨੂੰ ਅੱਗੇ ਤੋਰਿਆ। ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਨੂੰ ਹਿੰਦੂਵਾਦ ਤੋਂ ਸੁਤੰਤਰ ਕੀਤਾ ਅਤੇ ਸਿੱਖ ਧਰਮ ਨੂੰ ਹਿੰਦੂ ਧਰਮ ਤੋਂ ਅਲੱਗ ਤੇ ਖਾਸ ਧਰਮ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ। ਹਾਲਾਂਕਿ  ਪਹਿਲਾਂ ਉਹ ਆਪ ਵੀ ਦੇਵੀ ਦੇ ਉਪਾਸਕ ਸਨ ਅਤੇ ਹਰ ਸਾਲ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ। ਪਰ ਜਦੋਂ ਇੱਕ ਵਾਰ ਉਹਨਾਂ ਨੇ ਗੁਰੂ ਦਾ ਪੱਲਾ ਫੜ ਲਿਆ ਤਾਂ ਸਾਰੇ ਦਾ ਸਾਰਾ ਆਪਾ ਗੁਰੂ ਦੇ ਸਪੁਰਦ ਕਰ ਦਿੱਤਾ। ਆਪਣੇ ਗੁਰੂ ਦੀ ਸੇਵਾ ਕੀਤੀ। ਤਨ ਮਨ ਗੁਰੂ ਨੂੰ ਸੌਂਪ ਕੇ ਹਰ ਹੁਕਮ ਦੀ ਪਾਲਣਾ ਕੀਤੀ ਅਤੇ ਇਸ ਘਾਲਣਾ ਦਾ ਫਲ ਗੁਰੂ ਨੇ ਉਹਨਾਂ ਨੂੰ ਗੁਰਗੱਦੀ ਸੌਂਪ ਕੇ ਬਖਸ਼ਿਆ।

ਗੁਰੂ ਅੰਗਦ ਦੇਵ ਜੀ ਦੇ ਸਮੁੱਚੇ ਜੀਵਨ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾ ਭਾਗ ਉਹ ਹੈ ਜਿਹੜਾ ਉਹਨਾਂ ਨੇ ਦੇਵੀ ਪੂਜਾ ਵਿੱਚ ਗੁਜ਼ਾਰਿਆ, ਦੇਵੀ ਦਰਸ਼ਨਾਂ ਲਈ ਭਿੰਨ-ਭਿੰਨ ਥਾਵਾਂ 'ਤੇ ਜਾ ਕੇ ਪੂਜਾ ਅਰਚਨਾ ਕੀਤੀ। ਦੇਵੀ ਨੂੰ ਖੁਸ਼ ਕਰਨ ਲਈ ਦਾਨ ਪੁੰਨ ਕੀਤੇ ਤੇ ਲੰਗਰ ਲਾਏ ਤੇ ਭੇਟਾ ਚੜ੍ਹਾਈਆਂ। ਪਰ ਮਨ ਸਤੁੰਸ਼ਟ ਨਾ ਹੋਇਆ। ਦੂਜੇ ਭਾਗ ਵਿੱਚ ਉਹ ਗੁਰੂ ਨਾਨਕ ਦੇਵ ਜੀ ਦੇ ਲੜ ਲੱਗ ਗਏ। ਇੱਥੇ ਉਹਨਾਂ ਨੂੰ ਸਮਰੱਥ ਗੁਰੂ ਮਿਲਿਆ ਜਿਸਨੇ ਉਹਨਾਂ ਦੇ ਮਨ ਦੀ ਜਿਗਿਆਸਾ ਨੂੰ ਸ਼ਾਂਤ ਕੀਤਾ। ਉਹਨਾਂ ਨੂੰ ਪ੍ਰਮਾਤਮਾ ਨਾਲ ਮਿਲਣ ਲਈ ਰਾਹ ਦਸੇਰਾ ਤੇ ਪਰਪੱਕ ਰਸਤਾ ਮਿਲ ਗਿਆ। ਗੁਰੂ ਨਾਨਕ ਦੇਵ ਜੀ ਦੀ ਸ਼ਖਸ਼ੀਅਤ ਤੋਂ ਉਹ ਇੰਨੇ ਪ੍ਰਭਾਵਿਤ ਹੋਏ ਕਿ ਔਖੇ ਤੋਂ ਔਖੇ ਰਸਤੇ 'ਤੇ ਚੱਲਣ ਲਈ ਵੀ ਤਿਆਰ ਹੋ ਜਾਂਦੇ ਆਪਣੇ ਗੁਰੂ ਦੀ ਸੇਵਾ ਹੀ ਉਹਨਾਂ ਦੀ ਜ਼ਿੰਦਗੀ ਦਾ ਮੁੱਖ ਉਦੇਸ਼ ਬਣ ਗਿਆ। ਉਹਨਾਂ ਦੀਆਂ ਪ੍ਰੀਖਿਆਵਾਂ ਲਈਆਂ ਉਹ ਉਹਨਾਂ ਵਿੱਚ ਸਫ਼ਲ ਹੋਏ। ਗੁਰੂ ਦਾ ਹੁਕਮ ਉਹਨਾਂ ਲਈ ਇਲਾਹੀ ਹੁਕਮ ਸੀ। ਗੁਰੂ ਦੇ ਸ਼ਬਦ, ਗੁਰੂ ਦੀ ਬਾਣੀ ਭਾਈ ਲਹਿਣਾ ਤੇ ਪਿੱਛੋਂ ਬਣੇ ਗੁਰੂ ਅੰਗਦ ਲਈ ਸਭ ਤੋਂ ਉੱਤਮ ਸਨ। ਤੀਜਾ ਭਾਗ ਉਹਨਾਂ ਦੀ ਜ਼ਿੰਦਗੀ ਦਾ ਉਹ ਭਾਗ ਹੈ ਜਦੋਂ ਉਹਨਾਂ ਨੂੰ ਗੁਰਗੱਦੀ ਮਿਲੀ। ਉਹਨਾਂ ਨੇ ਇਸ ਪਵਿੱਤਰ ਅਸਥਾਨ 'ਤੇ ਬੈਠ ਕੇ ਆਪਣੇ ਗੁਰੂ ਦੇ ਸੰਦੇਸ਼ ਨੂੰ ਸਿੱਖ ਸੰਗਤ ਵਿੱਚ ਫੈਲਾਇਆ, ਸੰਗਤਾਂ ਨੂੰ ਨਾਨਕ ਨਾਮ ਨਾਲ ਜੋੜਿਆ। ਬਾਣੀ ਨੂੰ ਇਕੱਠਾ ਕਰਕੇ ਲਿਖਣਾ ਗੁਰੂ ਗਰੰਥ ਸਾਹਿਬ ਦੀ ਸਥਾਪਨਾ ਦਾ ਪਹਿਲਾ ਕਦਮ ਗੁਰੂ ਅੰਗਦ ਦੇਵ ਜੀ ਨੇ ਉਠਾਇਆ।

ਗੁਰੂ ਅੰਗਦ ਦੇਵ ਜੀ ਨੇ ਆਪ ਵੀ ਬਾਣੀ ਰਚੀ ਜਿਸ ਵਿੱਚ ਉਹਨਾਂ ਨੇ ਗੁਰੂ ਪ੍ਰੇਮ, ਗੁਰੂ ਭਗਤੀ, ਗੁਰੂ ਮਿਲਾਪ, ਗੁਰ ਪ੍ਰਾਪਤੀ, ਆਤਮ ਸਮਰਪਣ ਅਤੇ ਗੁਰ-ਸ਼ਬਦ 'ਤੇ ਜ਼ੋਰ ਦਿੱਤਾ। ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿੱਚ ਮਿਲਦੀ ਵਿਲੱਖਣਤਾ ਵਿੱਚ ਬਿਰਹਾ ਦੀ ਤੜਪ ਹੈ, ਮਨੁੱਖਤਾ ਦੀ ਬਰਾਬਰਤਾ 'ਤੇ ਜ਼ੋਰ ਦਿੱਤਾ ਗਿਆ ਹੈ, ਮਨਮੁੱਖ ਤੋਂ ਗੁਰਮੱਖ ਬਣਨ ਲਈ ਨਸੀਹਤ ਦਿੱਤੀ ਗਈ ਹੈ ਅਤੇ ਪ੍ਰਮਾਤਮਾ ਦੇ ਅਸਲੀ ਸੇਵਕ ਬਣਨ ਲਈ ਮਨੁੱਖ ਨੂੰ ਆਦੇਸ਼ ਦਿੱਤਾ ਗਿਆ ਹੈ। ਸਿੱਖਾਂ ਨੂੰ ਹਿਦਾਇਤ ਦਿੱਤੀ ਗਈ ਹੈ ਕਿ ਉਹ ਚੰਗੇ ਤੇ ਮਾੜੇ ਦੀ ਪਹਿਚਾਣ ਕਰਕੇ ਚੰਗੇ ਵੱਲ ਪ੍ਰੇਰਿਤ ਹੋਣ। ਗੁਰੂ ਅੰਗਦ ਦੇਵ ਜੀ ਦੀ ਬਾਣੀ ਤੇ ਗੁਰੂ ਨਾਨਕ ਦੇਵ ਵੱਲੋਂ ਦਿੱਤੀਆਂ ਸਿੱਖਿਆਵਾਂ ਤੇ ਅਸੂਲਾਂ ਦਾ ਸਪੱਸ਼ਟ ਪ੍ਰਭਾਵ ਹੈ। ਉਹਨਾਂ ਨੇ ਆਪ ਇਹਨਾਂ ਅਸੂਲਾਂ ਨੂੰ ਜੀਵਿਆ, ਆਪਣੀ ਜ਼ਿੰਦਗੀ ਵਿੱਚ ਇਹਨਾਂ ਨੂੰ ਲਾਗੂ ਕੀਤਾ ਅਤੇ ਜੀਵਨ ਜਾਂਚ ਵੀ ਸਿਖਾਈ। ਉਹਨਾਂ ਨੇ ਬਾਣੀ ਪੜ੍ਹੀ ਆਪਣੀ ਬਾਣੀ ਵੀ ਰਚੀ, ਆਪਣੀ ਜ਼ਿੰਦਗੀ ਵਿੱਚ ਉਹੀ ਸਾਦਗੀ ਪਵਿੱਤਰਤਾ ਤੇ ਸਦਾਚਾਰਤਾ ਨਿਭਾਈ ਅਤੇ ਸਿੱਖਾਂ ਨੂੰ ਵੀ ਇਸੇ ਸੱਚੇ ਰਾਹ 'ਤੇ ਚੱਲਣ ਲਈ ਉਪਦੇਸ਼ ਦਿੱਤਾ।

ਗੁਰੂ ਅੰਗਦ ਦੇਵ ਜੀ ਸ਼ਲੋਕਾਂ ਦਾ ਅਧਿਐਨ ਕਰਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਹ ਅੰਦਰੋਂ ਬਾਹਰੋਂ ਪ੍ਰਮਾਤਮਾ ਨਾਲ ਇਕ ਮਿਕ ਸਨ। ਸ਼ਲੋਕ ਵਿੱਚ ਆਦਰਸ਼ ਮਨੁੱਖ ਦੀ ਵੀ ਸਿਰਜਣਾ ਕਰਨ ਹਿਤ ਅਨੇਕ ਸਿੰਬਲਾਂ, ਸੰਕਲਪ, ਵਸਤਾਂ, ਜਜ਼ਬਿਆਂ ਤੇ ਵਿਚਾਰਾਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ। ਉਹਨਾਂ ਦਾ ਵਿਚਾਰ ਸੀ ਕਿ ਪ੍ਰਮਾਤਮਾ ਨੂੰ ਪਾਉਣ ਲਈ ਨਾ ਸੰਸਾਰ ਛੱਡਣ ਦੀ ਲੋੜ ਨਹੀਂ ਸਗੋਂ ਇਸ ਸੰਸਾਰ ਵਿੱਚ ਵਿਚਰਦਿਆਂ ਹੀ ਪ੍ਰਭੂ ਨਾਲ ਜੁੜਨਾ ਚਾਹੀਦਾ ਹੈ। ਇਸੇ ਨੂੰ ਉਹ ਪ੍ਰਭੂ-ਪ੍ਰੇਮ ਦਾ ਨਾਂ ਦਿੰਦੇ ਸਨ।

ਗੁਰੂ ਅੰਗਦ ਦੇਵ ਜੀ ਦੇ ਅਨੁਸਾਰ ਲੰਗਰ ਵਿੱਚ ਗਰੀਬਾਂ, ਜ਼ਰੂਰਤਮੰਦਾਂ, ਮਜ਼ਲੂਮਾਂ, ਭੁੱਖਿਆਂ, ਅਪਾਹਜਾਂ ਤੇ ਰੋਗੀਆਂ ਨੂੰ ਪ੍ਰਮੁੱਖਤਾ ਦੇਣੀ ਚਾਹੀਦੀ ਹੈ। ਚੰਗੇ ਭਲੇ ਤੇ ਤੰਦਰੁਸਤ ਆਦਮੀ ਨੂੰ ਕਮਾਈ ਕਰ ਕੇ ਆਪਣੀ ਰੋਜ਼ੀ ਰੋਟੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਲੋੜਵੰਦਾਂ ਨੂੰ ਪਿਆਰ ਤੇ ਸਤਿਕਾਰ ਨਾਲ ਭੋਜਨ ਕਰਾਉਣਾ ਚਾਹੀਦਾ ਹੈ ਤਾਂ ਕਿ ਕਿਸੇ ਦੇ ਤਰਸ ਦਾ ਪਾਤਰ ਨਾ ਬਨਣ।

ਗੁਰੂ ਅੰਗਦ ਦੇਵ ਜੀ ਨੇ ਆਪਣੇ ਗੁਰੂਤਾ ਸਮੇਂ ਕੀਰਤਨ ਪਰੰਪਰਾ ਨੂੰ ਭਰਪੂਰ ਵਡਿਆਈ ਬਖਸ਼ੀ। ਭਾਈ ਬਲਵੰਡ ਤੇ ਸੱਤਾ ਉਹਨਾਂ ਦੇ ਨਾਲ ਸਨ ਤੇ ਉਹ ਪ੍ਰਸਿੱਧ ਕੀਰਤਨੀਏ ਸਨ। ਢਾਡੀ ਵਾਰਾਂ ਗਾਉਣ ਵਿੱਚ ਉਹਨਾਂ ਦਾ ਕੋਈ ਸਾਨੀ ਨਹੀਂ ਸੀ। ਗੁਰੂ ਅੰਗਦ ਦੇਵ ਜੀ ਨੇ ਉਹਨਾਂ ਨੂੰ ਸਰਪ੍ਰਸਤੀ ਦਿੱਤੀ ਅਤੇ ਕੀਰਤਨ ਪਰੰਪਰਾ, ਜੋ ਬਾਬੇ ਨਾਨਕ ਨੇ ਭਾਈ ਮਰਦਾਨੇ ਦੀ ਰਬਾਬ ਨਾਲ ਆਰੰਭ ਕੀਤੀ ਸੀ ਉਸ ਨੂੰ ਅੱਗੇ ਤੋਰਿਆ। ਰਬਾਬੀ ਬਲਵੰਡ ਨੂੰ ਤਾਂ ਗੁਰੂ ਜੀ ਆਪਣੇ ਨਾਲ ਹੀ ਖਡੂਰ ਸਾਹਿਬ ਲੈ ਕੇ ਆਏ ਸਨ। ਗੁਰੂ ਅੰਗਦ ਦੇਵ ਜੀ ਦੀ ਸਿੱਖ ਧਰਮ ਨੂੰ ਇਹ ਅਦੁੱਤੀ ਦੇਣ ਹੈ। ਉਹਨਾਂ ਨੇ ਕੀਰਤਨਕਾਰਾਂ ਦੀ ਘਰਾਣੇਦਾਰ ਪਰੰਪਰਾ ਦਾ ਆਰੰਭ ਕੀਤਾ। ਇਹ ਦੂਸਰੇ ਗੁਰੂਆਂ ਦੇ ਜੀਵਨ ਕਾਲ ਵਿੱਚ ਬਾ-ਦਸਤੂਰ ਚੱਲਦਾ ਰਿਹਾ।

ਗੁਰੂ ਅੰਗਦ ਦੇਵ ਜੀ ਨੇ ਤਿਉਹਾਰਾਂ ਦੀਵਾਲੀ, ਦੁਸਹਿਰਾ ਤੇ ਹੋਰ ਮੌਕੇ ਜੋੜ ਮੇਲਿਆਂ ਦੀ ਰੀਤ ਚਲਾਈ। ਸਾਰੀ ਸੰਗਤ ਗੁਰੂ ਦਰਬਾਰ ਵਿੱਚ ਇਕੱਠੀ ਹੁੰਦੀ ਤੇ ਤਿਉਹਾਰ ਮਨਾਏ ਜਾਂਦੇ। ਗੁਰੂ ਜਸ ਗਾਇਆ ਜਾਂਦਾ, ਲੰਗਰ ਚੱਲਦੇ ਅਤੇ ਗੁਰੂ ਅੰਗਦ ਦੇਵ ਜੀ ਨੇ ਜਿੱਥੇ ਬਾਬੇ ਨਾਨਕ ਦੇ ਮਿਸ਼ਨ ਨੂੰ ਅੱਗੇ ਤੋਰਿਆ ਇਸ ਤਰਾਂ ਦੀਆਂ ਨਵੀਆਂ ਪਰੰਪਰਾਵਾਂ ਵੀ ਪਾਈਆਂ ਗਈਆਂ। ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਲਈ ਉਹਨਾਂ ਦੀ ਭੂਮਿਕਾ ਸ਼ਲਾਘਾਯੋਗ ਹੈ।

# ਗੁਰੂ ਅੰਗਦ ਦੇਵ ਜੀ ਦੇ ਕੁੱਝ ਚੋਣਵੇਂ ਸ਼ਬਦ ਜੋ ਗੁਰੂ ਗਰੰਥ ਸਾਹਿਬ ਵਿੱਚ ਦਰਜ ਹਨ

1. ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ।।
ਏਤੇ ਚਾਨਣ ਹੋਂਦਿਆ ਗੁਰ ਬਿਨ ਘੋਰ ਅੰਧਾਰ।।

(ਗੁਰੂ ਗਰੰਥ ਸਾਹਿਬ 'ਆਸਾ ਦੀ ਵਾਰ' ਪੰਨਾ 462.)

2. ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ।।
ਬੀਜੇ ਬਿਖ ਮੰਗੇ ਅੰਮ੍ਰਿਤ ਵੇਖਹੁ ਏਹੁ ਨਿਆਉ।।

(ਆਸਾ ਦੀ ਵਾਰ ਪੰਨਾ 474)

3. ਨਾਲ ਇਆਣੇ ਦੋਸਤੀ ਵਡਾਰੂ ਸਿਉ ਨੇਹੁ।।
ਪਾਣੀ ਅੰਦਰਿ ਲੀਕ ਜਿਉ ਤਿਸ ਕਾ ਥਾਉ ਨਾ ਥੇਹੁ।।

(ਆਸਾ ਦਾ ਵਾਰ ਪੰਨਾ 474)

4. ਬਧਾ ਚਾਟੀ ਜੋ ਭਰੇ ਨਾ ਗੁਣ ਨਾ ਉਪਕਾਰ।।
ਸੇਤੀ ਖੁਸ਼ੀ ਸਵਾਰੀਐ ਨਾਨਕ ਕਾਰਜ ਸਾਰੁ।।

5. ਨਾਨਕ ਤਿਨਾ ਬਸੰਤ ਹੈ ਜਿਨਹੁ ਘਰ ਵਸਿਆ ਕੰਤੁ।।
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸ ਫਿਰਹਿ ਜਲੰਤ।।

(ਬਸੰਤ ਰਾਗ ਪੰ.79।)

6. ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ।।
ਰਤਨਾ ਸਾਰ ਨਾ ਜਾਣਈ ਆਵੈ ਆਪੁ ਲਖਾਇ।।

(ਪੰਨਾ 954)

7. ਆਪੈ ਜਾਣੈ ਕਰੇ ਆਪਿ ਆਪੇ ਆਵੈ ਰਾਸਿ।।
ਤਿਸੈ ਅਗੇ ਨਾਨਕਾ ਖਲਿਇ ਕੀਚੈ ਅਰਦਾਸਿ।।

(ਪੰਨਾ 1093)

8. ਸਾਵਣ ਆਇਆ ਹੈ ਸਖੀ ਕੰਤੈ ਚਿਤਿ ਕਰੇਹੁ।।
ਨਾਨਕ ਝੂਰ ਮਰਹਿ ਦੋਹਰਾਣੀ ਜਿਨ ਅਵਰੀ ਲਾਗਾ ਨੇਹੁ।।

(ਪੰਨਾ 1280)

9. ਨਾਨਕ ਦੁਨੀਆ ਕੀਆ ਵਡਿਆਈਆਂ ਅਸੀ ਸੇਤੀ ਜਾਲਿ।।
ਏਨੀ ਜਲੀਈ ਨਾਮ ਵਿਸਰਿਆ ਇਕ ਨਾ ਚਲੀਆ ਨਾਲਿ।।

(ਪੰਨਾ 1290)

10. ਜੋ ਸਿਰ ਸਾਈ ਨਾ ਨਿਵੈ ਸੋ ਸਿਰ ਦੀਜੈ ਡਾਰ।।
ਨਾਨਕ ਜਿਸ ਪਿੰਜਰ ਮਹਿ ਬਿਰਹਾ ਨਹੀਂ ਸੋ ਪਿੰਜਰ ਲੈ ਜਾਹਿ।।

(ਪੰਨਾ 89)

11. ਇਹ ਜਗ ਸਾਚੈ ਕੀ ਹੈ ਕੋਠੜੀ ਸਚੇ ਕਾ ਵਿੱਚ ਵਾਸੁ।।
ਇਕ ਨੁਹਾ ਹੁਕਮ ਸਮਾਇ ਲਏ ਇਕਨੁਹਾਂ ਹੁਕਮੇ ਕਰੇ ਵਿਣਾਸੁ।।
ਇਕਨੁਹਾਂ ਭਾਣੇ ਕਢਿ ਲਏ ਇਕਨੁਹਾਂ ਮਾਇਆ ਵਿੱਚ ਨਿਵਾਸੁ।।
ਏਵਿ ਭਿ ਆਖਿ ਨਾ ਜਾਪਈ ਜਿ ਕਿਸੈ ਆਣੇ ਰਾਸਿ।।
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ।।

(ਪੰਨਾ 463)

12. ਦੀਖਿਆ ਆਖਿ ਬੁਝਾਇਆ ਸਿਫਤੀ ਸਾਚਿ ਸਮੇਉ।।
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੂ ਨਾਨਕ ਦੇਉ।।

(ਪੰਨਾ 150)

13. ਆਖਣ ਆਖ ਨਾ ਰਜੀਆ ਸੁਨਣਿ ਗਾਹਕ ਇਕ ਵੰਨ।।
ਅਖੀ ਦੇਖ ਨਾ ਰਜੀਆ ਗੁਣ ਗਾਹਕ ਇਕ ਵੰਨ।।
ਭੁਖਿਆ ਭੁਖਿ ਨਾ ਉਤਰੈ ਗਲੀ ਭੁਖ ਨਾ ਜਾਇ।।
ਨਾਨਕ ਭੁਖਾ ਤਾਂ ਰਜੈ ਜਾ ਗੁਣ ਕਹਿ ਗੁਣੀ ਸਮਾਇ।।

(ਪੰਨਾ 147)

14. ਅਖੀ ਬਾਝਹੁ ਦੇਖਣਾ ਵਿਣੁ ਕੰਨਾ ਸੁਣਨਾ,
ਪੈਰਾ ਬਾਝਹੁ ਚਲਣਾ ਵਿਣ ਹਥਾ ਕਰਣਾ।।
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ।।
ਨਾਨਕ ਹੁਕਮ_ਪਛਾਣਿ ਕੈ ਤਉ ਖਸਮ ਮਿਲਣਾ।।

(ਪੰਨਾ 139)

15. ਏਕ ਕ੍ਰਿਸ਼ਨ ਸਰਬ ਦੇਵਾ ਦੇਵ ਦੇਵਾ ਆਤਮਾ।।
ਆਤਮਾ ਬਾਸੁਦੇਵਸਿ ਜੇ ਕੋ ਜਾਣੈ ਭੇਉ।।
ਨਾਨਕ ਤਾ ਕਾ ਦਾਸ ਹੈ ਸੋਈ ਨਿਰੰਜਨ ਦੇਉ।।

(ਪੰਨਾ 469)

16. ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰ ਚਲੀਐ।।
ਧ੍ਰਿਗ ਜੀਵਣੁ ਸੰਸਾਰ ਤਾ ਕੇ ਪਾਛੈ ਜੀਵਣਾ।।

(ਪੰਨਾ 83)

17. ਸਾਲਮੁ ਜਬਾਬੁ ਦੇਵੈ ਕਰੇ ਮੰਢਹਿ ਘੁਥਾ ਜਾਇ।।
ਨਾਨਕ ਦੇਵੈ ਕੂੜੀਆਂ ਥਾਇ ਨਾ ਕਾਇ ਪਾਇ।।

(ਪੰਨਾ 474)

# ਸ੍ਰੀ ਗੁਰੂ ਅਮਰ ਦਾਸ ਜੀ

'ਏ ਸਰੀਰਾ ਮੇਰਿਆ,
ਹਰੀ ਤੁਝ ਮੇ ਜੋਤ ਰੱਖੀ ਤਾਂ ਤੂੰ ਜਗ ਮਹਿ ਆਇਆ।।'

'ਗ.ਗ.ਸ: ਪੰਨਾ 33)

ਸਿੱਖ ਧਰਮ ਦੇ ਤੀਸਰੇ ਗੁਰੂ ਅਮਰ ਦਾਸ ਜੀ ਦਾ ਜਨਮ ਗੁਰੂ ਨਾਨਕ ਦੇਵ ਜੀ ਤੋਂ ਦਸ ਸਾਲ ਬਾਅਦ 5 ਮਈ, 1479 ਈ. ਵਿੱਚ ਬਾਸਰਕੇ ਜਿਲਾ ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਦੇ ਪਿਤਾ ਤੇਜ ਭਾਨ ਖੱਤਰੀ ਅਤੇ ਮਾਤਾ ਸੁਲੱਖਣੀ ਸਨ। 23 ਸਾਲ ਦੀ ਉਮਰ ਵਿੱਚ ਉਹਨਾਂ ਦਾ ਵਿਆਹ ਬੇਬੇ ਮਨਸਾ ਦੇਵੀ ਨਾਲ ਹੋਇਆ। ਉਹਨਾਂ ਦੇ ਦੋ ਪੁੱਤਰ ਮੋਹਨ ਅਤੇ ਮੋਹਰੀ ਅਤੇ ਦੋ ਪੁੱਤਰੀਆਂ ਬੀਬੀ ਭਾਨੀ ਅਤੇ ਬੀਬੀ ਦਾਨੀ ਸਨ। ਬੀਬੀ ਭਾਨੀ ਦਾ ਵਿਆਹ ਗੁਰੂ ਰਾਮਦਾਸ ਨਾਲ ਹੋਇਆ।

ਗੁਰੂ ਅਮਰਦਾਸ ਜੀ ਦੀ ਜ਼ਿੰਦਗੀ ਬੜੀ ਸਧਾਰਣ ਸੀ। ਉਹ ਵੈਸ਼ਨਵ ਮੱਤ ਦੇ ਧਾਰਣੀ ਸਨ ਅਤੇ ਉਹਨਾਂ ਦਾ ਪਰਿਵਾਰਕ ਕਿੱਤਾ ਵਪਾਰ ਕਰਨਾ ਸੀ। ਲੋਕ ਉਹਨਾਂ ਦੀ ਇਮਾਨਦਾਰੀ ਤੋਂ ਬਹੁਤ ਖੁਸ਼ ਸਨ। ਉਹ ਹਰ ਸਾਲ ਹਰਦੁਆਰ ਇਸ਼ਨਾਨ ਲਈ ਜਾਂਦੇ ਸਨ ਅਤੇ ਹਿੰਦੂਆਂ ਦੀ ਤਰਾਂ ਸਾਰੀਆਂ ਰਹੁ-ਰੀਤਾਂ ਪੂਰੀਆਂ ਕਰਦੇ ਸਨ ਪ੍ਰੰਤੂਉਹਨਾਂ ਦਾ ਮਨ ਸ਼ਾਂਤ ਨਹੀਂ ਸੀ ਅਤੇ ਉਹ ਹਮੇਸ਼ਾ ਉਸ ਗੁਰੂ ਦੀ ਭਾਲ ਵਿੱਚ ਰਹਿੰਦੇ ਸਨ ਜੋ ਉਹਨਾਂ ਦੇ ਮਨ ਦੇ ਸ਼ੰਕੇ ਦੂਰ ਕਰ ਸਕੇ। ਇਸ ਫਿਕਰ ਨੂੰ ਲੈ ਕੇ ਇੱਕ ਦਿਨ  ਸਵੇਰੇ-ਸਵੇਰੇ ਉਹਨਾਂ ਨੇ ਬਹੁਤ ਹੀ ਮਧੁਰ ਆਵਾਜ਼ ਵਿੱਚ ਕੋਈ ਇਸਤਰੀ ਸ਼ਬਦ ਗਾਇਨ ਕਰਦੀ ਸੁਣੀ। ਉਹ ਬੀਬੀ ਅਮਰੋ ਗੁਰੂ ਅੰਗਦ ਦੇਵ ਜੀ ਦੀ ਬੇਟੀ ਸੀ ਜੋ ਗੁਰੂ ਅਮਰ ਦਾਸ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਇਹਨਾਂ ਸ਼ਲੋਕਾਂ ਦਾ ਗੁਰੂ ਅਮਰਦਾਸ ਦੇ ਮਨ 'ਤੇ ਗਹਿਰਾ ਅਸਰ ਹੋਇਆ, ਉਹਨਾਂ ਦੇ ਪਿਆਸੇ ਮਨ ਨੂੰ ਸ਼ਾਂਤੀ ਮਿਲੀ। ਪੁੱਛਣ 'ਤੇ ਬੀਬੀ ਅਮਰੋ ਨੇ ਦੱਸਿਆ ਕਿ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦੇ ਹਨ ਅਤੇ ਗੁਰੂ ਨਾਨਕ ਦਾ ਦਰ ਹਰ ਸਮੇਂ ਖੁੱਲ੍ਹਾ ਹੈ। ਉਹਨਾਂ ਨੇ ਬੀਬੀ ਅਮਰੋ ਨੂੰ ਕਿਹਾ ਕਿ ਉਹ ਉਹਨਾਂ ਨੂੰ ਨਾਨਕ ਦੇ ਦਰ 'ਤੇ ਲੈ ਕੇ ਜਾਣ। ਬੀਬੀ ਨੇ ਦੱਸਿਆ ਕਿ ਉਸ ਸਮੇਂ ਉਹਨਾਂ ਦੇ ਪਿਤਾ ਗੁਰੂ ਅੰਗਦ ਦੇਵ ਇਸ ਗੱਦੀ 'ਤੇ ਬਿਰਾਜਮਾਨ ਹਨ।

ਉਹ ਬੀਬੀਅਮਰੋ ਦੇ ਨਾਲ ਖਡੂਰ ਸਾਹਿਬ ਗੁਰੂ ਅੰਗਦ ਦੇਵ ਨੂੰ ਮਿਲਣ

ਆਏ। ਉਸ ਸਮੇਂ ਉਹਨਾਂ ਦੀ ਉਮਰ 61 ਸਾਲ ਸੀ। ਉਹ ਉੱਥੇ ਜਾ ਕੇ ਗੁਰੂ ਜੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ। ਕੁਝ ਦਿਨਾਂ ਦੇ ਵਿੱਚ ਵਿਚਾਰਾਂ ਦੇ ਵਟਾਂਦਰੇ ਤੋਂ ਬਾਅਦ ਗੁਰੂ ਅਮਰਦਾਸ ਦੇ ਸਾਰੇ ਸ਼ੰਕੇ ਦੂਰ ਹੋ ਗਏ। ਉਹ ਸਿੱਖ ਧਰਮ ਦੇ ਪੱਕੇ ਸ਼ਰਧਾਲੂ ਹੋ ਗਏ। ਉਹ ਗੁਰੂ ਅੰਗਦ ਦੇਵ ਦੀ ਜੀ ਹਰ ਗੱਲ 'ਤੇ ਸ਼ਰਧਾ ਦੇ ਫੁੱਲ ਚੜ੍ਹਾਉਂਦੇ। ਗੁਰੂ ਦਾ ਹਰ ਹੁਕਮ ਸਿਰ ਮੱਥੇ ਲੈਂਦੇ ਅਤੇ ਦਿਨ ਰਾਤ ਭਗਤੀ ਵਿੱਚ ਲੀਨ ਰਹਿੰਦੇ। ਬਾਰਾਂ ਸਾਲ ਦੇ ਲੰਬੇ ਅਰਸੇ ਤੱਕ ਸੇਵਾ ਕਰਕੇ ਉਹਨਾਂ ਨੇ ਗੁਰੂ ਦਾ ਪੂਰਾ ਵਿਸ਼ਵਾਸ ਜਿੱਤ ਲਿਆ ਸੀ. ਉਹ ਲੰਗਰ ਦੀ ਸੇਵਾ ਕਰਦੇ ਸਨ।ਸਵੇਰੇ ਜਲਦੀ ਉੱਠ ਕੇ ਬਿਆਸ ਦਰਿਆ ਤੋਂ ਪਾਣੀ ਦਾ ਘੜਾ ਭਰ ਕੇ ਲਿਆਉਂਦੇ ਤਾਂ ਜੋ ਗੁਰੂ ਜੀ ਦਾ ਇਸ਼ਨਾਨ ਕਰਵਾਇਆ ਜਾਵੇ। ਇੱਕ ਦਿਨ ਕਾਲੀ ਰਾਤੇ, ਮੀਂਹ ਹਨੇਰੀ ਦੀ ਰੁੱਤ ਵਿੱਚ ਉਹ ਘੜੇ ਸਣੇ ਜੁਲਾਹੇ ਦੀ ਖੱਡੀ ਵਿੱਚ ਡਿੱਗ ਪਏ। ਜੁਲਾਹੇ ਦੀ ਘਰਵਾਲੀ ਚੌਂਕੀ 'ਤੇ ਕਿਹਾ ਕਿ ਇਹ 'ਅਮਰੂ ਨਿਥਾਵਾਂ' ਹੋਵੇਗਾ। ਗੁਰੂ ਅੰਗਦ ਦੇਵ ਜੀ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਕਿਹਾ ਕਿ ਅਮਰ ਦਾਸ ਤਾਂ ਬੇਘਰਾਂ ਨੂੰ ਸਹਾਰਾ ਦੇਣ ਵਾਲਾ ਬਣੇਗਾ। ਗੁਰੂ ਅੰਗਦ ਦੇਵ ਉਸ ਦੀ ਸੇਵਾ ਭਾਵਨਾ ਤੋਂ ਬਹੁਤ ਖੁਸ਼ ਹੋਏ। 1572 ਈ. ਵਿੱਚ ਅਮਰ ਦਾਸ ਦੀ ਸੇਵਾ ਭਗਤੀ ਅਤੇ ਪ੍ਰਭੂ ਸਿਮਰਨ ਤੋਂ ਖੁਸ਼ ਹੋ ਕੇ ਉਹਨਾਂ ਨੂੰ ਗੁਰਗੱਦੀ ਗੁਰੂ ਅੰਗਦ ਦੇਵ ਜੀ ਨੇ ਸੌਂਪ ਦਿੱਤੀ। ਉਸ ਸਮੇਂ ਗੁਰੂ ਅਮਰਦਾਸ 73 ਸਾਲ ਦੇ ਸਨ। ਗੁਰੂ ਅੰਗਦ ਦੇਵ ਦੇ ਪੁੱਤਰਾਂ ਦੇ ਗੁੱਸੇ ਤੋਂ ਟਲਣ ਲਈ ਉਹ ਗੋਇੰਦਵਾਲ ਚਲੇ ਗਏ ਤੇ ਸਿੱਖ ਧਰਮ ਦਾ ਪ੍ਰਚਾਰ ਕਰਨ ਲੱਗੇ।

ਸਿੱਖ ਸੰਗਤ ਗੁਰੂ ਅਮਰਦਾਸ ਦੇ ਸਿਰ 'ਤੇ ਬਾਬੇ ਨਾਨਕ ਦੀ ਛਤਰਛਾਇਆ ਦੇਖ ਕੇ ਨਿਹਾਲ ਹੋ ਗਈ।ਦੂਰੋਂ ਨੇੜਿਉਂ ਸਿੱਖ ਸੰਗਤਾਂ ਗੋਇੰਦਵਾਲ ਆਉਣ ਲੱਗੀਆਂ। ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਦਾਤੂ ਨੇ ਗੁਰੂ ਅਮਰ ਦਾਸ ਦਾ ਵਿਰੋਧ ਕੀਤਾ ਅਤੇ ਗੋਇੰਦਵਾਲ ਜਾ ਕੇ ਬੁਰਾ ਭਲਾ ਬੋਲਣ ਲੱਗਾ। ਨਿਮਰਤਾ ਦੇ ਪੁੰਜ ਗੁਰੂ ਨੇ ਦਾਤੂ ਦਾ ਬੁਰਾ ਨਹੀਂ ਮਨਾਇਆ ਅਤੇ ਬਾਸਰਕੇ ਜਾ ਕੇ ਰਹਿਣ ਲੱਗੇ। ਬਾਬਾ ਬੁੱਢਾ ਅਤੇ ਹੋਰ ਸਿੱਖ ਗੁਰੂ ਜੀ ਨੂੰ ਗੋਇੰਦਵਾਲ ਲੈ ਕੇ ਆਏ। ਦਾਤੂ ਨੂੰ ਵੀ ਗਿਆਨ ਹੋ ਗਿਆ ਕਿ ਹੁਣ ਉਸ ਦੀ ਦਾਲ ਨਹੀਂ ਗਲੇਗੀ।

ਗੋਇੰਦਵਾਲ ਆ ਕੇ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ 'ਤੇ ਸਿੱਖ ਜਗਤ ਲਈ ਯਾਦ ਰੱਖਣ ਯੋਗ ਕੰਮ ਕੀਤੇ ਭਾਵੇਂ ਉਹਨਾਂ ਦੀ ਉਮਰ ਵੱਡੀ ਸੀ ਪਰ ਉਹਨਾਂ ਵਿੱਚ ਪਕਿਆਈ ਜ਼ਿਆਦਾ ਸੀ। ਉਹਨਾਂ ਨੇ ਲੰਗਰ ਪ੍ਰਥਾ ਦਾ ਵਿਸਥਾਰ ਕੀਤਾ। ਹਰ ਸਿੱਖ ਜੋ ਗੁਰੂ ਨੂੰ ਮਿਲਣ ਆਉਂਦਾ ਸੀ, ਉਸ ਲਈ ਜ਼ਰੂਰੀ ਕਰ ਦਿੱਤਾ ਗਿਆ ਕਿ ਉਹ ਲੰਗਰ ਛਕ ਕੇ ਹੀ ਗੁਰੂ ਜੀ ਨੂੰ ਮਿਲ ਸਕਦਾ ਹੈ। ਇਸ ਨਾਲ ਜਾਤ-ਪਾਤ ਦੀ ਬੁਰਾਈ ਖਤਮ ਹੋ ਗਈ। ਹਿੰਦੂ-ਮੁਸਲਿਮ ਵਿੱਚ ਭਾਈਚਾਰਾ ਪਨਪਨ ਲੱਗਾ।

ਬਾਦਸ਼ਾਹ ਅਕਬਰ ਜਦ ਗੁਰੂ ਜੀ ਨੂੰ ਮਿਲਣ ਆਇਆ ਤਾਂ ਉਸ ਨੂੰ ਵੀ ਲੰਗਰ ਪੰਗਤ ਵਿੱਚ ਬੈਠ ਕੇ ਛਕਣ ਉਪਰੰਤ ਹੀ ਗੁਰੂ ਜੀ ਮਿਲੇ ਸਨ। ਇਸ ਪ੍ਰਥਾ ਨਾਲ ਊਚ-ਨੀਚ, ਜਾਤ-ਪਾਤ ਤੇ ਛੋਟੇ ਵੱਡੇ ਦਾ ਭੇਦ ਖਤਮ ਹੋਣ ਲੱਗਾ ਤੇ ਉਸ ਸਮੇਂ ਦਾ ਮੁੱਖ ਭਾਈਚਾਰਾ ਹਿੰਦੂ ਤੇ ਮੁਸਲਮਾਨ ਇੱਕ ਦੂਸਰੇ ਦੇ ਦੁਖ-ਸੁਖ ਦੇ ਸੰਗੀ-ਸਾਥੀ ਬਣਨ ਲੱਗੇ।

ਗੁਰੂ ਅਮਰਦਾਸ ਜੀ ਵੱਡੇ ਸਮਾਜ ਸੁਧਾਰਕ ਸਨ। ਉਸ ਵੇਲੇ ਦਾ ਸਮਾਜ ਕਈ ਬੁਰਾਈਆਂ ਜਿਵੇਂ ਸਤੀ ਪ੍ਰਥਾ, ਪਰਦੇ ਦਾ ਰਿਵਾਜ ਅਤੇ ਛੂਤ-ਛਾਤ ਆਦਿ ਵਿੱਚ ਗ੍ਰਸਿਆ ਹੋਇਆ ਸੀ। ਸਤੀ ਪ੍ਰਥਾ ਵਿੱਚ ਜੇਕਰ ਕਿਸੇ ਇਸਤਰੀ ਦੇ ਪਤੀ ਦੀ ਮੌਤ ਹੋ ਜਾਂਦੀ ਸੀ ਤਾਂ ਉਸ ਇਸਤਰੀ ਨੂੰ ਪਤੀ ਦੀ ਚਿਖਾ ਵਿੱਚ ਸੜਨਾ ਪੈਂਦਾ ਸੀ। ਗੁਰੂ ਜੀ ਨੇ ਇਸ ਪ੍ਰਥਾ ਦਾ ਵਿਰੋਧ ਕੀਤਾ। ਉਹਨਾਂ ਨੇ ਕਿਹਾ ਕਿ ਜ਼ਿੰਦਗੀ ਨੂੰ ਬਚਾਉਣਾ ਪਵਿੱਤਰ ਫਰਜ਼ ਹੈ। ਅਸਲੀ ਸਤੀ ਉਹ ਹੈ ਜੋ ਪਤੀ ਦੀ ਮੌਤ ਪਿੱਛੋਂ ਪਵਿੱਤਰ, ਨਿਮਰਤਾ ਤੇ ਸਬਰ ਦੀ ਜ਼ਿੰਦਗੀ ਜਿਉਂਦੀ ਹੈ ਅਤੇ ਪ੍ਰਭੂ ਦੀ ਰਜ਼ਾ ਵਿੱਚ ਰਾਜੀ ਰਹਿੰਦੀ ਹੈ। ਇਸ ਤੋਂ ਪਿੱਛੋਂ ਬਾਦਸ਼ਾਹ ਅਕਬਰ ਨੇ ਸ਼ਾਹੀ ਫੁਰਮਾਨ ਜਾਰੀ ਕਰਕੇ ਸਤੀ ਪ੍ਰਥਾ ਨੂੰ ਬੰਦ ਕਰਵਾ ਦਿੱਤਾ। ਗੁਰੂ ਜੀ ਨੇ ਪਰਦੇ ਦੀ ਪ੍ਰਥਾ ਨੂੰ ਇੱਕ ਬੁਰਾਈ ਕਿਹਾ ਅਤੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਇਸਤਰੀਆਂ ਦਰਬਾਰ ਵਿੱਚ ਬਿਨਾਂ ਪਰਦੇ ਤੋਂ ਆਉਣੀਆਂ ਚਾਹੀਦੀਆਂ ਹਨ।

ਗੁਰੂ ਜੀ ਸੰਨਿਆਸ ਨੂੰ ਪ੍ਰਮਾਤਮਾ ਪ੍ਰਾਪਤ ਕਰਨ ਦਾ ਰਸਤਾ ਨਹੀਂ ਸਮਝਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਮਨੁੱਖ ਗ੍ਰਹਿਸਥ ਮਾਰਗ ਵਿੱਚ ਰਹਿ ਕੇ, ਆਪਣੇ ਸਾਰੇ ਫਰਜ਼ ਨਿਭਾ ਕੇ ਵੀ ਧਾਰਮਿਕ ਹੋ ਸਕਦਾ ਹੈ। ਉਹਨਾਂ ਦੇ ਅਨੁਸਾਰ ਮੁਕਤੀ ਮਾਰਗ ਦਾ ਇੱਕੋਂ ਇੱਕ ਰਸਤਾ ਗੁਰਬਾਣੀ ਹੈ। ਸਿਰਫ ਵੇਦ, ਸ਼ਾਸਤਰ ਤੇ ਪੁਰਾਣ ਪੜਕੇ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ ਸਗੋਂ ਗੁਰੂ ਰਸਤਾ ਦਿਖਾਉਂਦਾ ਹੈ ਅਤੇ ਉਸ ਰਸਤੋਂ ਤੋਂ ਚੱਲ ਕੇ ਮਨੁੱਖ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ। ਪਹਿਲੇ ਗੁਰੂਆਂ ਵਾਂਗ ਹੀ ਉਹਨਾਂ ਨੇ ਭਰਮ-ਭੁਲੇਖੇ, ਵਹਿਮ, ਮੂਰਤੀ ਪੂਜਾ ਦਾ ਖੰਡਨ ਕੀਤਾ ਅਤੇ ਸੰਗਤ ਨੂੰ ਠੀਕ ਰਸਤਾ ਦਿਖਾਇਆ। ਜੋ ਗੰਢਾਂ ਸਮਾਜ ਵਿੱਚ ਵੇਦਾਂ ਸ਼ਾਸਤਰਾਂ, ਮਨੂੰ-ਸਿਮਰਤੀ ਆਦਿ ਨੇ ਪਾਈਆਂ ਹੋਈਆਂ ਸਨ, ਗੁਰੂ ਅਮਰਦਾਸ ਨੇ ਖੋਲ ਦਿੱਤੀਆਂ।

ਗੁਰੂ ਅਮਰਦਾਸ ਜੀ ਨੇ ਧਰਮ ਪ੍ਰਚਾਰ ਲਈ ਮਹਾਨ ਦੇਣ ਦਿੱਤੀ। ਗੁਰੂ ਗਰੰਥ ਸਾਹਿਬ ਵਿੱਚ ਉਹਨਾਂ ਦੇ 907 ਸ਼ਬਦ ਹਨ। ਗੁਰੂ ਜੀ ਨੇ ਧਰਮ ਦੇ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ। ਜਿਨਾ ਦੇ ਮੁਖੀ ਧਰਮ ਪ੍ਰਚਾਰ ਕਰਦੇ ਸਨ। ਉਹਨਾਂ ਨੇ 146 ਸਿੱਖਿਅਤ ਸਿੱਖਾਂ ਦਾ ਜੱਥਾ ਤਿਆਰ ਕੀਤਾ। ਜਿੰਨੇ ਵਿੱਚੋਂ 52 ਇਸਤਰੀਆਂ ਸਨ ਜੋ ਕਿ ਦੇਸ਼ ਦੇ ਵੱਖ-ਵੱਖ ਹਿਸਿਆਂ ਵਿੱਚ ਜਾ ਕੇ ਸਿੱਖਾਂ ਦੀਆਂ

ਅਧਿਆਤਮਕ ਅਤੇ ਧਾਰਮਕ ਜ਼ਰੂਰਤਾਂ ਨੂੰ ਪੂਰਾ ਕਰਦੇ ਸਨ। ਇਸ ਤਰਾਂ ਗੁਰੂ ਨਾਨਕ ਦਾ ਸੁਨੇਹਾ ਦੂਰ-ਦੁਰਾਡੇ ਤੱਕ ਪਹੁੰਚ ਗਿਆ ਅਤੇ ਬਹੁਤ ਸਾਰੇ ਲੋਕ ਗੋਇੰਦਵਾਲ ਸਾਹਿਬ ਆਉਣ ਲੱਗੇ। ਗੋਇੰਦਵਾਲ ਸਿੱਖੀ ਦਾ ਧੁਰਾ ਬਣ ਗਿਆ। ਇਸ ਸਮੇਂ ਗੋਇੰਦਵਾਲ ਦਾ ਬਹੁਤ ਵਿਕਾਸ ਹੋਇਆ। ਗੁਰੂ ਜੀ ਨੇ ਸਾਵਣ ਮੱਲ ਨੂੰ ਕਾਂਗੜਾ ਜਿਲੇ ਵਿੱਚ ਹਰੀਪੁਰ ਲੱਕੜੀ ਦੀ ਲੋੜ ਪੂਰਾ ਕਰਨ ਲਈ ਭੇਜਿਆ ਤਾਂ ਜੋ ਇਮਾਰਤ ਸਾਜੀ ਲਈ ਸ਼ਹਿਰ ਵਿੱਚ ਲੱਕੜੀ ਦੀ ਕਮੀ ਨਾ ਆਵੇ।

ਗੁਰੂ ਅਮਰਦਾਸ ਨੇ ਸਿੱਖਾਂ ਦੀ ਤੀਰਥ ਸਥਾਨ ਦੀ ਕਮੀ ਨੂੰ ਪੂਰਾ ਕਰਨ ਲਈ ਗੋਇੰਦਵਾਲ ਸਾਹਿਬ ਵਿਖੇ ਇੱਕ ਬਾਉਲੀ (ਖੂਹੀ) ਖੁਦਵਾਈ। ਇਸ ਬਾਉਲੀ ਦੀਆਂ 84 ਪੌੜੀਆਂ ਹਨ। ਇਹਨਾਂ ਪੌੜੀਆਂ ਉੱਤੇ ਬੈਠ ਕੇ ਸ਼ਰਧਾਲੂ ਜਪੁਜੀ ਸਾਹਿਬ ਦਾ ਪਾਠ ਕਰਦੇ ਅਤੇ ਪਵਿੱਤਰ ਬਾਉਲੀ ਵਿੱਚ ਇਸ਼ਨਾਨ ਕਰਦੇ ਸਨ।

ਗੁਰੂ ਜੀ ਦੀ ਇੱਕ ਹੋਰ ਵੱਡੀ ਦੇਣ ਸਿੱਖ ਧਰਮ ਨੂੰ 'ਅਨੰਦ ਸਹਿਬ' ਦੀ ਰਚਨਾ ਸੀ। ਇਹ ਖੁਸ਼ੀ ਦੇ ਮੌਕੇ 'ਤੇ ਗਾਇਆ ਜਾਣ ਵਾਲਾ ਸ਼ਬਦ ਹੈ। ਸਿੱਖ ਵਿਆਹ ਦੀ ਰੀਤ 'ਅਨੰਦ ਕਾਰਜ' ਮੌਕੇ ਲਾਵਾਂ ਦਾ ਪਾਠ ਇਸ ਬਾਣੀ ਨਾਲ ਸੰਪੰਨ ਕੀਤਾ ਜਾਂਦਾ ਹੈ। ਇਸ ਤਰਾਂ ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖਾਂ ਨੂੰ ਬਾਣੀ ਦੇ ਨਾਲ-ਨਾਲ ਤੀਰਥ ਸਥਾਨ ਅਤੇ ਵਿਆਹ-ਸ਼ਾਦੀ ਸਮੇਂ ਪੜੇ ਜਾਣ ਵਾਲੇ ਸ਼ਬਦ ਪ੍ਰਾਪਤ ਹੋਏ। ਜਿਨਾਂ ਨੇ ਸਿੱਖ ਧਰਮ ਦੀ ਨੀਂਹ ਪੱਕਾ ਕਰਨ ਲਈ ਬਹੁਤ ਯੋਗਦਾਨ ਪਾਇਆ।

ਗੋਇੰਦਵਾਲ ਵਿੱਚ ਸਿੱਖ ਪਹਿਰ ਰਾਤ ਰਹਿੰਦੀ ਉੱਠਕੇ, ਇਸ਼ਨਾਨ ਕਰਕੇ ਇਕਾਂਤ ਵਿੱਚ ਵਾਹਿਗੁਰੂ ਦੇ ਧਿਆਨ ਵਿੱਚ ਬੈਠ ਜਾਂਦੇ। ਫਿਰ ਗੁਰਬਾਣੀ ਤੇ ਵਿਚਾਰ ਹੁੰਦੀ, ਸੰਗਤ ਜੁੜਦੀ, ਕੀਰਤਨ ਹੁੰਦਾ ਅਤੇ ਸਾਰੇ ਕਿਰਤ ਵਿੱਚ ਲੱਗ ਜਾਂਦੇ । ਹੱਕ ਸੱਚ ਦੀ ਕਮਾਈ ਕਰਦੇ, ਸੰਤੋਖ ਰੱਖਦੇ ਤੇ ਦੂਜਿਆਂ ਦਾ ਦੁਖ-ਸੁਖ ਵੰਡਾਉਂਦੇ ਅਤੇ ਗੁਰਬਾਣੀ ਦਾ ਆਸਰਾ ਲੈਂਦੇ। ਗੁਰੂ ਜੀ ਨੇ ਕਿਹਾ ਕਿ ਜਿੱਥੇ ਪ੍ਰਭੂ ਨੂੰ ਯਾਦ ਕੀਤਾ ਜਾਂਦਾ ਹੈ ਉਹ ਥਾਂ ਪਵਿੱਤਰ ਹੋ ਜਾਂਦਾ ਹੈ।

ਜਦੋਂ ਗੁਰੂ ਅਮਰਦਾਸ ਜੀ ਨੇ ਆਪਣਾ ਅੰਤ ਨੇੜੇ ਆਉਂਦਾ ਦੇਖਿਆ ਤਾਂ ਉਹਨਾਂ ਨੇ ਸਿੱਖਾਂ ਨੂੰ ਕਿਹਾ ਕਿ ਪ੍ਰਭੂ ਨੇ ਉਹਨਾਂ ਨੂੰ ਵਾਪਸ ਬੁਲਾਇਆ ਹੈ। ਇਸ ਲਈ ਉਸ ਦੀ ਇੱਛਾ ਅਨੁਸਾਰ ਉਹ ਉਸ ਕੋਲ ਜਾ ਰਹੇ ਹਨ। ਉਹਨਾਂ ਦੇ ਜਾਣ 'ਤੇ ਕਿਸੇ ਨੇ ਰੋਣਾ ਨਹੀਂ, ਸਭ ਨੇ ਖੁਸ਼ ਰਹਿਣਾ ਹੈ। ਉਹਨਾਂ ਨੇ ਆਪਣੇ ਸਭ ਤੋਂ ਯੋਗ ਸਿੱਖ ਭਾਈ ਜੇਠਾ ਨੂੰ ਆਪਣਾ ਉਤਰਾਧਿਕਾਰੀ ਬਣਾਇਆ। ਜੋ ਬਾਅਦ ਵਿੱਚ 'ਰਾਮ ਦਾਸ' ਦੇ ਨਾਂ ਨਾਲ ਸਿੱਖਾਂ ਦੇ ਚੌਥੇ ਗੁਰੂ ਬਣੇ। 1574 ਈ. ਵਿੱਚ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ।

ਬੇਸ਼ੱਕ ਗੁਰੂ ਅਮਰ ਦਾਸ 73 ਸਾਲ ਦੀ ਵੱਡੀ ਉਮਰ ਵਿੱਚ ਗੁਰੂ ਬਣੇ ਤਾਂ ਵੀ ਉਨਾਂ ਸਿੱਖ ਧਰਮ ਨੂੰ ਅਦੁੱਤੀ ਦੇਣ ਦਿੱਤੀ। ਉਹਨਾਂ ਨੇ ਹਰ ਪੱਖ ਤੋਂ ਸਿੱਖਾਂ ਦੇ ਮਨੋਬਲ, ਸਮਰੱਥਾ ਅਤੇ ਧਾਰਮਿਕਤਾ ਨੂੰ ਸੇਧ ਦਿੱਤੀ। ਉਹਨਾਂ ਦਾ 'ਸਤਿਨਾਮ ਸ੍ਰੀ ਵਾਹਿਗੁਰੂ' ਦਾ ਨਾਅਰਾ ਸਾਰੇ ਸੰਸਾਰ ਵਿੱਚ ਗੂੰਜਣ ਲੱਗਾ। ਉਹਨਾਂ ਨੇ ਪੰਜਾਬੀ ਭਾਸ਼ਾ ਨੂੰ ਅਪਣਾਇਆ ਅਤੇ ਸਿੱਖਾਂ ਨੂੰ ਪੰਜਾਬੀ ਭਾਸ਼ਾ ਵਿੱਚ ਹੀ ਪ੍ਰਚਾਰ ਕਰਨ ਲਈ ਕਿਹਾ ਜਿਹੜੀ ਉਸ ਸਮੇਂ ਆਮ ਲੋਕਾਂ ਦੀ ਬੋਲੀ ਸੀ। ਉਹਨਾਂ ਨੇ ਲੋਕਾਂ ਨੂੰ ਖਾਸ ਤਿਉਹਾਰ ਦਿਵਾਲੀ, ਮਾਘੀ ਤੇ ਵਿਸਾਖੀ ਇਕੱਠੇ ਹੋ ਕੇ ਮਨਾਉਣ ਦੀ ਅਪੀਲ ਕੀਤੀ। ਗੁਰੂ ਜੀ ਦੇ ਮੁਗਲ ਬਾਦਸ਼ਾਹ ਅਕਬਰ ਨਾਲ ਚੰਗੇ ਸਬੰਧ ਰਹੇ। ਕਿਹਾ ਜਾਂਦਾ ਹੈ ਕਿ ਅਕਬਰ ਨੇ ਬੀਬੀ ਭਾਨੀ (ਗੁਰੂ ਜੀ ਦੀ ਸਪੁੱਤਰੀ) ਨੂੰ ਜ਼ਮੀਨ ਦਾ ਇੱਕ ਟੁਕੜਾ ਤੋਹਫੇ ਵਜੋਂ ਦਿੱਤਾ। ਗੁਰੂ ਅਮਰਦਾਸ ਜੀ ਸਿੱਖਾਂ ਲਈ ਇੱਕ ਤੀਰਥ ਸਥਾਨ ਵੀ ਬਣਾਉਣਾ ਚਾਹੁੰਦੇ ਸਨ ਇਸ ਲਈ ਉਹਨਾਂ ਨੇ ਆਪਣੇ ਜਵਾਈ ਅਤੇ ਬੀਬੀ ਭਾਨੀ ਦੇ ਪਤੀ ਭਾਈ ਜੇਠਾ ਨੂੰ ਇਹ ਕੰਮ ਸੌਂਪਿਆ ਜੋ ਉਹਨਾਂ ਨੇ ਆਪਣੇ ਗੁਰੂ ਕਾਲ ਵਿੱਚ, ਸੰਪੂਰਨ ਕੀਤਾ ਜਦੋਂ ਉਹ ਭਾਈ ਜੇਠਾ ਤੋਂ ਗੁਰੂ ਰਾਮਦਾਸ ਬਣ ਤੇ ਸਿੱਖਾਂ ਦੇ ਚੌਥੇ ਰਾਹ-ਨੁਮਾ ਬਣੇ।ਵ658ੋ

ਗੁਰੂ ਅਮਰਦਾਸ ਦੇ ਸਮੇਂ ਸਿੱਖ ਧਰਮ ਦੀ ਇੱਕ ਹੋਰ ਰੀਤ ਵੀ ਬਣੀ। ਹੁਣ ਤੱਕ ਸਿੱਖ ਧਰਮ ਵਿੱਚ ਸਿੱਖ ਗੁਰੂ ਆਪਣੇ ਯੋਗ ਸਿੱਖ ਨੂੰ ਹੀ ਗੁਰਗੱਦੀ ਸੌਂਪਦੇ ਸਨ। ਗੁਰੂ ਅਮਰਦਾਸ ਜੀ ਦੇ ਗੁਰੂ ਕਾਲ ਸਮੇਂ ਉਹਨਾਂ ਦੀ ਸਪੁੱਤਰੀ ਬੀਬੀ ਭਾਨੀ ਨੇ ਗੁਰੂ ਜੀ ਤੋਂ ਇਹ ਵਾਕ ਲੈ ਲਿਆ ਕਿ ਗੁਰਗੱਦੀ ਹੁਣ ਘਰ ਵਿੱਚ ਹੀ ਰਹੇਗੀ। ਗੁਰੂ ਜੀ ਨੇ ਇਹ ਵਚਨ ਦੇ ਦਿੱਤਾ। ਪਰ ਨਾਲ ਹੀ ਸੁਚੇਤ ਕੀਤਾ ਕਿ ਗੁਰਆਈ ਸਿਰਫ ਯੋਗ ਤੇ ਆਦਰਸ਼ ਵਿਅਕਤੀ ਨੂੰ ਹੀ ਮਿਲੇਗੀ ਤੇ ਇਸ ਦੀ ਚੋਣ ਭਲੇ ਹੀ ਘਰ ਵਿੱਚੋਂ ਕੀਤੀ ਜਾਵੇਗੀ। ਇਸ ਤਰਾਂ ਤੀਸਰੇ ਗੁਰੂ ਅਮਰਦਾਸ ਵੱਲੋਂ ਸਥਾਪਿਤ ਕੀਤੇ ਗਏ ਆਦਰਸ਼ਾਂ ਨਾਲ ਸਿੱਖ ਧਰਮ ਉਚੇਰੀਆਂ ਤਰੱਕੀਆਂ ਕਰਦਾ ਗਿਆ ਤੇ ਇੱਕ ਦਿਨ ਸਿਰਮੌਰ ਧਰਮ ਬਣ ਨਿਬੜਿਆ।

ਗੁਰੂ ਅਮਰਦਾਸ ਨੇ ਸਿੱਖਾਂ ਨੂੰ ਅਗਵਾਈ ਦਿੱਤੀ ਕਿ ਇਸ ਸਮਾਜ ਵਿੱਚ ਕਿਵੇਂ ਵਿਚਰਨਾ ਚਾਹੀਦਾ ਹੈ। ਉਹਨਾਂ ਦਾ ਮੰਨਣਾ ਸੀ ਕਿ ਜੋ ਸਿੱਖ ਗੁਰੂ ਦੇ ਸ਼ਬਦ ਨਾਲ ਜੁੜਿਆ ਹੁੰਦਾ ਹੈ, ਉਸ 'ਤੇ ਪਕੜ ਬਣਾ ਕੇ ਰੱਖਦਾ ਹੈ, ਉਹੀ ਗੁਰੂ ਦਾ ਸਿੱਖ ਕਹਾਉਣ ਦੇ ਕਾਬਿਲ ਹੈ। ਉਹਨਾਂ ਨੇ ਸਿੱਖਾਂ ਨੂੰ ਅੰਮ੍ਰਿਤ ਵੇਲੇ ਜਾਗਣ, ਇਸ਼ਨਾਨ ਕਰਨ ਅਤੇ ਇਕਾਂਤ ਵਿੱਚ ਬੈਠ ਕੇ ਗੁਰੂ ਵੱਲ ਪ੍ਰਭੂ ਵੱਲ ਧਿਆਨ ਲਾਉਣ ਲਈ ਪ੍ਰੇਰਿਤ ਕੀਤਾ। ਉਹਨਾਂ ਸਿੱਖਾਂ ਨੂੰ ਹਦਾਇਤ ਕੀਤੀ ਕਿ ਗੁਰਬਾਣੀ ਵਿਚਾਰ ਨਾਲ ਮਨ ਤੇ ਆਤਮਾ ਪਵਿੱਤਰ ਹੁੰਦੀਆਂ ਹਨ ਅਤੇ ਅਮੋੜ ਮਨ 'ਤੇ ਕਾਬੂ ਪਾਇਆ ਜਾ ਸਕਦਾ ਹੈ। ਸਿੱਖਾਂ ਨੂੰ ਹਰ ਵੇਲੇ ਮਹਾਂ ਪੁਰਖਾਂ ਦੀ ਸੇਵਾ ਲਈ

ਤਿਆਰ ਰਹਿਣਾ ਚਾਹੀਦਾ ਹੈ, ਉਹਨਾਂ ਦੀ ਸੰਗਤ ਵਿੱਚ ਰਹਿ ਕੇ ਗਿਆਨ ਹਾਸਿਲ ਕਰਨਾ ਚਾਹੀਦਾ ਹੈ, ਬਿਗਾਨੀ ਚੀਜ਼ ਵੱਲ ਕਦੇ ਵੀ ਲਲਚਾਈ ਨਿਗਾਹ ਨਾਲ ਨਹੀਂ ਦੇਖਣਾ ਚਾਹੀਦਾ। ਬਿਨਾਂ ਥਕੇਵੇਂ ਤੋਂ ਸੌਣਾ ਨਹੀਂ ਚਾਹੀਦਾ। ਸਿੱਖਾਂ ਨੂੰ ਉਹਨਾਂ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਜੋ ਭੇਖੀ ਹਨ। ਪ੍ਰਮਾਤਮਾ ਦੀ ਭਗਤੀ ਦਾ ਢੌਂਗ ਰਚਦੇ ਹਨ। ਪਵਿੱਤਰਤਾ ਤੇ ਸ਼ਰਧਾ ਬਣਾਈ ਰੱਖਣ ਲਈ ਸੱਚੇ ਗੁਰੂ ਦੇ ਲੜ ਲੱਗਣਾ ਜ਼ਰੂਰੀ ਹੈ।

ਗੁਰੂ ਗਰੰਥ ਸਾਹਿਬ ਵਿੱਚ ਗੁਰੂ ਅਮਰਦਾਸ ਜੀ ਦੇ 869 ਸ਼ਬਦ ਹਨ। ਗੁਰੂ ਅਮਰਦਾਸ ਜੀ ਦੀ ਬਾਣੀ ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ ਤੋਂ ਬਾਦ ਤੀਸਰੀ ਵੱਡੀ ਬਾਣੀ ਹੈ। ਇਹਨਾਂ ਦੀ ਬਾਣੀ ਦੀ ਭਾਸ਼ਾ ਸੌਖੀ ਤੇ ਸਰਲ ਹੈ। ਕੋਈ ਗੁੰਝਲ ਨਹੀਂ ਹੈ। ਜੋ ਵੀ ਰੂਪਕ ਤੇ ਪ੍ਰਤੀਕ ਵਰਤੇ ਗਏ ਹਨ ਆਮ ਪੜ੍ਹੇ-ਲਿਖੇ ਲੋਕਾਂ ਦੇ ਸਮਝ ਵਿੱਚ ਆਉਣ ਵਾਲੇ ਹਨ। ਬਾਣੀ ਵਿੱਚ ਦਾਰਸ਼ਨਿਕਤਾ ਤੇ ਅਧਿਆਤਮਿਕਤਾ ਨੂੰ ਤਰਜੀਹ ਦਿੱਤੀ ਗਈ ਹੈ। ਮਨੁੱਖ ਨੂੰ ਉਪਦੇਸ਼ ਦਿੱਤੇ ਗਏ ਹਨ ਕਿ ਕਿਵੇਂ ਗ੍ਰਹਿਸਥੀ ਜੀਵਨ ਹੰਢਾਉਂਦਿਆਂ ਵੀ ਉਹ ਸੁੱਚੀ ਕਿਰਤ ਅਤੇ ਉੱਚੇ ਆਚਰਨ ਦੇ ਨਾਲ ਜੀਵਨ ਸਫ਼ਲ ਕਰ ਸਕਦਾ ਹੈ ਅਤੇ ਪ੍ਰਮਾਤਮਾ ਨੂੰ ਪਾ ਸਕਦਾ ਹੈ।

# ਗੁਰੂ ਅਮਰਦਾਸ ਜੀ ਦੇ ਕੁੱਝ ਸ਼ਬਦ, ਗੁਰੂ ਗਰੰਥ ਸਾਹਿਬ ਵਿੱਚ ਦਰਜ

1. ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂੰ ਜਗ ਮਹਿ ਆਇਆ।
ਹਰ ਜੋਤਿ ਰਖੀ ਤੁਧ ਵਿਚਿ ਤਾ ਤੂੰ ਜਗ ਮਹਿ ਆਇਆ।।

('ਅਨੰਦ ਸਾਹਿਬ' ਪੰਨਾ 33)

2. ਜਾਤ ਨਾ ਗਰਬ ਨਾ ਕਰੀਅਹ ਕੋਈ। ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ।।
ਜਾਤਿ ਕਾ ਗਰਬੁ ਨਾ ਕਰ ਮੂਰਖ ਗਵਾਰਾ।।
ਇਸੁ ਗਰਬੁ ਤੇ ਚਲੈ ਬਹੁਤ ਵਿਕਾਰਾ।।

(ਪੰਨਾ 1128)

3. ਏ ਮਨ ਪਿਆਰਿਆ ਤੂ ਸਦਾ ਸਚ ਸਮਾਲੇ।।
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੇ ਨਾਲੇ।।
ਸਾਥਿ ਤੇਰੇ ਚਲੈ ਨਾਹੀ ਤਿਸੁ ਨਾਲ ਕਿਉ ਚਿਤ ਲਾਈਐ।।
ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤ ਪਛੋਤਾਈਐ।।
ਸਤਿਗੁਰ ਕਾ ਉਪਦੇਸ਼ ਸੁਣਿ ਤੂੰ ਹੋਵੈ ਤੇਰੇ ਨਾਲੇ।।
ਕਹੈ ਨਾਨਕ ਮਨ ਪਿਆਰੇ ਤੂੰ ਸਦਾ ਸਚ ਸਮਾਲੇ।।

(ਵਡਹੰਸ ਮਹੱਲਾ 3 ਪੰਨਾ 918)

4. ਗੋਵਿੰਦ ਗੁਣੀ ਨਿਧਾਨ ਹੈ ਅੰਤੁ ਨਾ ਪਾਇਆ ਜਾਇ।।
ਕਥਨੀ ਬਦਲੀ ਨਾ ਪਾਈਐ ਹਉਮੈ ਵਿਚਹੁ ਜਾਇ।।

('ਸ਼ਲੋਕ')

5. ਆਵਹੁ ਸਿਖ ਸਤਗਿਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ।।
ਬਾਣੀ ਤਾ ਗਾਵਹੁ ਗੁਰੂ ਕੇਰੀ ਬਾਣੀਆਂ ਸਿਰ ਬਾਣੀ।।
ਜਿਨ ਕਉ ਨਦਰਿ ਕਰਮ ਹੋਵੈ ਹਿਰਦੈ ਤਿਨਾ ਸਮਾਣੀ।।
ਪੀਵੁਹ ਅੰਮ੍ਰਿਤ ਸਦਾ ਰਹੁ ਹਰਿ ਜਪਿਹੁ ਸਾਰਿੰਗ ਪਾਣੀ।।
ਕਹੈ ਨਾਨਕ ਸਦਾ ਗਾਵਹੁ ਏਹ ਸਚੀ ਬਾਣੀ।।

(ਰਾਮਕਲੀ ਮਹੱਲਾ 3 ਅਨੰਦ) 920

6. ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।।
ਇਸ ਕੀ ਸੇਵਾ ਜੋ ਕਰੇ ਤਿਸ ਕੀ ਕਉ ਫਿਰਿ ਖਾਇ।।

('ਗੁਜਰੀ ਕੀ ਵਾਰ' ਪੰਨਾ 510)

7. ਮਨ ਤੂੰ ਜੋਤਿ ਸੁਰੂਪ ਹੈ ਆਪਣਾ ਮੂਲੁ ਪਛਾਣਿ।।
ਮਨ ਹਰਿ ਜੀ ਤੇਰੈ ਨਾਲ ਹੈ ਗੁਰਮਤਿ ਰੰਗ ਮਾਣ।।

(ਆਸਾ ਮਹੱਲਾ 3 ਪੰਨਾ 441)

8. ਭਗਤਾ ਕੀ ਚਾਲ ਨਿਰਾਲੀ।।
ਚਾਲ ਨਿਰਾਲੀ ਭਗਤਾਹੁ ਕੇਰੀ ਬਿਖਮ ਮਾਰਗ ਚਲਣਾ।।
ਲਬੁ ਲੋਭ ਅਹੰਕਾਰੁ ਤਜਿ ਤ੍ਰਿਸ਼ਨਾ ਬਹੁਤ ਨਾ ਹੀ ਬੋਲਣਾ।।
ਖੰਨਿਅਹ ਤਿਖਈ ਵਾਲਹੁ ਨਿਕੀ ਏਤੁ ਮਾਰਗ ਜਾਣਾ।।
ਗੁਰ ਪਰਸਾਦੀ ਜਿਨਿ ਆਪ ਤਜਿਆ ਹਰਿ ਵਾਸਨਾ ਸਮਾਣਾ।।
ਕਹੈ ਨਾਨਕ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ।।

('ਵਡਹੰਸ' ਪੰਨਾ 919)

9. ਅਨਦੁ ਸੁਣਹੁ ਵਡਭਾਗੀ ਹੋ ਸਗਲ ਮਨੋਰਥ ਪੂਰੇ।।
ਪਾਰ ਬ੍ਰਹਮ ਪ੍ਰਭੁ ਪਾਇਆ ਉਤਰੈ ਸਗਲ ਵਿਸੂਰੇ।।
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।।
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ।।
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰ ਰਹਿਆ ਭਰਪੂਰੇ।।
ਬਿਨਵੰਤਿ ਨਾਨਕ ਗੁਰਚਰਣ ਲਾਗੇ ਵਾਜੇ ਅਨਹਦ ਤੂਰੇ।।

(ਅਨੰਦ ਸਾਹਿਬ ਪੰਨਾ 922)

10. ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ।।
ਪਿਰ ਬਿਨੁ ਨੀਂਦ ਨਾ ਆਵੈ ਜੀਊ ਕਾਪੜ ਤਨ ਨਾ ਸੁਹਾਈ।।
ਕਾਪੁਰ ਤਨਿ ਸੁਹਾਵੈ ਜਾ ਪਿਰ ਭਾਵੈ ਗਰਮੀਤ ਚਿਤ ਲਾਈਐ।।
ਸਦਾ ਸੁਹਾਗਿਣ ਜਾ ਸਤਿਗੁਰੁ ਸੇਵੈ ਗੁਰ ਕੈ ਅੰਕਿ ਸਮਾਈਐ।।
ਗੁਰ ਸ਼ਬਦੇ ਮੇਲਾ ਤਾ ਪਿਹੁ ਗਈ ਲਾਗ ਨਾਮੁ ਸੰਸਾਰੇ।।

ਨਾਨਕ ਕਾਮਣਿ ਨਾਹ ਪਿਆਰੀ ਜਾ ਰਹਿ ਕੇ ਗੁਣ ਸਾਰੇ।।

(ਗਉੜੀ ਮਹੱਲਾ 3) 244-45

11. ਨਿਰਤਿ ਕਰੇ ਬਹੁ ਵਾਜੇ ਵਜਾਏ।।
ਇਹ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ
ਅੰਤਹਿ ਲੋਭੁ ਭਰਮੁ ਅਕਲ ਵਾਉ। ਦੀਵਾ ਬਲੈ ਨਾ ਸੋਝੀ ਪਾਏ।।

(ਪੰਨਾ 364)

12. ਗੁਰ ਸਭਾ ਏਵਿ ਨਾ ਪਾਈਐ ਨਾ ਨੇੜੇ ਨਾ ਦੂਰਿ।।
ਨਾਨਕ ਸਤਿਗੁਰੂ ਤਾ ਮਿਲੈ ਜਾ ਮਨ ਰਹੈ ਹਦੂਰਿ।।

(ਸ਼ਲੋਕ ਪੰਨਾ 84)

13. ਗੁਰੂ ਕੀ ਸਿਖ ਕੋ ਵਿਰਲਾ ਲੇਵੈ।।
ਨਾਨਕ ਜਿਸ ਆਪਿ ਵਡਿਆਈ ਦੇਵੈ।।

(ਪੰਨਾ 509)

14. ਭੈ ਵਿੱਚ ਜੰਮੈ ਭੈ ਮਰੇ ਭੀ ਭਉ ਮਨ ਮਹਿ ਹੋਇ।।
ਨਾਨਕ ਭੈ ਵਿੱਚ ਜੇ ਮਰੈ ਸਹਿਲਾ ਆਇਆ ਸੋਇ।।

(ਸ਼ਲੋਕ ਪੰਨਾ 49)

# ਸ੍ਰੀ ਗੁਰੂ ਰਾਮਦਾਸ ਜੀ

'ਧੰਨ ਧੰਨ ਰਾਮਦਾਸ ਗੁਰੂ ਜਿਨਿ ਸਿਰਿਆ ਤਿਨੈ ਸੁਆਰਿਐ ।।'

ਗੁਰੂ ਨਾਨਕ ਦੇ ਚੌਥੇ ਅਵਤਾਰ ਗੁਰੂ ਰਾਮਦਾਸ ਜੀ ਦਾ ਜਨਮ 24 ਸਤੰਬਰ 1534 ਈ. ਲਾਹੌਰ ਸ਼ਹਿਰ ਵਿੱਚ ਚੂਨਾ ਮੰਡੀ ਵਿਖੇ ਹੋਇਆ। ਇਹ ਸੋਢੀ ਪਰਿਵਾਰ ਸਧਾਰਨ ਪਰ ਪ੍ਰਮਾਤਮਾ ਤੋਂ ਡਰਨ ਵਾਲਾ ਸੀ। ਉਹਨਾਂ ਦਾ ਬਚਪਨ ਦਾ ਨਾਂ 'ਜੇਠਾ' ਸੀ ਜਿਸਦਾ ਮਤਲਬ ਉਹ ਆਪਣੇ ਮਾਤਾ-ਪਿਤਾ ਦੀ ਪਹਿਲੀ ਸੰਤਾਨ ਸਨ। ਉਹਨਾਂ ਦੇ ਪਿਤਾ ਦਾ ਨਾਂ ਹਰੀਦਾਸ ਅਤੇ ਮਾਤਾ ਦਾ ਨਾਂ ਦਯਾ ਕੌਰ ਸੀ। ਦਯਾ ਕੌਰ ਨੂੰ ਅਨੂਪ ਦੇਵੀ ਦੇ ਤੌਰ 'ਤੀ ਵੀ ਜਾਣਿਆ ਜਾਂਦਾ ਹੈ। ਉਹਨਾਂ ਦਾ ਮਾਤਾ-ਪਿਤਾ ਦਾ ਸਾਇਆ ਜਲਦੀ ਉਹਨਾਂ ਦੇ ਸਿਰ ਤੋਂ ਉੱਠ ਗਿਆ ਜਿਸ ਕਰਕੇ ਰੋਜ਼ੀ ਰੋਟੀ ਕਮਾਉਣ ਲਈ ਛੋਟੀ ਉਮਰ ਵਿੱਚ ਹੀ ਭਾਈ ਜੇਠੇ ਨੂੰ ਘੁੰਗਣੀਆਂ ਭਾਵ ਉਬਲੀਆਂ ਦਾਲਾਂ ਆਦਿ ਵੇਚਣ ਦਾ ਕੰਮ ਕਰਨਾ ਪਿਆ।

ਗੋਇੰਦਵਾਲ ਵਿਖੇ ਉਸ ਸਮੇਂ ਬਾਉਲੀ ਦੀ ਖੁਦਾਈ ਦਾ ਕੰਮ ਚੱਲ ਰਿਹਾ ਸੀ। ਭਾਈ ਜੇਠਾ ਨੇ ਵੀ ਬਾਉਲੀ ਦੀ ਖੁਦਾਈ ਵਿੱਚ ਆਪਣਾ ਯੋਗਦਾਨ ਦਿੱਤਾ ਅਤੇ ਗੁਰੂ ਅਮਰਦਾਸ ਤੋਂ ਆਸ਼ੀਰਵਾਦ ਲਿਆ। ਭਾਈ ਜੇਠਾ ਸੇਵਾ ਭਗਤੀ, ਸ਼ਰਧਾ ਤੇ ਤਿਆਗ ਦੀ ਮੂਰਤ ਸਨ, ਉਹ ਗੁਰੂ ਦਾ ਹੁਕਮ ਖਿੜੇ ਮੱਥੇ ਸਵੀਕਾਰਦੇ ਸਨ, ਗੁਰੂ ਦੀ ਸੇਵਾ ਨੂੰ ਸਭ ਤੋਂ ਵੱਡਾ ਧਰਮ ਸਮਝਦੇ ਸਨ, ਮਨੁੱਖਤਾ ਦੀ ਸੇਵਾ ਲਈ ਹਰ ਸਮੇਂ ਤਿਆਰ ਰਹਿੰਦੇ ਸਨ ਅਤੇ ਧਾਰਮਿਕ ਰੰਗਤ ਵਿੱਚ ਰੰਗੇ ਰਹਿੰਦੇ ਸਨ। ਗੁਰੂ ਅਮਰਦਾਸ ਜੀ ਉਹਨਾਂ ਦੀ ਸ਼ਰਧਾ ਤੋਂ ਇਸ ਕਦਰ ਪ੍ਰਸੰਨ ਹੋਏ ਕਿ ਉਹਨਾਂ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਲਈ ਭਾਈ ਜੇਠਾ ਜੀ ਨੂੰ ਹੀ ਵਰ ਚੁਣਿਆ। ਇਸ ਸਮੇਂ ਭਾਈ ਜੇਠਾ 19 ਸਾਲ ਦੇ ਸਨ। ਬੀਬੀ ਭਾਨੀ ਨਾਲ ਸ਼ਾਦੀ ਤੋਂ ਮਗਰੋਂ ਵੀ ਉਸੇ ਸ਼ਰਧਾ ਤੇ ਪ੍ਰੇਮ ਭਗਤੀ ਨਾਲ ਉਹ ਕੰਮ ਕਰਦੇ ਰਹੇ।

ਕੁੱਝ ਹਿੰਦੂਆਂ ਦੀ ਸ਼ਕਾਇਤ 'ਤੇ ਬਾਦਸ਼ਾਹ ਅਕਬਰ ਨੇ ਗੁਰੂ ਅਮਰਦਾਸ ਨੂੰ ਆਪਣੇ ਦਰਬਾਰ ਵਿੱਚ ਬੁਲਾਇਆ ਤਾਂ ਗੁਰੂ ਜੀ ਨੇ ਭਾਈ ਜੇਠਾ ਨੂੰ ਭੇਜਿਆ। ਭਾਈ ਜੇਠਾ ਨੇ ਅਕਬਰ ਨੂੰ ਦੱਸਿਆ ਕਿ ਗੁਰੂ ਅਮਰਦਾਸ ਜੀ ਜ਼ਿੰਦਗੀ ਦਾ ਅਸਲ ਮਕਸਦ ਸਿੱਖਾਂ ਨੂੰ ਸਮਝਾ ਰਹੇ ਹਨ, ਕਿਸੇ ਹਿੰਦੂ ਦੇਵੀ ਦੇਵਤੇ ਦੀ ਨਿੰਦਿਆ ਨਹੀਂ ਕਰ ਰਹੇ। ਗੰਗਾ, ਜਮਨਾ ਆਦਿ ਨਦੀਆਂ ਵਿੱਚ ਨਹਾ ਕੇ ਸਰੀਰ ਦੀ ਬਾਹਰੀ ਮੈਲ

ਉੱਤਰ ਜਾਂਦੀ ਹੈ ਪਰ ਮਨ ਦੀ ਮੈਲ ਸਾਫ਼ ਕਰਨ ਲਈ ਪ੍ਰਮਾਤਮਾ ਦੇ ਬੰਦਿਆਂ ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਦੀ ਲੋੜ ਹੁੰਦੀ ਹੈ। ਹਿੰਦੂ ਵਿਸ਼ਵਾਸ ਕਰਦੇ ਹਨ ਕਿ ਕੁੱਝ ਲੋਕ ਜਨਮ ਤੋਂ ਨੀਵੇਂ ਹਨ ਅਤੇ ਕੁੱਝ ਉੱਚੇ ਹਨ ਜਦ ਕਿ ਗੁਰੂ ਅਮਰਦਾਸ ਦਾ ਵਿਚਾਰ ਹੈ ਕਿ ਸਾਰੇ ਮਨੁੱਖ ਬਰਾਬਰ ਹੁੰਦੇ ਹਨ। ਅਕਬਰ ਭਾਈ ਜੇਠੇ ਦੀਆਂ ਦਲੀਲਾਂ ਨਾਲ ਸਹਿਮਤ ਹੋ ਗਿਆ। ਉਸਨੂੰ ਗੁਰੂ ਜੀ ਦੀਆਂ ਸਿੱਖਿਆਵਾਂ ਵਿੱਚ ਕੁੱਝ ਵੀ ਗਲਤ ਨਹੀਂ ਲੱਗਿਆ।

ਨਿਸ਼ਕਾਮ ਸੇਵਾ ਭਾਵਨਾ ਤੋਂ ਖੁਸ਼ ਹੋ ਕੇ 1574 ਈ. ਵਿੱਚ ਗੁਰੂ ਅਮਰ ਦਾਸ ਜੀ ਨੇ ਭਾਈ ਜੇਠਾ ਨੂੰ ਗੁਰੂਆਈ ਬਖਸ਼ ਦਿੱਤੀ ਅਤੇ ਭਾਈ ਜੇਠਾ ਤੋ ਰਾਮਦਾਸ ਨਾਂ ਦੇ ਦਿੱਤਾ। ਉਹਨਾਂ ਦੇ ਘਰ ਤਿੰਨ ਪੁੱਤਰਾਂ, ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਨੇ ਜਨਮ ਲਿਆ। ਗੁਰੂ ਅਮਰਦਾਸ ਦੇ ਜੋਤੀ ਜੋਤਿ ਸਮਾਉਣ ਤੱਕ ਉਹ ਗੋਇੰਦਵਾਲ ਰਹਿ ਕੇ ਹੀ ਗੁਰੂ ਘਰ ਦੀ ਸੇਵਾ ਕਰਦੇ ਰਹੇ।

ਗੁਰੂ ਜੀ ਨੇ ਬੀਬੀ ਭਾਨੀ ਨੂੰ ਮਿਲੀ ਜਾਗੀਰ ਉੱਤੇ ਇੱਕ ਸ਼ਹਿਰ ਵਸਾਉਣ ਲਈ ਉਸ ਥਾਂ ਦਾ ਰੁੱਖ ਕੀਤਾ। ਪਹਿਲਾਂ ਸਰੋਵਰ ਦੀ ਸੇਵਾ ਸ਼ੁਰੂ ਕੀਤੀ ਗਈ। ਨਾਲ ਦੀ ਨਾਲ ਸ਼ਹਿਰ ਦੀ ਸਥਾਪਨਾ ਕੀਤੀ ਗਈ। ਵਪਾਰੀਆਂ, ਕਾਰੋਬਾਰੀਆਂ ਨੇ ਸਿੱਖਾਂ ਨੂੰ ਵਸਣ ਦੀ ਅਪੀਲ ਕੀਤੀ। ਇਸ ਤਰਾਂ 'ਚੱਕ ਰਾਮਦਾਸਪੁਰਾ' ਹੋਂਦ ਵਿੱਚ ਆਇਆ। ਅੰਮ੍ਰਿਤ ਸਰੋਵਰ ਦੇ ਤਿਆਰ ਹੋਣ ਪਿੱਛੋਂ ਇਸਦਾ ਨਾਂ 'ਅੰਮ੍ਰਿਤਸਰ ਕਰ ਦਿੱਤਾ ਗਿਆ ਜੋ ਅੱਜ ਸਿੱਖੀ ਦਾ ਮਹਾਨ ਤੀਰਥ ਹੈ। ਪੱਟੀ, ਕਸੂਰ ਤੇ ਕਲਾਨੌਰ ਦੇ ਵਪਾਰੀਆਂ ਤੇ ਮਿਸਤਰੀਆਂ ਨੇ ਇਸ ਪਵਿੱਤਰ ਥਾਂ ਦੀ ਉਸਾਰੀ ਲਈ ਆਪਣਾ ਵੱਡਾ ਯੋਗਦਾਨ ਪਾਇਆ। ਇਸ ਸ਼ਹਿਰ ਵਿੱਚ ਇੱਕ ਹੀ ਬਜ਼ਾਰ ਸੀ ਜਿਸਨੂੰ 'ਗਰੂ ਕਾ ਬਜ਼ਾਰ' ਕਿਹਾ ਜਾਂਦਾ ਸੀ। ਇਸਦਾ ਨਾਂ ਅੱਜ ਵੀ ਉਹੀ ਹੈ ਹਾਂਲਾਕਿ ਇਸਦੀ ਦਿੱਖ ਤੇ ਅਬਾਦੀ ਬਹੁਤ ਬਦਲ ਗਈ ਹੈ। ਸ਼ਹਿਰ ਦੀ ਸਥਾਪਨਾ ਤੇ ਅੰਮ੍ਰਿਤ ਸਰੋਵਰ ਦੀ ਉਸਾਰੀ ਲਈ ਧਨ ਦੀ ਕਾਫੀ ਲੋੜ ਸੀ। ਗੁਰੂ ਰਾਮਦਾਸ ਜੀ ਨੇ ਇਸ ਕੰਮ ਲਈ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 'ਦਸਵੰਧ' ਕਮਾਈ ਦਾ ਦਸਵਾਂ ਹਿੱਸਾ ਗੁਰੂ ਲਈ ਦਾਨ ਕਰਨ। ਦੂਰ-ਦੁਰਾਡਿਓ ਇਹ ਦਸਵੰਧ ਇਕੱਠਾ ਕਰਨ ਲਈ ਜਿਹਨਾਂ ਸਿੱਖਾਂ ਦੀ ਡਿਊਟੀ ਲਾਈ ਗਈ ਸਿੱਖ ਇਤਿਹਾਸ ਵਿੱਚ ਉਹਨਾਂ ਨੂੰ 'ਮਸੰਦ' ਕਿਹਾ ਜਾਂਦਾ ਹੈ। ਇਸ ਤਰਾਂ ਗੁਰੂ ਰਾਮਦਾਸ ਜੀ ਦੇ ਸਮੇਂ 'ਮਸੰਦ ਪ੍ਰਥਾ' ਸ਼ੁਰੂ ਹੋਈ ਅਤੇ ਸਿੱਖੀ ਦਾ ਪ੍ਰਚਾਰ ਤੇ ਪਾਸਾਰ ਕਰਨ ਵਿੱਚ ਸੌਖ ਹੋ ਗਈ।

ਗੁਰੂ ਰਾਮਦਾਸ ਜੀ ਨੇ 679 ਸ਼ਲੋਕਾਂ ਦੀ ਰਚਨਾ ਕੀਤੀ ਜੋ ਗਿਆਰਾਂ ਰਾਗਾਂ ਵਿੱਚ ਲਿਖੇ ਹੋਏ ਹਨ ਅਤੇ ਗੁਰੂ ਗਰੰਥ ਸਾਹਿਬ ਵਿੱਚ ਸ਼ਾਮਲ ਹਨ। ਇਹਨਾਂ ਸ਼ਲੋਕਾਂ ਵਿੱਚ ਉਹਨਾਂ ਨੇ ਪ੍ਰਭੂ ਵਡਿਆਈ, ਅਧਿਆਤਮਿਕਤਾ ਅਤੇ ਸੱਚੇ ਗੁਰੂ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਲੋਕ ਇਸਦਾ ਫਾਇਦਾ ਲੈ ਸਕਣ। ਉਹਨਾਂ ਨੇ

ਆਪਣੀ ਬਾਣੀ ਵਿੱਚ ਸਪੱਸ਼ਟ ਕੀਤਾ ਹੈ ਕਿ ਗੁਰੂ ਪਾਰਸ ਹੈ ਅਤੇ ਅਸੀਂ ਗੁਰੂ ਤੋਂ ਧਾਰਮਿਕ ਸਿੱਖਿਆ ਲੈ ਕੇ ਪਾਰਸ ਬਣ ਸਕਦੇ ਹਾਂ। ਗੁਰੂ ਸਾਨੂੰ ਪ੍ਰਭੂ ਨਾਲ ਜੋੜਦਾ ਹੈ। ਤੀਰਥ ਸਥਾਨਾਂ 'ਤੇ ਜਾਣ ਦਾ ਤਾਂ ਹੀ ਫਾਇਦਾ ਹੈ ਜੇਕਰ ਪ੍ਰਮਾਤਮਾ ਦੀ ਉਸਤਤ ਕਰਦੇ ਜਾਈਏ। ਪੱਕੇ ਇਰਾਦੇ ਅਤੇ ਸੱਚੀ ਰੌਸ਼ਨੀ ਦੇ ਚਾਨਣ ਵਿੱਚ ਹੀ ਮਨੁੱਖ ਠੀਕ ਮਾਰਗ 'ਤੇ ਚੱਲ ਸਕਦਾ ਹੈ।

ਪ੍ਰਸਿੱਧ ਸਿੱਖ ਵਿਦਵਾਨ ਭਾਈ ਗੁਰਦਾਸ ਗੁਰੂ ਰਾਮਦਾਸ ਜੀ ਪਾਸ ਉਹਨਾਂ ਦਾ ਅਸ਼ੀਰਵਾਦ ਲੈਣ ਆਏ। ਗੁਰੂ ਰਾਮਦਾਸ ਉਹਨਾਂ ਦੀ ਸ਼ਰਧਾ ਅਤੇ ਨਿਮਰਤਾ ਤੋਂ ਬਹੁਤ ਖੁਸ਼ ਹੋਏ। ਅਤੇ ਉਹਨਾਂ ਨੂੰ ਸਿੱਖੀ ਦਾ ਪ੍ਰਚਾਰ ਕਰਨ ਲਈ ਆਗਰਾ ਜਾਣ ਲਈ ਕਿਹਾ। ਉਹਨਾਂ ਨੇ ਭਾਈ ਗੁਰਦਾਸ ਨੂੰ ਕੁੱਝ ਹਿਦਾਇਤਾਂ ਦਿੱਤੀਆਂ ਜੋ ਆਗਰੇ ਦੇ ਸਿੱਖਾਂ ਲਈ ਸਨ। ਉਹਨਾਂ ਨੇ ਕਿਹਾ ਕਿ ਸੱਚੇ ਗੁਰੂ ਦੇ ਸਿੱਖ ਨੂੰ ਸਵੇਰ ਵੇਲੇ ਇਸ਼ਨਾਨ ਕਰਕੇ ਪ੍ਰਭੂ ਭਗਤੀ ਕਰਨੀ ਚਾਹੀਦੀ ਹੈ। ਇਸ ਨਾਲ ਦੁੱਖਾਂ, ਪਾਪਾਂ ਤੋਂ ਮੁਕਤੀ ਮਿਲਦੀ ਹੈ। ਸੂਰਜ ਨਿਕਲਣ ਸਮੇਂ ਪਵਿੱਤਰ ਬਾਣੀ ਦਾ ਪਾਠ ਕਰਨਾ ਚਾਹੀਦਾ ਹੈ। ਹਰ ਵੇਲੇ ਪ੍ਰਭੂ ਨੂੰ ਯਾਦ ਰੱਖਣਾ ਚਾਹੀਦਾ ਹੈ। ਜਿਹਨਾਂ ਲੋਕਾਂ ਤੋਂ ਗੁਰੂ ਦੀ ਦਇਆ ਹੋ ਜਾਂਦੀ ਹੈ, ਗੁਰੂ ਉਹਨਾਂ ਨੂੰ ਰਸਤਾ ਦਿਖਾਉਂਦਾ ਹੈ। ਉਹ ਅਜਿਹੇ ਸੱਚੇ ਸੁੱਚੇ ਸਿੱਖ ਦੇ ਪੈਰਾਂ ਦੀ ਧੂੜ ਚਾਹੁੰਦੇ ਹਨ।

ਗੁਰੂ ਰਾਮਦਾਸ ਸਿੱਖਾਂ ਦੇ ਧਾਰਮਿਕ ਗੁਰੂ ਹੋਣ ਦੇ ਨਾਲ ਉਹਨਾਂ ਦੇ ਦੁਖ-ਸੁੱਖ ਦਾ ਵੀ ਪੂਰਾ ਧਿਆਨ ਰੱਖਦੇ ਸਨ। ਇਸ ਸਮੇਂ ਪੰਜਾਬ ਵਿੱਚ ਵਰਖਾ ਨਾ ਹੋਣ ਕਾਰਨ ਕਾਲ ਵਰਗੀ ਹਾਲਤ ਹੋ ਗਈ। ਲੋਕੀ ਮਾਲੀਆ ਦੇਣ ਦੀ ਹਾਲਤ ਵਿੱਚ ਨਹੀਂ ਸੀ। ਗੁਰੂ ਰਾਮਦਾਸ ਜੀ ਦੇ ਅਕਬਰ ਬਾਦਸ਼ਾਹ ਨਾਲ ਸਬੰਧ ਚੰਗੇ ਸਨ। ਉਹਨਾਂ ਨੇ ਬਾਦਸ਼ਾਹ ਨੂੰ ਕਿਸਾਨਾਂ ਦਾ ਇਸ ਸਾਲ ਦਾ ਮਾਲੀਆ ਮਾਫ ਕਰਨ ਲਈ ਕਿਹਾ। ਬਾਦਸ਼ਾਹ ਸਹਿਮਤ ਹੋ ਗਿਆ। ਇਸ ਗੱਲ ਨਾਲ ਸਿੱਖਾਂ ਦੇ ਮਨ ਵਿੱਚ ਗੁਰੂ ਜੀ ਦੀ ਇੱਜ਼ਤ ਹੋਰ ਵਧ ਗਈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਇਹ ਯਤਨ ਕੀਤੇ ਜਾ ਰਹੇ ਸਨ ਕਿ ਸਖਤ ਹਿੰਦੂ ਰੀਤੀ ਰਿਵਾਜਾਂਤੋਂ ਪ੍ਰੋਹਿਤਾਂ ਦੇ ਪੰਜੇ ਤੋਂ ਲੋਕਾਂ ਨੂੰ ਅਜ਼ਾਦ ਕੀਤਾ ਜਾਵੇ। ਲੋਕਾਂ ਦੇ ਵਹਿਮ ਭਰਮ ਦੂਰ ਕੀਤੇ ਜਾਣ। ਇਸ ਕਾਰਜ ਹਿਤ ਗੁਰੂ ਰਾਮਦਾਸ ਜੀ ਨੇ ਵਿਆਹ ਸਬੰਧੀ ਰਸਮਾਂ ਵਿੱਚ ਖਾਸ ਬਦਲਾਅ ਕੀਤਾ। ਇਸ ਨੂੰ ਸਧਾਰਣ ਰੀਤ ਬਣਾਇਆ ਅਤੇ ਗੁਰੂ ਦੇ ਪਵਿੱਤਰ ਸ਼ਬਦਾਂ ਨਾਲ ਇਸ ਰੀਤ ਨੂੰ ਸਪੰਨ ਕਰਨ ਲਈ 'ਚਾਰ ਲਾਵਾਂ' ਦਾ ਪਾਠ ਕਰਨ ਲਈ ਕਿਹਾ। ਇਹਨਾਂ ਲਾਵਾਂ ਦੇ ਪਾਠ ਵਿੱਚ 'ਵਿਆਹੁਤਾ ਜੋੜੇ ਨੂੰ ਪ੍ਰਭੂ ਦੀ ਵਡਿਆਈ ਕਰਕੇ ਸਹਿਜ ਅਨੰਦ ਅਵਸਥਾ ਗ੍ਰਹਿਣ ਕਰਕੇ ਗੁਰੂ ਨਾਲ ਜੁੜਨ ਲਈ ਕਿਹਾ ਗਿਆ ਹੈ। ਮੇਰਾ ਪ੍ਰਭੂ ਹਰ ਥਾਂ ਵਸਦਾ ਹੈ ਅਤੇ ਉਸਨੂੰ ਪਾ ਕੇ ਉਹ ਹੰਕਾਰ ਦੀ ਮੈਲ ਧੋ ਚੁੱਕਾ ਹੈ ਤੇ ਨਿਡਰ ਹੋ ਗਿਆ ਹੈ।

ਉਸਨੂੰ ਸਹਿਜ ਅਨੰਦ ਦੀ ਪ੍ਰਾਪਤੀ ਹੋਈ ਹੈ। ਮਨ ਇੰਨਾ ਖੁਸ਼ ਹੈ ਕਿ ਮੈਂ ਪ੍ਰਭੂ ਦਾ ਨਾਮ ਵਾਰ ਵਾਰ ਲੈ ਕੇ ਕਿਸਮਤਵਾਲਾ ਹੋ ਗਿਆ ਹਾਂ। ਪ੍ਰਭੂ ਨੇ ਆਪ ਹੀ ਵਡਿਆਈ ਬਖਸ਼ੀ ਹੈ, ਆਪ ਹੀ ਸ਼ਾਦੀ ਕਰਵਾਈ ਹੈ, ਉਸਦੇ ਨਾਮ ਲੈਣ ਨਾਲ ਦੁਲਹਣ ਵੀ ਖੁਸ਼ ਹੈ। ਗੁਰੂ ਦੀ ਬਖ਼ਸ਼ਿਸ਼ ਹੋਈ ਹੈ।'

ਗੁਰੂ ਰਾਮਦਾਸ ਜੀ ਦੇ ਤਿੰਨਾਂ ਸਪੁੱਤਰਾਂ ਵਿੱਚੋਂ ਮਹਾਂ ਦੇਵ ਫਕੀਰ ਪ੍ਰਵਿਰਤੀ ਦਾ ਸੀ। ਵੱਡਾ ਪ੍ਰਿਥੀ ਚੰਦ ਲਾਲਚੀ ਵਿਅਕਤੀ ਸੀ। ਗੁਰੂ ਅਰਜਨ ਦੇਵ ਨਿਮਰਤਾ, ਗੁਣਾਂ ਦੀ ਖਾਣ, ਤਿਆਗੀ ਅਤੇ ਵਿਦਵਾਨ ਸਨ। ਪ੍ਰਿਥੀ ਚੰਦ ਗੱਦੀ ਹਥਿਆਉਣੀ ਚਾਹੁੰਦਾ ਸੀ। ਉਸਨੂੰ ਪਤਾ ਸੀ ਕਿ ਗੁਰੂ ਸਾਹਿਬ ਅਰਜਨ ਦੇਵਨੂੰ ਗੱਦੀ ਸੌਂਪਣਗੇ। ਇਸ ਲਈ ਉਸਨੇ ਚਾਲਾਂ ਚੱਲਣੀਆਂ ਚਾਹੀਆਂ। ਗੁਰੂ ਅਰਜਨ ਦੇਵ ਨੂੰ ਗੁਰੂ ਪਿਤਾ ਤੋਂ ਦੂਰ ਰੱਖਣ ਦਾ ਹਰ ਸੰਭਵ ਯਤਨ ਕੀਤਾ। ਪਰ ਗੁਰੂ-ਪਿਤਾ ਸਭ ਜਾਣਦੇ ਸਨ। ਉਹਨਾਂ ਨੂੰ ਪਤਾ ਸੀ ਕਿ ਗੁਰਗੱਦੀ ਦੇ ਅਸਲੀ ਵਾਰਸ ਅਰਜਨ ਦੇਵ ਹੀ ਹਨ। ਗੁਰੂ ਜੀ ਅਰਜਨ ਦੇਵ ਦੀਆਂ ਚਿੱਠੀਆਂ ਵਿੱਚ ਉਹਨਾਂ ਦਾ ਪਿਤਾ-ਪਿਆਰ ਅਤੇ ਗੁਰਬਾਣੀ ਦੀ ਸਰਲਤਾ ਤੇ ਸਪੱਸ਼ਟਤਾ, ਵਿਦਵਤਾ ਤੋਂ ਬਹੁਤ ਪ੍ਰਭਾਵਿਤ ਸਨ।

ਸਹੀਂ ਸਮੇਂ 'ਤੇ ਗੁਰੂ ਰਾਮਦਾਸ ਜੀ ਨੇ ਗਰੂ ਅਰਜਨ ਦੇਵ ਨੂੰ ਗੁਰਗੱਦੀ ਦੇਣ ਦਾ ਐਲਾਨ ਕਰ ਦਿੱਤਾ। ਉਹਨਾਂ ਨੇ ਬਾਬਾ ਬੁੱਢਾ ਨੂੰ ਅਰਜਨ ਦੇਵ ਦੇ ਮੱਥੇ 'ਤੇ ਤਿਲਕ ਲਾਉਣ ਲਈ ਕਿਹਾ! ਜਿਵੇਂ ਇੱਕ ਮੋਮਬੱਤੀ ਤੋਂ ਦੂਜੀ ਮੋਮਬੱਤੀ ਬਾਲੀ ਜਾਂਦੀ ਹੈ। ਇਸ ਤਰਾਂ ਪ੍ਰਭੂ ਦੀ ਰੌਸ਼ਨੀ ਗੁਰੂ ਨਾਨਕ ਤੋਂ ਗੁਰੂ ਅੰਗਦ ਕੋਲ ਪਹੁੰਚੀ, ਗੁਰੂ ਅੰਗਦ ਤੋਂ ਗੁਰੂ ਅਮਰ ਦਾਸ ਅਤੇ ਅਮਰਦਾਸ ਤੋਂ ਗੁਰੂ ਰਾਮਦਾਸ, ਰਾਮਦਾਸ ਗੁਰੂ ਤੋਂ ਗੁਰੂ ਅਰਜਨ ਦੇਵ ਕੋਲ ਪਹੁੰਚੀ ਅਤੇ ਉਹ ਪੰਜਵੇਂ ਨਾਨਕ ਬਣੇ। ਕੁੱਝ ਸਮੇਂ ਬਾਅਦ ਸਤੰਬਰ 1581 ਈ. ਵਿੱਚ ਗੁਰੂ ਰਾਮਦਾਸ ਜੀ ਪ੍ਰਮਾਤਮਾ ਕੋਲ ਜਾ ਬਿਰਾਜੇ। ਉਸ ਸਮੇਂ ਉਹਨਾਂ ਦੀ ਉਮਰ ਸਿਰਫ 47 ਸਾਲ ਸੀ ਅਤੇ ਉਹਨਾਂ ਨੇ ਸੱਤ ਸਾਲ ਗੁਰੂਆਈ ਦੇ ਬਿਤਾਏ। ਉਸ ਸਮੇਂ ਸਾਰੇ ਦੇਸ਼ ਵਿੱਚ ਸਿੱਖ ਧਰਮ ਦਾ ਪ੍ਰਚਾਰ ਜੋਰਾਂ 'ਤੇ ਸੀ। ਗੁਰੂ ਰਾਮਦਾਸ ਜੀ ਨੇ ਸਿੱਖ ਜਗਤ ਵਿੱਚ ਬਹੁਤ ਇੱਜ਼ਤ ਤੇ ਨਾਮ ਕਮਾਇਆ।

ਗੁਰੂ ਰਾਮਦਾਸ ਜੀ ਦਾ ਕਾਰਜਕਾਲ ਭਾਵੇਂ ਛੋਟਾ ਸੀ ਪਰ ਉਹਨਾਂ ਨੇ ਸਿੱਖ ਧਰਮ ਦੇ ਲਈ ਜੋ ਕੰਮ ਕੀਤੇ ਉਹ ਬੇਮਿਸਾਲ ਸਨ। ਆਪਣੀ ਨਿਮਰਤਾ ਨਾਲ ਨੇ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ, ਜੋ ਉਦਾਸੀ ਸੰਪਰਦਾਇ ਨਾਲ ਸੰਬਧ ਰੱਖਦੇ ਸਨ, ਨੂੰ ਵੀ ਪ੍ਰਭਾਵਿਤ ਕੀਤਾ। ਸ੍ਰੀ ਚੰਦ ਦੇ ਇਹ ਪੁੱਛਣ 'ਤੇ ਕਿ ਗੁਰੂ ਜੀ ਨੇ ਇਨਾ ਲੰਬਾ ਦਾਹੜਾ ਕਿਉਂ ਰੱਖਿਆ ਹੈ, ਗੁਰੂ ਰਾਮਦਾਸ ਜੀ ਨੇ ਨਿਮਰਤਾ ਨਾਲ ਕਿਹਾ ਕਿ ਇਹ ਬਾਬਾ ਸ੍ਰੀ ਚੰਦ ਵਰਗੇ ਮਹਾਂਪੁਰਖਾਂ ਦੇ ਪੈਰ ਪੂੰਝਣ

ਲਈ ਹੈ। ਸ੍ਰੀ ਚੰਦ ਨੇ ਇਸ ਗੱਲ ਨੂੰ ਸੁਣ ਕੇ ਅਨੁਭਵ ਕੀਤਾ ਕਿ ਨਿਮਰਤਾ ਨਾਲ ਹੀ ਮਨੁੱਖੀ ਮਨ ਦੀ ਜਿੱਤ ਹੁੰਦੀ ਹੈ। ਇਸ ਤਰਾਂ ਦੀਆਂ ਅਨੇਕਾਂ ਮਿਸਾਲਾਂ ਹਨ ਜਿਹਨਾਂ ਤੋਂ ਉਹਨਾਂ ਦੇ ਵਿਅਕਤੀਤਵ ਦੇ ਅਨੇਕਾਂ ਗੁਣਾਂ 'ਤੇ ਰੌਸ਼ਨੀ ਪੈਂਦੀ ਹੈ। ਸਰੋਵਰ ਦਾ ਰਹਿੰਦਾ ਕੰਮ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਦੀ ਜ਼ਿੰਮੇਵਾਰੀ ਉਹਨਾਂ ਦੇ ਸਪੁੱਤਰ ਅਤੇ ਪੰਜਵੇਂ ਗੁਰੂ ਅਰਜਨ ਦੇਵ ਨੇ ਪੂਰੀ ਕੀਤੀ ਕਿਉਂਕਿ ਗੁਰੂ ਰਾਮਦਾਸ ਜੀ ਦੀ ਸੰਸਾਰਿਕ ਯਾਤਰਾ ਥੋੜੀ ਸੀ।

ਗੁਰੂ ਰਾਮ ਦਾਸ ਜੀ ਸ਼ਾਂਤ ਪ੍ਰਵਿਰਤੀ ਦੇ ਮਾਲਕ ਸਨ। ਉਹਨਾਂ ਦੀ ਰਚੀ ਬਾਣੀ ਵਿੱਚ ਪ੍ਰਭੂ ਭਗਤੀ 'ਤੇ ਜ਼ੋਰ ਦਿੱਤਾ ਗਿਆ ਹੈ। ਜਿਸ ਵਿੱਚ ਅੰਮ੍ਰਿਤ ਧਾਰਾ ਬਹਿੰਦੀ ਹੈ। ਗੁਰੂ ਜੀ ਛੋਟੀ ਉਮਰ ਤੋਂ ਹੀ ਗੁਰੂ ਘਰ ਨਾਲ ਜੁੜੇ ਹੋਏ ਸਨ। ਉਹਨਾਂ ਵਿੱਚ ਗੁਰੂ ਘਰ ਦੇ ਸਾਰੇ ਸੰਸਕਾਰ ਹਲੀਮੀ, ਸ਼ਹਿਨਸ਼ੀਲਤਾ ਅਤੇ ਸਬਰ ਸੰਤੋਖ ਪ੍ਰਤੱਖ ਦਿਸਦੇ ਸਨ।। ਸ਼ੁਰੂ ਤੋਂ ਹੀ ਉਹਨਾਂ ਨੂੰ ਗੁਰੂ ਅਮਰਦਾਸ ਜਿਹੇ ਨਿਮਰਤਾ ਦੇ ਪੁੰਜ ਗੁਰੂ ਦਾ ਸਾਥ ਮਿਲਿਆ। ਬਾਬਾ ਬੁੱਢਾ ਜਿਹੇ ਕਰਮਯੋਗੀ ਦੀ ਸੰਗਤ ਮਿਲੀ ਤਾਂ ਉਹਨਾਂ ਦੇ ਜੀਵਨ 'ਤੇ ਇਹਨਾਂ ਗੱਲਾਂ ਦਾ ਅਸਰ ਹੋਣਾ ਲਾਜ਼ਮੀ ਸੀ। ਆਪਣੇ ਗੁਰੂ ਦੀ ਸੰਗਤ ਤੇ ਸੇਵਾ ਲਈ ਉਹ ਹਰਦਮ ਤਿਆਰ ਸਨ। ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਪ੍ਰਮੇਸ਼ਰ ਦੀ ਸਰਵ ਉੱਚਤਾ ਦੀ ਵਡਿਆਈ ਵਿੱਚ ਲਿਖੀ ਬਾਣੀ ਗੁਰੂ ਰਾਮਦਾਸ ਜੀ ਦੀ ਮਿਠਾਸ ਭਰਪੂਰ ਅਤੇ ਤਪਦੇ ਹਿਰਦੇ ਸ਼ਾਂਤ ਕਰਦੀ ਹੈ। ਆਪ ਜੀ ਦੀਆਂ ਸਿੱਖਿਆਵਾਂ ਮਨੁੱਖ ਮਾਤਰ ਲਈ ਸੁਚੱਜਾ ਜੀਵਨ ਜਿਉਣ ਦੀ ਪ੍ਰੇਰਨਾ ਦਾ ਸੋਮਾ ਹਨ। ਉਹਨਾਂ ਨੇ ਸਿੱਖਾਂ ਨੂੰ 'ਆਪਾ' ਗੁਰੂ ਨੂੰ ਸੌਂਪਣ 'ਤੇ ਜ਼ੋਰ ਦਿੱਤਾ। ਅੰਤਰ ਆਤਮਾ ਦੀ ਸੋਝੀ ਮਨ ਦੀ ਮੈਲ ਧੋ ਸਕਦੀ ਹੈ। ਨਾਮ ਦਾਨ, ਇਸ਼ਨਾਨ, ਸੁੱਚੀ ਕਿਰਤ, ਵੰਡ ਛਕਣ ਸਿੱਖ ਲਈ ਸ਼ੁਭ ਕਰਮ ਹਨ। ਉਹਨਾਂ ਦੇ ਅਨੁਸਾਰ ਜੋ ਪ੍ਰਮਾਤਮਾ ਦਾ ਨਾਮ ਜਪਦਾ ਹੈ ਉਸ ਸਿੱਖ ਦੀ ਚਰਨ ਧੂੜ ਮਸਤਕ 'ਤੇ ਲਗਾਉਣੀ ਚਾਹੀਦੀ ਹੈ। ਭੱਟ ਕਵੀਆ ਨੇ ਬੜੇ ਸੁੰਦਰ ਢੰਗ ਨਾਲ ਗੁਰੂ ਰਾਮਦਾਸ ਜੀ ਬਾਰੇ ਚਿਤ੍ਰਣ ਕਰਦੇ ਹੋਏ ਦੱਸਿਆ ਹੈ ਕਿ ਗੁਰੂ ਜੀ ਕਲਯੁੱਗ ਅੰਦਰ ਭਵਸਾਗਰ ਤੋਂ ਤਾਰਨ ਵਿੱਚ ਸਮਰੱਥ ਅਜਿਹੀ ਸ਼ਖਸ਼ੀਅਤ ਸਨ। ਜਿਨਾਂ ਦੇ ਸ਼ਬਦ ਸੁਣਦਿਆਂ ਹੀ ਸਮਾਧੀ ਲੱਗ ਜਾਂਦੀ ਸੀ। ਉਹ ਦੁੱਖਾਂ ਦਾ ਨਾਸ਼ ਕਰਨ ਵਾਲੀ ਅਤੇ ਸੁੱਖ ਦੇਣ ਵਾਲੀ ਸ਼ਕਤੀ ਦਾ ਧਿਆਨ ਧਰਨ ਨਾਲ ਹੀ ਮਨੁੱਖ ਭਵ ਸਾਗਰ ਪਾਰ ਕਰ ਸਕਦਾ ਸੀ।

'ਤਾਰਣ ਤਰਣ ਸਮ੍ਰਥੁ ਕਲਿਜੁਗਿ ਸੁਨਤ ਸਮਾਧਿ ਸ਼ਬਦ ਜਿਸੁ ਕੇਰੈ।।'

ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ ਜੋ ਧਰਤ ਧਿਆਨੁ ਬਸਤ ਇਹ ਨੇਰੈ।।

(ਗੁਰੂ ਗਰੰਥ ਸਾਹਿਬ, ਪੰਨਾ 400)

ਗੁਰੂ ਰਾਮਦਾਸ ਜੀ ਦੀ ਬਾਣੀ ਪਹਿਲਾਂ ਚੱਲੀ ਆ ਰਹੀ ਅਧਿਆਤਮਿਕਤਾ ਦੀ ਵਿਚਾਰਧਾਰਾ ਦਾ ਵਿਸਥਾਰ ਕਰਦੀ ਹੋਈ ਆਪਣੇ ਰਹੱਸਵਾਦੀ ਅਨੁਭਵ ਨੂੰ ਨਾਲ ਮਿਲਾ ਕੇ ਇੱਕ ਨਵੀਂ ਸਰੂਪਤਾ ਵਿੱਚ ਢਾਲ ਦਿੰਦੀ ਹੈ। ਉਹਨਾਂ ਨੇ ਆਪਣੀ ਧਰਮ ਸਾਧਨਾ ਸੰਪੰਨ ਕਰ ਲਈ ਸਾਧ ਸੰਗਤ, ਨਾਮ ਸਿਮਰਨ, ਮਨ ਨੂੰ ਕਾਬੂ ਵਿੱਚ ਰੱਖਣ, ਚੰਗੇ ਗੁਣਾਂ ਦੇ ਧਾਰਨੀ ਬਣਨ ਅਤੇ ਹਰਿ ਭਗਤੀ ਵੀ ਪ੍ਰਭੂ ਭਗਤੀ ਨਾਲ ਪ੍ਰਵਾਨ ਚੜ੍ਹ ਜਾਂਦਾ ਹੈ, ਸੇਵਾ ਭਗਤੀ ਨੂੰ ਉਹ ਉੱਚ ਘਾਲਣਾ ਕਹਿਕੇ ਵਡਿਆਉਂਦੇ ਹਨ। ਸੇਵਾ ਦੀ ਬਿਰਤੀ ਨਾਲ ਮਨੁੱਖ ਵਿੱਚੋਂ ਹਉਮੈ ਖਤਮ ਹੋ ਜਾਂਦੀ ਹੈ ਅਤੇ ਉਹ ਸਮਾਜ ਦੇ ਭਲੇ ਲਈ ਜਿਉਂਦਾ ਹੈ ਅਤੇ ਪ੍ਰਮਾਤਮਾ ਦੇ ਨੇੜੇ ਹੋ ਜਾਂਦਾ ਹੈ।

ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ ਮੰਗਲ ਮਈ ਕਾਰਜਾਂ ਜਿਵੇਂ ਵਿਆਹ ਸ਼ਾਦੀ ਨਾਲ ਸਬੰਧਤ ਵਾਲੇ ਲੋਕ-ਗੀਤਾਂ ਨੂੰ ਅਧਾਰ ਬਣਾ ਕੇ ਆਪਣੀ ਬਾਣੀ ਵਿੱਚ ਲਿਪੀ ਬੱਧ ਕੀਤਾ ਗਿਆ ਹੈ। ਇਸ ਬਾਣੀ ਵਿੱਚ ਛੰਦ-ਮੁਕਤ ਹੋ ਕੇ ਰਾਗ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਉਹਨਾਂ ਨੇ ਇਹਨਾਂ ਗੀਤਾਂ ਦਾ ਅਧਿਆਤਮੀਕਰਣ ਕਰਕੇ ਪ੍ਰਮਾਤਮਾ ਅਤੇ ਜੀਵਾਤਮਾ ਦੇ ਪ੍ਰਸੰਗ ਵਿੱਚ ਢਾਲ ਦਿੱਤਾ ਹੈ। ਇਸ ਬਾਣੀ ਵਿੱਚ ਸਮਾਜਿਕ ਸੱਚ ਵੀ ਸਹਿਜ ਸੁਭਾਅ ਹੀ ਉੱਭਰ ਆਏ ਹਨ। ਉਹਨਾਂ ਦੀ ਬਾਣੀ ਵਾਰਤਿਕ ਨੁਮਾ ਹੈ ਪਰ ਤੁਕਾਂ ਦੀ ਲੈਅ ਫੇਰ ਵੀ ਬਰਕਰਾਰ ਹੈ। ਉਹਨਾਂ ਦੀ ਬਾਣੀ ਦੀ ਵਿਲੱਖਣਤਾ ਇਹਨਾਂ ਸਾਹਿਤਕ ਗੁਣਾਂ ਕਰਕੇ ਵਧੇਰੇ ਹੈ। ਬਾਣੀ ਵਿੱਚ ਵਰਤੀ ਗਈ ਭਾਸ਼ਾ ਦੀ ਸਾਦਗੀ, ਸਰਲ ਸ਼ੈਲੀ, ਸੁਹਜ ਵਾਦੀ ਅਲੰਕਾਰ ਬਿੰਬ, ਇਸਨੂੰ ਸ੍ਰੇਸ਼ਠਾ ਪ੍ਰਦਾਨ ਕਰਦੇ ਹਨ। ਉਹ ਸੱਚੇ ਸੁੱਚੇ ਸਾਧਕ ਸਨ। ਉਹਨਾਂ ਦੇ ਮੁੱਖ ਤੋਂ ਉਚਰਿਆ ਹਰ ਵਾਕ ਬ੍ਰਹਮ ਵਿਚਾਰ ਹੈ। ਇਸ ਬ੍ਰਹਮੀ ਪ੍ਰੇਰਣਾ ਨੂੰ ਸਵੀਕਾਰਦੇ ਹੋਏ ਉਹ ਕਹਿੰਦੇ ਹਨ-

'ਆਪੇ ਲੇਖਣਿ ਆਪ ਲੇਖਾਰੀ ਆਪੇ ਲੇਖੁ ਲਿਖਾਹਾ।।'

('ਗੁਰੂ ਗਰੰਥ ਸਾਹਿਬ ਪੰਨਾ 606,)

ਇਹਨਾਂ ਗੁਣਾਂ ਦੀ ਬਦੌਲਤ ਉਹਨਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਵੀ ਪੂਰੀ ਤਰਾਂ ਸੁਸਿਖਿਅਤ ਕੀਤਾ। ਨਿਮਰਤਾ, ਸ਼ਹਿਨਸ਼ੀਲਤਾ ਦੇ ਗੁਣਾਂ ਦੇ ਨਾਲ ਨਾਲ ਚੰਗੀ ਸਿੱਖਿਆ ਵੀ ਦਿੱਤੀ। ਉਹਨਾਂ ਦੇ ਸਦਗੁਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰੂਆਈ ਬਖਸ਼ੀ। ਗੁਰੂ ਰਾਮਦਾਸ ਜੀ ਸਚਮੁੱਚ ਹੀ ਦੈਵੀ ਸ਼ਖਸ਼ੀਅਤ ਦੇ ਮਾਲਕ ਸਨ।

## ਗੁਰੂ ਰਾਮ ਦਾਸ ਜੀ ਦੇ ਕੁੱਝ ਸ਼ਬਦ ਗੁਰੂ ਗਰੰਥ ਸਾਹਿਬ ਵਿੱਚ ਦਰਜ

1. ਵਡਾ ਮੇਰਾ ਗੋਵਿੰਦ ਅਗਮ ਅਗੋਚਰ ਆਦਿ ਨਿਰੰਜਨ ਨਿਰੰਕਾਰ ਜੀਉ।।
ਤਾਂ ਕੀ ਗਤਿ ਕਹੀ ਨਾ ਜਾਈ ਅਮਿਤਿ ਵਡਿਆਈ
ਮੇਰਾ ਗੋਵਿੰਦ ਅਲਖ ਅਪਾਰ ਜੀਓ।।
ਗੋਵਿੰਦ ਅਲਖ ਅਪਾਰੁ ਅਪੰਰਪਾਰ ਆਪੁ ਆਪਣਾ ਜਾਣੈ।।
ਕਿਆ ਇਹ ਜੰਤ ਵਿਚਾਰੇ ਕਹੀਆਹਿ ਤੈ ਤੁਧੁ ਆਖਿ ਵਖਾਣੈ।।
ਤਿਸ ਨੇ ਨਦਰਿ ਕਰਹਿ ਤੂੰ ਆਪਣੀ ਸੋ ਗੁਰਮੁਖਿ ਕਰੇ ਵਿਚਾਰ ਜੀਉ।।
ਵਡਾ ਮੇਰਾ ਗੋਵਿੰਦ ਅਗਮ ਅਗੋਚਰ ਆਦਿ ਨਿਰੰਜਨ ਨਿਰੰਕਾਰ ਜੀਉ।।

('ਆਸਾ ਮਹੱਲਾ 4 ਛੰਤ' ਪੰਨਾ 448)

2. ਜਿਥੈ ਜਾਵੇ ਬਹੈ ਮੇਰਾ ਸਤਿਗੁਰੂ ਸੇ ਥਾਨ ਸੁਹਾਵਾ ਰਾਮ ਰਾਜੇ।।
ਗੁਰਸਿਖੀ ਸੋ ਥਾਨੁ ਤਾਲਿਆ ਲੈ ਬੁਰਿ ਮੁਖਿ ਨਾਵਾ।।
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮ ਧਿਆਵਾ।।
ਜਿਨਹੁ ਨਾਨਕ ਸਤਿਗੁਰੂ ਪੂਜਿਆ ਤਿਨ ਹਰਿ ਪੂਜ ਕਰਾਵਾ।।

(ਆਸਾ ਮਹੱਲਾ 4 (442-43)

3. ਝਿਮਿ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ।।
ਗੁਰਮੁਖੇ ਗੁਰਮਖਿ ਨਦਰੀ ਰਾਮੁ ਪਿਆਰਾ ਰਾਮ।।
ਰਾਮ ਨਾਮ ਪਿਆਰਾ ਜਗਤ ਨਿਸਤਾਰਾ ਰਾਮਿ ਨਾਮਿ ਵਡਿਆਈ।।
ਕਲਿਜੁਗਿ ਰਾਮ ਨਾਮ ਬੋਹਿਥਾ ਗੁਰਮੁਖ ਪਾਰਿ ਲਘਾਈ।।
ਹਲਤਿ ਪਲਤਿ ਰਾਮ ਨਾਮਿ ਸੁਹੇਲੇ ਗੁਰਮੁਖਿ ਕਰਣੀ ਸਾਰੀ।।
ਨਾਨਕ ਦਾਤਿ ਦਇਆ ਕਰ ਦੇਣੈ ਰਾਮ ਨਾਮਿ ਨਿਸਤਾਰੀ।।

(ਆਸਾ ਮਹੱਲਾ 4 (442-43)

4. ਕਾਮਿ ਕਰੋਧ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।।

ਪੂਰਬਿ ਲਿਖਤ ਲਿਖੇ ਗੁਰ ਪਾਇਆ ਮਨਿ ਹਰ ਲਿਵ ਮੰਡਲ ਮੰਡਾ ਹੇ।।
ਕਰ ਸਾਧੂ ਅੰਜੁਲੀ ਪੁੰਨੁ ਵਡਾ ਹੈ। ਕਰ ਡੰਡਉਤ ਪੁੰਨ ਵਡਾ ਹੇ।।

( ਪੰਨਾ 171)

5. ਅੰਧੇ ਚਾਨਣ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ।।
ਬੰਧਨ ਤੋੜੈ ਸਚਿ ਵਸੈ ਅਗਿਆਨ ਅੰਧੇਰਾ ਜਾਇ।।
ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ।।
ਨਾਨਕ ਸਰਣ ਕਰਤਾਰ ਕੀ ਕਰਤਾ ਰਖੈ ਲਾਜ।।

(ਪੰਨਾ 551)

6. ਆਪੇ ਧਰਤੀ ਸਾਜੀਅਨੁ ਆਪੇ ਅਕਾਸੁ।।
ਵਿਚਿ ਆਪੇ ਜੰਤ ਉਪਾਇਅਨ ਮੁਖਿ ਆਰੇ ਦੇਇ ਗਿਰਾਸੁ।।
ਸਭੁ ਆਪੇ ਆਪਿ ਵਰਤਦਾ ਆਪੇ ਹੀ ਗੁਣਤਾਸੁ।।
ਜਨ ਨਾਨਕ ਨਾਮ ਧਿਆਇ ਤੂ ਸਭਿ ਕਿਲਵਿਖ ਕਜੇ ਤਾਸੁ।।

( ਪੰਨਾ 302)

7. ਹਰਿ ਕੀ ਵਡਿਆਈ ਵਡੀ ਹੈ ਹਰ ਕੀਰਤਨੁ ਹਰਿ ਕਾ।।
ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ।।
ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ।।
ਹਰਿ ਕੀ ਵਡਿਆਈ ਵਡੀ ਹੈ ਜਾ ਨਾ ਸੁਣਈ ਕਰਿਆ ਚੁਗਲ ਕਾ।।
ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨ ਦੇਵਕਾ।।

(ਪਉੜੀ 6)

8. ਕੀਤਾ ਲੋੜੀਐ ਕੰਮ ਸੁ ਹਰਿ ਪਹਿ ਆਖੀਐ।।
ਕਾਰਜ ਦੇਇ ਸਵਾਰਿ ਸਤਿਗੁਰ ਸਚ ਸਾਖੀਐ।।
ਸੰਤਾ ਸੰਗਿ ਨਿਧਾਨ ਅੰਮ੍ਰਿਤ ਚਾਖੀਐ।।
ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ।।
ਨਾਨਕ ਹਰ ਗੁਣ ਗਾਇ ਅਲਖੁ ਪ੍ਰਭੁ ਲਾਖੀਐ।।

(ਪਉੜੀ 20)

9. ਵੀਆਹੁ ਹੋਆ ਮੇਰੇ ਬਾਬਲਾ ਗੁਰਮੁਖੇ ਹਰਿ ਪਾਇਆ

ਅਗਿਆਨ ਅੰਧੇਰਾ ਕਟਿਆ ਗੁਰ ਗਿਆਨ ਪ੍ਰਚੰਡ ਬੁਲਾਇਆ।।

(ਸਿਰੀ ਰਾਗ ਮਹੱਲਾ 4 ਪੰਨਾ 78)

10. ਵਡਭਾਈਆ ਸੋਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿ ਰਾਇ।।
ਅੰਤਰ ਜੋਤ ਪ੍ਰਗਾਸੀਆ ਨਾਨਕ ਨਾਮ ਸਮਾਇ।।

(ਪੰਨਾ 309)

11. ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ।।
ਦਰਸ਼ਨ ਹਰਿ ਦੇਖਣ ਕੇ ਤਾਈ।।
ਕ੍ਰਿਪਾ ਕਰੇਹਿ ਤਾਂ ਸਤਿਗਰੂ ਮੇਲਹਿ ਹਰ ਹਰਿ ਨਾਮਿ ਧਿਆਈ।।

(ਰਾਗ ਸੂਹੀ ਅਸੁਟਪਦੀਆ 757-58)

12.
ਜਪਿ ਮਨ ਰਾਮ ਨਾਮੁ ਸੁਖ ਪਾਵੈਗੋ।।
ਜਿਉ ਜਿਉ ਤਿਵੈ ਸੁਖੁ ਪਵੈ ਸਤਿਗੁਰੂ ਸੇਵਿ ਸਮਾਵੈਗੋ।।

(ਪੰਨਾ 1308)

# ਸ਼੍ਰੀ ਗੁਰੂ ਅਰਜਨ ਦੇਵ ਜੀ

'ਦੋਹਿਤਾ ਬਾਣੀ ਕਾ ਬੋਹਿਥਾ'- ਗੁਰੂ ਅਮਰ ਦਾਸ ਜੀ।।'

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇ ਗੁਰੂ ਸਨ। ਉਹਨਾਂ ਦਾ ਜਨਮ 15 ਅਪ੍ਰੈਲ 1563 ਈ. ਵਿੱਚ ਗੁਰੂ ਰਾਮਦਾਸ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। ਇਹਨਾਂ ਦਾ ਜਨਮ ਸਥਾਨ ਗੋਇੰਦਵਾਲ ਹੈ। ਗੁਰੂ ਅਰਜਨ ਦੇਵ ਆਪਣੇ ਦੋ ਵੱਡੇ ਭਰਾਵਾਂ ਪ੍ਰਿਥੀ ਚੰਦ ਅਤੇ ਮਹਾਂਦੇਵ ਤੋਂ ਤੀਜੇ ਨੰਬਰ 'ਤੇ ਸਨ। ਉਹਨਾਂ ਦੇ ਪਾਲਣ ਪੋਸ਼ਣ ਅਤੇ ਸਿੱਖਿਆ ਵੱਲ ਖਾਸ ਧਿਆਨ ਦਿੱਤਾ ਗਿਆ। ਛੋਟੀ ਉਮਰ ਵਿੱਚ ਹੀ ਉਹਨਾਂ ਨੇ ਆਪਣੇ ਨਾਨਾ ਗੁਰੂ ਅਮਰਦਾਸ ਅਤੇ ਪਿਤਾ ਗੁਰੂ ਰਾਮਦਾਸ ਜੀ ਦਾ ਵਿਸ਼ਵਾਸ ਜਿੱਤ ਲਿਆ ਸੀ। ਆਪ ਨਿਮਰਤਾ, ਭਗਤੀ, ਸ਼ਰਧਾ, ਮਿੱਠੀ ਬੋਲੀ ਦੇ ਨਾਲ ਆਪਣੇ ਫਰਜ਼ ਨੂੰ ਚੰਗੀ ਤਰਾਂ ਪਛਾਣਦੇ ਸਨ। ਉਹਨਾਂ ਦੇ ਵੱਡਾ ਭਰਾ ਪ੍ਰਿਥੀ ਚੰਦ ਨੇ ਆਪਣੇ ਲਾਲਚੀ ਸੁਭਾਅ ਕਾਰਨ ਗੁਰੂ ਪਿਤਾ ਨੂੰ ਨਾਰਾਜ਼ ਕਰ ਲਿਆ ਸੀ। ਜਿਸ ਕਰਕੇ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਗੁਰੂ ਅਰਜਨ ਦੇਵ ਨੂੰ ਸੌਂਪੀ। ਭਾਵੇਂ ਗੁਰੂ ਅਰਜਨ ਦੇਵ ਨੇ ਆਪਣੇ ਭਰਾਵਾਂ ਦੇ ਗੁਜ਼ਾਰੇ ਲਈ ਚੰਗਾ ਪ੍ਰਬੰਧ ਕਰ ਦਿੱਤਾ ਸੀ ਪਰੰਤੂ ਪ੍ਰਿਥੀ ਚੰਦ ਸਾਰੀ ਉਮਰ ਗੁਰੂ ਅਰਜਨ ਦੇਵ ਨੂੰ ਤੰਗ ਕਰਦਾ ਰਿਹਾ, ਮਸੰਦਾਂ ਤੋਂ ਰਸਤੇ ਵਿੱਚ ਹੀ ਪੈਸੇ ਹਥਿਆ ਲੈਣੇ, ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸ਼ਿਕਾਇਤਾਂ ਕਰਨੀਆਂ ਤੇ ਸਿੱਖ ਗੁਰੂ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਨੀਆਂ, ਉਸਨੇ ਜਾਰੀ ਰੱਖੀਆਂ। ਗੁਰੂ ਅਰਜਨ ਦੇਵ ਅੰਮ੍ਰਿਤਸਰ ਚਲੇ ਗਏ ਅਤੇ ਗੁਰੂ ਰਾਮਦਾਸ ਦੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਲੱਗੇ।

ਗੁਰੂ ਅਰਜਨ ਦੇਵ ਜਾ ਦਾ ਵਿਆਹ ਮਾਤਾ ਗੰਗਾ ਨਾਲ ਹੋਇਆ। ਕਾਫੀ ਸਮਾਂ ਉਹਨਾਂ ਦੇ ਘਰ ਕੋਈ ਸੰਤਾਨ ਨਹੀਂ ਸੀ। ਬਾਬਾ ਬੁੱਢਾ ਜੀ ਦੇ ਅਸ਼ੀਰਵਾਦ ਨਾਲ ਉਹਨਾਂ ਦੇ ਘਰ 1595 ਈ. ਵਿੱਚ ਗੁਰੂ ਹਰਗੋਬਿੰਦ ਦਾ ਜਨਮ ਹੋਇਆ। ਜੋ ਬਾਅਦ ਵਿੱਚ ਸਿੱਖਾਂ ਦੇ ਛੇਵੇਂ ਗੁਰੂ ਬਣੇ।

ਗੁਰੂ ਅਰਜਨ ਜੇਵ ਜੀ ਨੇ ਸਿੱਖ ਧਰਮ ਨੂੰ ਪ੍ਰਫੁਲਿਤ ਕਰਨ ਲਈ ਬਹੁਤ ਯਤਨ ਕੀਤੇ। 1588 ਈ. ਵਿੱਚ ਸੰਤੋਖਸਰ ਸਰੋਵਰ ਦਾ ਕੰਮ ਪੂਰਾ ਹੋ ਗਿਆ। ਇਹ ਗੁਰੂ ਰਾਮਦਾਸ ਦੁਆਰਾ ਅਰੰਭਿਆ ਕਾਰਜ ਸੀ।

ਹੁਣ ਗੁਰੂ ਅਰਜਨ ਦੇਵ ਨੇ ਅਮ੍ਰਿਤਸਰ ਸ਼ਹਿਰ ਦੀਉਸਾਰੀ ਮੁਕੰਮਲ ਕਰਨ

ਲਈ 'ਅੰਮ੍ਰਿਤ ਸਰੋਵਰ' ਦੀ ਰਚਨਾ ਵੱਲ ਧਿਆਨ ਦਿੱਤਾ। ਸਰੋਵਰ ਦੇ ਵਿੱਚਕਾਰ 'ਹਰਿਮੰਦਰ' ਬਣਾਇਆ ਗਿਆ ਜਿਸ ਦੀ ਨੀਂਹ ਮੁਸਲਮਾਨ ਫਕੀਰ ਮੀਆਂਮੀਰ ਤੋਂ ਰਖਵਾਈ ਗਈ। 1589 ਈ. ਵਿੱਚ ਸ਼ੁਰੂ ਕੀਤੇ ਗਏ ਇਸ ਕਾਰਜ ਲਈ ਗੁਰੂ ਅਰਜਨ ਦੇਵ ਜੀ ਨੇ ਖਾਸ ਤਿਆਰੀ ਕੀਤੀ। ਇਸ ਇਮਾਰਤ ਦੇ ਚਾਰ ਦਰਵਾਜ਼ੇ ਰੱਖੇ ਗਏ ਤਾਂ ਜੋਂ ਸਮਾਜ ਦੇ ਸਾਰੇ ਧਰਮਾਂ ਦੇ ਲੋਕ ਬਿਨਾਂ ਕਿਸੇ ਭੇਦ-ਭਾਵ, ਊਚ-ਨੀਚ ਦੇ ਕਿਸੇ ਵੀ ਦਰਵਾਜ਼ੇ ਤੋਂ ਦਾਖਲ ਹੋ ਸਕਣ। ਸਿੱਖ ਧਰਮ ਸਾਰੇ ਵਰਣਾਂ ਲਈ ਖੁੱਲਾ ਹੈ। ਇਹ ਸਥਾਨ ਸਿੱਖਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਅਤੇ ਸਿੱਖ ਗੁਰੂ ਅਰਜਨ ਦੇਵ ਜੀ ਦੇ ਸਿਰਜਣਾਤਮਕ ਕੰਮ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦੇ।

ਉਹਨਾਂ ਨੇ ਰਾਵੀ ਤੇ ਬਿਆਸ ਦਰਿਆਵਾਂ ਦੇ ਵਿਚਕਾਰਲੇ ਖੇਤਰ ਦਾ ਦੌਰਾ ਕੀਤਾ ਤਾਂ ਜੋ ਸਿੱਖਾਂ ਨੂੰ ਸੇਧ ਦੇ ਕੇ ਸਿੱਖ ਧਰਮ ਨਾਲ ਜੋੜਿਆ ਜਾਵੇ। ਜਦ ਉਹ ਤਰਨਤਾਰਨ ਦੇ ਸਥਾਨ 'ਤੇ ਪਹੁੰਚੇ ਤਾਂ ਕੁਦਰਤ ਦੀ ਵਰੋਸਾਈ ਹੋਈ ਇਸ ਥਾਂ ਇੱਕ ਵੱਡੇ ਸਰੋਵਰ ਦੀ ਉਸਾਰੀ ਕੀਤੀ। ਜਲੰਧਰ ਦੇ ਨੇੜੇ ਕਰਤਾਰਪੁਰ ਸ਼ਹਿਰ ਦੀ ਉਸਾਰੀ ਕਰਵਾਈ। ਲਾਹੌਰ ਡੱਬੀ ਬਾਜ਼ਾਰ ਵਿਖੇ ਬਾਉਲੀ ਬਣਵਾਈ। ਸ਼ਾਹਜਹਾਂ ਦੇ ਸਮੇਂ ਇਸ ਬਾਉਲੀ ਨੂੰ ਢਾਹ ਕੇ ਇੱਥੇ ਮਸਜਿਦ ਬਣਾ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਨੇ 1834 ਈ. ਵਿੱਚ ਫਿਰ ਇਸ ਬਾਉਲੀ ਨੂੰ ਬਣਾਇਆ।1947 ਦੇ ਦੰਗਿਆਂ ਵੇਲੇ ਫਿਰ ਇਹ ਬਾਉਲੀ ਖਤਮ ਕਰ ਦਿੱਤੀ ਗਈ।

ਪ੍ਰਿਥੀ ਚੰਦ ਦੀ ਈਰਖਾ ਤੋਂ ਦੁਖੀ ਗੁਰੂ ਅਰਜਨ ਦੇਵ ਅੰਮ੍ਰਿਤਸਰ ਛੱਡ ਕੇ ਵਡਾਲੀ ਪਿੰਡ ਵਿੱਚ ਆਪਣੇ ਪਰਿਵਾਰ ਕੋਲ ਆ ਗਏ। ਇੱਥੇ ਰਹਿੰਦਿਆਂ ਗੁਰੂ ਜੀ ਨੇ ਦੇਖਿਆ ਕਿ ਇਸ ਥਾਂ ਪਾਣੀ ਦੀ ਭਾਰੀ ਕਿਲੱਤ ਹੈ। ਲੋਕਾਂ ਦੀ ਸਹੂਲਤ ਲਈ ਗੁਰੂ ਜੀ ਨੇ ਇੱਥੇ ਇੱਕ ਵੱਡਾ ਖੂਹ ਪਟਵਾਇਆ ਜਿਸ ਦੇ ਪਾਣੀ ਨੂੰ ਕੱਢਣ ਲਈ ਛੇ ਹਲਟ ਲੱਗੇ ਸਨ। ਉਦੋਂ ਤੋਂ ਹੀ ਇਸ ਥਾਂ ਦਾ ਨਾਂ 'ਛੇਹਰਟਾ' ਪੈ ਗਿਆ। ਇਥੇ ਹੀ ਵਡਾਲੀ ਵਿਖੇ ਬਾਲ ਹਰਗੋਬਿੰਦ ਦਾ ਜਨਮ ਹੋਇਆ। ਜਿਵੇਂ ਦੱਸਿਆ ਜਾ ਚੁੱਕਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਦੇ ਜਨਮ ਤੋਂ ਪਹਿਲਾਂ ਮਾਤਾ ਗੰਗਾ ਨੇ ਬਾਬਾ ਬੁੱਢਾ ਜੀ ਦਾ ਅਸ਼ੀਰਵਾਦ ਲਿਆ ਸੀ, ਇਸ ਥਾਂ 'ਤੇ ਅੱਜ ਵੀ ਬਿਨਾਂ ਔਲਾਦ ਜੋੜੇ ਗੁਰਦੁਆਰਾ ਬਾਬਾ ਬੁੱਢਾ ਵਿਖੇ ਮਿੱਸੀਆਂ ਰੋਟੀਆਂ ਦਾ ਪ੍ਰਸ਼ਾਦ ਗ੍ਰਹਿਣ ਕਰਦੇ ਹਨ। ਪ੍ਰਿਥੀ ਚੰਦ ਨੇ ਬਾਲ ਹਰਗੋਬਿੰਦ ਨੂੰ ਵੀ ਨੁਕਸਾਨ ਪਹੁੰਚਾਉਣ ਦੇ ਅਨੇਕਾਂ ਯਤਨ ਕੀਤੇ ਪਰ ਅਸਫਲ ਰਿਹਾ। ਨਿਰਾਸ਼ ਹੋ ਕੇ ਪ੍ਰਿਥੀ ਚੰਦ ਆਪਣੇ ਵੱਲੋਂ ਕੁੱਝ ਸ਼ਬਦ ਰਚ ਕੇ ਸਿੱਖਾਂ ਨੂੰ ਵੰਡਣ ਲੱਗਾ ਅਤੇ ਦੱਸਣ ਲੱਗਾ ਕਿ ਇਹ ਗੁਰੂ ਨਾਨਕ ਅਤੇ ਦੂਸਰੇ ਗੁਰੂਆਂ ਦੀ ਬਾਣੀ ਹੈ। ਗੁਰੂ ਅਰਜਨ ਦੇਵ ਨੇ ਪ੍ਰਿਥੀ ਚੰਦ 'ਤੇ ਉਸਦੇ ਪੁੱਤਰ ਮਿਹਰਬਾਨ ਦੇ ਇਸ ਗਲਤ ਕਦਮ ਨੂੰ ਰੋਕਣ ਦਾ ਫੈਸਲਾ ਕੀਤਾ।

ਗੁਰੂ ਜੀ ਨੇ ਆਪਣੇ ਵਿਸ਼ਵਾਸਯੋਗ ਸਿੱਖਾਂ ਨੂੰ ਸਿੱਖੀ ਦੇ ਕੇਂਦਰ ਰਹਿ ਚੁੱਕੀਆਂ ਥਾਵਾਂ ਗੋਇੰਦਵਾਲ, ਖਡੂਰ, ਕਰਤਾਰਪੁਰ ਆਦਿ ਥਾਵਾਂ 'ਤੇ ਭੇਜਿਆ ਤਾਂ ਕਿ ਆਪਣੇ ਤੋਂ ਪਹਿਲਾਂ ਚਾਰਾਂ ਗੁਰੂਆਂ ਦੀ ਬਾਣੀ ਇਕੱਠੀ ਹੋ ਸਕੇ। ਗੁਰੂ ਜੀ ਆਪ ਚੱਲ ਕੇ ਬਾਬਾ ਮੋਹਨ, ਸ੍ਰੀ ਚੰਦ ਅਤੇ ਦਾਤੂ ਕੋਲ ਗਏ, ਇਹਨਾਂ ਤਿੰਨਾਂ ਨੇ ਗੁਰੂ ਜੀ ਨੂੰ ਪੂਰਾ ਸਹਿਯੋਗ ਦਿੱਤਾ। ਸਿੱਖ ਧਰਮ ਦੀਆਂ ਰਵਾਇਤਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਹੋਰ ਹਿੰਦੂ ਤੇ ਮੁਸਲਿਮ ਸੰਤਾਂ ਦੀਆਂ ਰਚਨਾਵਾਂ ਵੀ ਇਸ ਪਵਿੱਤਰ ਗ੍ਰੰਥ ਵਿੱਚ ਛਾਪਣ ਲਈ ਇਕੱਤਰ ਕੀਤੀਆਂ। ਸਾਰੇ ਸ਼ਬਦਾਂ ਨੂੰ ਰਾਗਾਂ ਵਿੱਚ ਲੈ-ਬੱਧ ਕੀਤਾ ਗਿਆ ਜਿਸ ਤਰਾਂ ਕ੍ਰਮ ਅਨੁਸਾਰ ਗੁਰੂਆਂ ਨੇ ਲਿਖੀਆਂ ਸਨ। ਇਸ ਗੁਰੂਆਂ ਦੀ ਬਾਣੀ ਤੋਂ ਬਾਅਦ ਭਗਤਾਂ ਦੀ ਬਾਣੀ ਦਰਜ ਕੀਤੀ ਗਈ। ਰਾਮਸਰ ਸਰੋਵਰ ਦੇ ਕਿਨਾਰੇ ਤੰਬੂ ਲਾ ਕੇ 'ਆਦਿ ਗ੍ਰੰਥ' ਲਿਖਣ ਦਾ ਕੰਮ ਆਰਿੰਭਿਆ ਗਿਆ। ਭਾਈ ਗੁਰਦਾਸ ਨੇ 'ਆਦਿ ਗ੍ਰੰਥ' ਦੀ ਪਹਿਲੀ ਬੀੜ ਤਿਆਰ ਕੀਤੀ। ਭਾਈ ਗੁਰਦਾਸ ਜੀ ਨੇ ਵੀ 39 ਵਾਰਾਂ ਲਿਖੀਆਂ ਹਨ, ਪਰ ਉਹ ਗੁਰੂ ਗਰੰਥ ਸਾਹਿਬ ਵਿੱਚ ਦਰਜ ਨਹੀਂ ਹਨ। 1604 ਈ. ਵਿੱਚ 'ਆਦਿ ਗ੍ਰੰਥ' ਦੀ ਰਚਨਾ ਮੁਕੰਮਲ ਹੋਈ। ਇਸੇ ਸਾਲ ਇਸ ਗ੍ਰੰਥ ਦਾ ਪ੍ਰਕਾਸ਼ ਹਰਮੰਦਿਰ ਸਾਹਿਬ ਵਿਖੇ ਕਰ ਦਿੱਤਾ ਗਿਆ। ਬਾਬਾ ਬੁੱਢਾ ਜੀ ਨੂੰ ਹਰਮੰਦਿਰ ਸਾਹਿਬ ਵਿਖੇ ਪਹਿਲਾ ਗ੍ਰੰਥੀ ਥਾਪਿਆ ਗਿਆ।

'ਆਦਿ ਗ੍ਰੰਥ' ਵਿੱਚ ਗੁਰੂ ਅਰਜਨ ਦੇਵ ਜੀ ਦੇ 2218 ਸ਼ਬਦ ਸ਼ਾਮਲ ਹਨ। ਜਿਹਨਾਂ ਨੂੰ ਰਾਗਾਂ ਵਿੱਚ ਕਲਮਬੱਧ ਕੀਤਾ ਗਿਆ ਹੈ। ਇਹ ਸ਼ਬਦ ਮਹਾਨ ਕਾਵਿਕ ਸੁੰਦਰਤਾ ਅਤੇ ਅਧਿਆਤਮਕ ਰਚਨਾਵਾਂ ਹਨ। 'ਸੁਖਮਨੀ' ਸ਼ਰਧਾ ਭਾਵਨਾ ਦੀ ਉੱਤਮ ਰਚਨਾ ਹੈ ਅਤੇ ਡੂੰਘਾ ਦਰਸ਼ਨ ਗਿਆਨ ਹੈ। ਇਹ ਰਚਨਾ ਕੁਦਰਤ ਦੇ ਕਾਦਰ ਦੀ ਮਹਿਮਾ ਕਰਦੀ ਹੋਈ ਅੱਗ ਵਾਂਗ ਤਪਦੇ ਹਿਰਦਿਆਂ ਨੂੰ ਸ਼ਾਂਤ ਕਰਦੀ ਹੈ। ਇਸ ਵਿੱਚ ਪ੍ਰਭੂ ਦੇ ਨਾਮ ਦੀ ਮਹਿਮਾ ਗਾਈ ਹੋਈ ਹੈ ਅਤੇ ਇਹ ਪੜਨ ਵਾਲੇ ਨੂੰ ਸੱਚਾਈ ਦੀ ਖੋਜ ਵੱਲ ਲਿਜਾਂਦੀ ਹੈ। ਇਸਨੂੰ ਪੜਕੇ ਮਨ ਇਕਾਗਰ ਹੋ ਜਾਂਦਾ ਹੈ ਅਤੇ ਲੈ-ਬੱਧ ਸ਼ਾਹਕਾਰ ਮਨ ਨੂੰ ਤ੍ਰਿਪਤੀ ਬਖਸ਼ਦਾ ਹੈ। ਇਸ ਵਿੱਚ ਪ੍ਰਭੂ ਨਾਮ ਦੀ ਵਡਿਆਈ ਹੈ, ਗੁਰੂ ਜੀ ਨੇ ਲਿਖਿਆ ਹੈ,

'ਪ੍ਰਭੂ ਕਾ ਸਿਮਰਨ ਸਭਸੇ ਊਚਾ।।'

ਅਤੇ

'ਪ੍ਰਭੂ ਕਾ ਸਿਮਰਨ ਰਿਧਿ ਸਿਧਿ ਨੌ ਨਿਧ।।'

ਹੁਣ ਸਿੱਖਾਂ ਨੂੰ ਆਪਣਾ ਪਵਿੱਤਰ ਗ੍ਰੰਥ, ਪਵਿੱਤਰ ਸਰੋਵਰ ਤੇ ਗੁਰੂ ਮਿਲ ਚੁੱਕੇ ਸਨ। ਦੇਸ਼-ਵਿਦੇਸ਼ ਤੋਂ ਸੰਗਤਾਂ ਅੰਮ੍ਰਿਤਸਰ ਕੇ ਆਪਦਾ ਮਨ ਤ੍ਰਿਪਤ ਕਰ

ਰਹੀਆਂ ਸਨ। ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ ਸਿਖਰ 'ਤੇ ਸੀ। ਮੁਗਲ ਬਾਦਸ਼ਾਹ ਅਕਬਰ ਨਾਲ ਵੀ ਗੁਰੂ ਜੀ ਦੇ ਸਬੰਧ ਸੁਖਾਵੇਂ ਸਨ। ਸਿੱਖੀ ਦਾ ਬੂਟਾ ਦਿਨੋ ਦਿਨ ਪਲਰਦਾ ਜਾ ਰਿਹਾ ਸੀ। ਗੁਰੂ ਦੇ ਸਿੱਖ ਗੁਰੂ ਵਾਂਗ ਹੀ ਨਾਮ ਵੀ ਜਪਦੇ ਸਨ, ਸੇਵਾ ਵੀ ਕਰਦੇ ਸਨ, ਆਪਣੇ ਘਰ ਗ੍ਰਹਿਸਥ ਦੀ ਗੱਡੀ ਰੇੜ੍ਹਦਿਆਂ, ਆਪਣੇ ਸੱਚੇ ਗੁਰੂ ਦੇ ਲੜ ਲੱਗ ਕੇ ਸੁਖੀ ਜੀਵਨ ਵੀ ਬਤੀਤ ਕਰ ਰਹੇ ਸਨ।

1605 ਈ. ਵਿੱਚ ਬਾਦਸ਼ਾਹ ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ ਬਾਦਸ਼ਾਹ ਬਣਿਆ। ਉਹ ਕੱਟੜ ਸ਼ਾਸ਼ਕ ਸੀ। ਉਪਰੰਤ ਚੰਦੂ ਸ਼ਾਹ ਦਾ ਮਸਲਾ ਖੜਾ ਹੋ ਗਿਆ। ਚੰਦੂ ਸ਼ਾਹ ਲਾਹੌਰ ਦਾ ਦਰਬਾਰੀ ਸੀ ਅਤੇ ਆਪਣੀ ਬੇਟੀ ਦੀ ਸ਼ਾਦੀ ਗੁਰੂ ਅਰਜਨ ਦੇਵ ਦੇ ਸਪੁੱਤਰ ਹਰਗੋਬਿੰਦ ਸਾਹਿਬ ਨਾਲ ਕਰਨਾ ਚਾਹੁੰਦਾ ਸੀ। ਚੰਦੂ ਸ਼ਾਹ ਬੇਈਮਾਨ ਕਿਸਮ ਦਾ ਇਨਸਾਨ ਸੀ ਸੋ ਗੁਰੂ ਜੀ ਨੇ ਰਿਸ਼ਤਾ ਗੰਢਣ ਤੋਂ ਇਨਕਾਰ ਕਰ ਦਿੱਤਾ। ਉਹ ਗੁਰੂ ਜੀ ਦਾ ਵੈਰੀ ਬਣ ਗਿਆ। ਦੂਜੇ ਪਾਸੇ ਪ੍ਰਿਥੀ ਚੰਦ ਨੇ ਵੀ ਨਵੇਂ ਬਾਦਸ਼ਾਹ ਨੂੰ ਗੁਰੂ ਅਰਜਨ ਦੇਵ ਖਿਲਾਫ ਭੜਕਾ ਦਿੱਤਾ। ਉਸਨੇ ਦੋਸ਼ ਲਾਇਆ ਕਿ ਪਵਿੱਤਰ ਗ੍ਰੰਥ ਵਿੱਚ ਮੁਸਲਮਾਨਾਂ ਦੀ ਨਿੰਦਿਆ ਕੀਤੀ ਗਈ ਹੈ। ਬਾਗੀ ਸਹਿਜ਼ਾਦੇ ਖੁਸਰੋ ਦੇ ਮਸਲੇ ਨੇ ਬਾਦਸ਼ਾਹ ਨੂੰ ਹੋਰ ਵੀ ਚੁਆਤੀ ਲਾ ਦਿੱਤੀ। ਖੁਸਰੋ ਗੁਰੂ ਜੀ ਕੋਲ ਆਇਆ ਸੀ ਅਤੇ ਗੁਰੂ ਜੀ ਨੇ ਉਸ ਨਾਲ ਆਮ ਪ੍ਰਾਹੁਣਚਾਰੀ ਵਾਲਾ ਵਿਹਾਰ ਕੀਤਾ ਸੀ। ਬਾਦਸ਼ਾਹ ਇਸਤੇ ਅੱਗ ਬਬੂਲਾ ਹੋ ਗਿਆ ਤੇ ਉਸਨੇ ਗੁਰੂ ਜੀ 'ਤੇ ਇਲਜ਼ਾਮ ਲਾਇਆ ਕਿ ਗੁਰੂ ਜੀਨੇ ਉਸਦੀ ਮਦਦ ਕੀਤੀ ਹੈ। ਇਸਨੂੰ ਮੁਗਲ ਦਰਬਾਰ ਦੇ ਖਿਲਾਫ ਸਾਜਿਸ਼ ਸਮਝ ਕੇ ਬਾਦਸ਼ਾਹ ਨੇ ਗੁਰੂ ਜੀ ਨੂੰ ਦੋ ਲੱਖ ਰੁਪਏ ਜੁਰਮਾਨਾ ਭਰਨ ਲਈ ਕਿਹਾ ਅਤੇ ਗੁਰੂ ਗਰੰਥ ਸਾਹਿਬ ਨੂੰ ਬਦਲਾਅ ਕਰਕੇ ਦੁਬਾਰਾ ਲਿਖਣ ਲਈ ਕਿਹਾ। ਗੁਰੂ ਅਰਜਨ ਦੇਵ ਨੇ ਸਿੱਖਾਂ ਦੀ ਕਮਾਈ ਵਿੱਚੋਂ ਜੁਰਮਾਨਾ ਭਰਨ ਤੋਂ ਬਿਲਕੁਲ ਨਾਂਹ ਕਰ ਦਿੱਤੀ ਅਤੇ ਗੁਰੂ ਗਰੰਥ ਸਾਹਿਬ ਦਾ ਕੋਈ ਵੀ ਸ਼ਬਦ ਬਦਲਣ ਤੋਂ ਇਨਕਾਰ ਕਰ ਦਿੱਤਾ।

ਇਹਨਾਂ ਘਟਨਾਵਾਂ ਕਾਰਨ ਗੁਰੂ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਵੱਖ-ਵੱਖ ਕਿਸਮ ਦੇ ਤਸੀਹੇ ਦਿੱਤੇ ਗਏ। ਤੱਤੀ ਤਵੀ 'ਤੇ ਬਿਠਾ ਕੇ ਤੱਤਾ ਰੇਤ ਸਿਰ ਵਿੱਚ ਪਾਇਆ ਗਿਆ। ਭਿਆਨਕ ਮੰਜਰ ਕਾਇਮ ਕੀਤਾ ਗਿਆ। ਪਰ ਗੁਰੂ ਜੀ ਅਡੋਲ ਤੇ ਸ਼ਾਂਤ ਰਹੇ। ਗੁਰਬਾਣੀ ਦਾ ਜਾਪ ਕਰਦੇ ਰਹੇ ਪਰ ਸੀ ਤੱਕ ਨਹੀਂ ਉਚਰੀ। ਫਿਰ ਉਹਨਾਂ ਨੂੰ ਰਾਵੀ ਦਰਿਆ ਦੇ ਠੰਡੇ ਪਾਣੀ ਵਿੱਚ ਬਿਠਾਇਆ ਗਿਆ। ਸਰੀਰ ਕਿੰਨਾ ਕੁ ਕਸ਼ਟ ਸਹਾਰ ਸਕਦਾ ਸੀ।ਗੁਰੂ ਜੀ ਸਮਾਧੀ ਵਿੱਚ ਲੀਨ ਹੋ ਗਏ ਅਤੇ ਇਸ ਤਰਾਂ 30 ਮਈ, 1606 ਈ. ਵਿੱਚ ਰਾਵੀ ਦਰਿਆ ਦੇ ਕੰਢੇ ਜੋਤੀ ਜੋਤ ਸਮਾ ਗਏ। ਗੁਰੂ ਜੀ ਦੀ ਯਾਦ ਵਿੱਚ ਇਸ ਥਾਂ 'ਤੇ ਗੁਰੂਦੁਆਰਾ 'ਡੇਰਾ ਸਾਹਿਬ' ਸੁਸ਼ੋਭਿਤ ਹੈ।

ਗੁਰੂ ਅਰਜਨ ਦੇਵ ਜੀ ਮੁਗਲ ਬਾਦਸ਼ਾਹ ਜਹਾਂਗੀਰ, ਚੰਦੂ ਸ਼ਾਹ ਤੇ ਪ੍ਰਿਥੀ ਚੰਦ ਦੀ ਦੁਸ਼ਮਣੀ, ਅਣਮਨੁੱਖੀ ਵਿਹਾਰ ਤੇ ਕੱਟੜਤਾ ਦਾ ਸ਼ਿਕਾਰ ਹੋ ਗਏ ਪਰ ਕਦੇ ਵੀ ਉਹਨਾਂ ਨੇ ਆਪਣੇ ਉੱਤੇ ਹੋਏ ਤਸ਼ੱਦਦ ਲਈ ਕੋਈ ਗੁਹਾਰ ਨਹੀਂ ਲਾਈ। ਉਹ ਸ਼ਾਂਤ ਅਡੋਲ ਤੇ ਆਪਣੇ ਪ੍ਰਭੂ ਨਾਲ ਇਕਮਿਕ ਹੋ ਗਏ। ਉਹਨਾਂ ਦੀ ਸ਼ਹੀਦੀ ਨੇ ਸਿੱਖਾਂ ਦੇ ਮਨ ਵਿੱਚ ਰੋਸ ਭਰ ਦਿੱਤਾ ਅਤੇ ਸਿੱਖ ਲਹਿਰ ਧਾਰਮਿਕ ਖੇਤਰ ਦੇ ਨਾਲ-ਨਾਲ ਆਪਣੇ ਧਰਮ ਦੀ ਰੱਖਿਆ ਲਈ ਵੀ ਤਿਆਰੀ ਕਰਨ ਲੱਗੀ। ਸਿੱਖ ਧਰਮ ਵਿੱਚ ਬੇਇਨਸਾਫੀ ਕਰਨ ਦੀ ਮਨਾਹੀ ਹੈ ਅਤੇ ਬੇਇਨਸਾਫ਼ੀ ਸਹਿਣਾ ਵੀ ਚੰਗਾ ਨਹੀਂ ਸਮਝਿਆ ਜਾਂਦਾ। ਇਹਨਾਂ ਮੁਗਲ ਹਾਕਮਾਂ ਦੀਆਂ ਆਪਹੁਦਰੀਆਂ ਤੇ ਜ਼ੁਲਮਾਂ ਨੂੰ ਰੋਕਣ ਲਈ ਅਤੇ ਆਪਣੀ ਸਵੈ-ਰੱਖਿਆ ਲਈ ਸਿੱਖਾਂ ਨੂੰ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਵਿੱਚ ਹਥਿਆਰ ਉਠਾਉਣੇ ਪਏ। ਗੁਰੂ ਹਰਗੋਬਿੰਦ ਸਾਹਿਬ ਨੂੰ ਗੁਰੂ ਅਰਜਨ ਦੇਵ ਜੀ ਨੇ ਬਾਦਸ਼ਾਹ ਜਹਾਂਗੀਰ ਦੇ ਬੁਲਾਵੇ ਤੇ ਲਾਹੌਰ ਜਾਣ ਤੋਂ ਪਹਿਲਾਂ ਹੀ ਗੁਰਗੱਦੀ ਸੌਂਪ ਦਿੱਤੀ ਸੀ।

ਸੋਲ੍ਹਵੀਂ ਸਦੀ ਵਿੱਚ ਵਿਚਰਦਿਆਂ ਗੁਰੂ ਅਰਜਨ ਦੇਵ ਜੀ ਨੇ ਹਿੰਦੂ ਭਗਤੀ ਤੇ ਮੁਸਲਿਮ ਰਹੱਸਵਾਦ ਨੂੰ ਨੇੜਿਉਂ ਦੇਖਿਆ। ਉਹਨਾਂ ਨੇ ਆਪਣਾ ਸੁਨੇਹਾ ਪ੍ਰਭੂ ਨੂੰ ਸਭ ਤੋਂ ਉੱਤਮ ਕਹਿ ਕੇ ਸਿੱਖਾਂ ਨੂੰ ਉਸ ਦੀ ਭਗਤੀ ਕਰਨ ਲਈ ਪ੍ਰੇਰਿਤ ਕੀਤਾ। ਵਿਦਵਾਨ ਤੇ ਮਹਾਨ ਕਵੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੀ ਲਹਿਰ ਨੂੰ ਵਧੀਆ ਸੰਗਠਨ ਤੇ ਤਜਰਬੇਕਾਰ ਗੁਣਾਂ ਰਾਹੀਂ ਅੱਗੇ ਤੋਰਿਆ। ਉਹਨਾਂ ਨੇ ਅਮ੍ਰਿਤਸਰ ਸ਼ਹਿਰ ਵਸਾਉਣ ਲਈ ਨਿਪੁੰਨ ਕਾਰੀਗਰ ਬੁਲਾਏ। ਉਸਾਰੀ ਲਈ ਇੱਟਾਂ ਦੇ ਭੱਠੇ ਲਗਵਾਏ। ਕਾਬੁਲ ਅਤੇ ਕਸ਼ਮੀਰ ਤੋਂ ਵਪਾਰੀਆਂ ਨੂੰ ਬੁਲਾ ਕੇ ਅਮ੍ਰਿਤਸਰ ਵਸਾਇਆ। ਜਲਦੀ ਹੀ ਅੰਮ੍ਰਿਤਸਰ ਸ਼ਹਿਰ ਪ੍ਰਸਿੱਧ ਵਪਾਰਕ ਕੇਂਦਰ ਬਣ ਗਿਆ। ਆਪਣੀ ਬਾਣੀ ਵਿੱਚ ਵੀ ਉਹਨਾਂ ਨੇ ਇਸ ਸ਼ਹਿਰ ਦੀ ਵਡਿਆਈ ਕੀਤੀ ਹੈ ਤੇ ਕਿਹਾ ਹੈ-

'ਅੰਮ੍ਰਿਤਸਰ ਸਿਫਤੀ ਦਾ ਘਰ॥'

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਪ੍ਰਮਾਤਮਾ ਦੀ ਰਜ਼ਾ ਅਨੁਸਾਰ ਆਪਣੇ ਸਰੀਰ ਤੇ ਅਨੇਕ ਦੁੱਖਾਂ ਨੂੰ ਝੱਲਿਆ ਤੇ ਸ਼ਹੀਦੀ ਦਿੱਤੀ। ਉਹਨਾਂ ਨੇ ਆਪਣੇ ਸਪੁੱਤਰ ਤੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੂੰ ਸੰਦੇਸ਼ ਦਿੱਤਾ ਕਿ ਹੁਣ ਹਥਿਆਰਬੰਦ ਹੋਣ ਦੀ ਲੋੜ ਹੈ ਅਤੇ ਸੰਘਰਸ਼ ਦੇ ਰਾਹ 'ਤੇ ਚੱਲਣਾ ਪਵੇਗਾ ਤਾਂ ਕਿ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ।

'ਸ਼ਹੀਦਾਂ ਦੇ ਸਿਰਤਾਜ' ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਬਲੀਦਾਨ ਨੇ ਸਿੱਖਾਂ ਵਿੱਚ ਸਵੈਮਾਨ ਦੀ ਭਾਵਨਾ ਭਰ ਦਿੱਤੀ। ਸ਼ਹਾਦਤ ਸਮੇਂ ਗੁਰੂ ਜੀ ਵੱਲੋਂ ਦਿਖਾਈ ਗਈ ਸ਼ਹਿਨਸ਼ੀਲਤਾ ਨੇ ਲੋਕਾਂ ਸਾਹਮਣੇ ਗੁਰੂ ਜੀ ਦੀ ਲੋਕ-ਨਾਇਕ

ਵਾਲੀ ਦਿੱਖ ਅੱਗੇ ਲਿਆਂਦੀ। ਖਿੜੇ ਮੱਥੇ ਜ਼ੁਲਮ ਦਾ ਸਾਹਮਣਾ ਕਰਨਾ ਅਤੇ ਪਰਉਪਕਾਰ ਕਰਦੇ ਹੋਏ ਬਲੀਦਾਨ ਦੇਣਾ ਗੁਰੂਜੀ ਦੀ ਵਡੱਪਣ ਦੀਆਂ ਨਿਸ਼ਾਨੀਆਂ ਸਨ। ਬੇਸ਼ੱਕ ਅਸਲੀ ਤੌਰ 'ਤੇ ਚੰਦੂ ਸ਼ਾਹ ਦੀ ਨਫਰਤ ਨੂੰ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਮੰਨਿਆ ਜਾਂਦਾ ਹੈ ਪਰ ਬਾਦਸ਼ਾਹ ਜਹਾਂਗੀਰ ਵੀ ਗੁਰੂ ਜੀ ਦੇ ਵਧਦੇ ਪ੍ਰਭਾਵ ਤੋਂ ਔਖਾ ਸੀ। ਆਪਣੀ ਕਿਤਾਬ 'ਤੁਜ਼ਕ-ਏ-ਜਹਾਂਗੀਰੀ' ਵਿੱਚ ਉਸਨੇ ਗੁਰੂ ਜੀ ਪ੍ਰਤੀ ਆਪਣੀ ਸੋਚ ਪ੍ਰਗਟ ਕੀਤੀ ਹੈ। ਉਸਨੇ ਲਿਖਿਆ ਹੈ ਕਿ 'ਰਾਵੀ ਦਰਿਆ ਕੰਢੇ 'ਤੇ ਬੈਠੇ ਇਕੱ ਹਿੰਦੂ ਫਕੀਰ ਦੀ ਵਧਦੀ ਹੋਈ ਲੋਕਪ੍ਰਿਯਤਾ ਨੂੰ ਉਹ ਪਸੰਦ ਨਹੀਂ ਕਰਦਾ ਤੇ ਇਸ ਦੁਕਾਨ ਨੂੰ ਉਹ ਬੰਦ ਕਰਨਾ ਚਾਹੁੰਦਾ ਸੀ'। ਚੰਦੂ ਸ਼ਾਹ ਨੇ ਤਾਂ ਬਲਦੀ 'ਤੇ ਤੇਲ ਪਾਇਆ ਅਤੇ ਸ਼ਾਂਤ ਸੁਭਾਅ ਦੇ ਮਾਲਕ ਅਤੇ ਗੰਭੀਰ ਵਿਦਵਾਨ ਮਹਾਂਪੁਰਸ਼ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਸਿੱਖ ਧਰਮ ਵਿੱਚ ਇਹ ਪਹਿਲੀ ਕੁਰਬਾਨੀ ਸੀ। ਇਸ ਤੋਂ ਅੱਗੇ ਦਾ ਸਾਰਾ ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ, ਜੋ ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਲਾਂ ਦੇ ਮੱਦੇਨਜ਼ਰ ਦੇਣੀਆਂ ਪਈਆਂ।

ਗੁਰੂ ਅਰਜਨ ਦੇਵ ਜੀ ਨੇ ਜਿਵੇਂ ਬਾਣੀ ਨੂੰ ਇਕੱਠਾ ਕਰਨ ਦਾ ਬੀੜਾ ਚੁੱਕਿਆ ਉਵੇਂ ਹੀ ਇਹ ਕਾਰਜ ਪੂਰਾ ਕੀਤਾ। ਇਹਨਾਂ ਨੇ ਭਾਰਤੀ ਭਾਵਾਤਮਕ ਏਕਤਾਨੂੰ ਕਾਇਮ ਰੱਖਿਆ। ਉਹ ਮਹਾਨ ਵਿਦਵਾਨ ਸਨ ਅਤੇ ਗੰਭੀਰ ਰਹੱਸਵਾਦੀ ਸਾਧਕ ਵੀ ਸਨ। ਉਹਨਾਂ ਦੀ ਰਚੀ ਹੋਈ ਬਾਣੀ ਦਾ ਵਿਸ਼ਾ-ਖੇਤਰ ਬਹੁਤ ਹੀ ਵਿਸ਼ਾਲ ਸੀ। ਉਹਨਾਂ ਦੀ ਬਾਣੀ ਵਿੱਚ ਪ੍ਰਮਾਤਮਾ, ਜੀਵ-ਆਤਮਾ, ਸ੍ਰਿਸ਼ਟੀ, ਮੁਕਤੀ ਮਾਰਗ, ਸਮੇਂ ਦੇ ਹਾਲਾਤ ਅਤੇ ਧਾਰਮਿਕਤਾ ਦਾ ਗੰਭੀਰ ਤੇ ਵਿਸ਼ਾਲ ਚਿਤਰਣ ਕੀਤਾ ਗਿਆ ਹੈ। ਜੋ ਸ਼ਹਿਰਾਂ ਦਾ ਉਹਨਾਂ ਨੇ ਨਿਰਮਾਣ ਕੀਤਾ ਉਹ ਲੋਕਾਂ ਨੂੰ ਗੁਰੂ ਘਰ ਨਾਲ ਜੋੜਨ ਦਾ ਜ਼ਰੀਆ ਬਣੇ ਹਨ। ਅੱਜ ਵੀ ਇਹ ਸ਼ਹਿਰ ਅੰਮ੍ਰਿਤਸਰ, ਤਰਨਤਾਰਨ, ਛੇਹਰਟਾ ਸਿੱਖ ਧਰਮ ਦਾ ਮਹਾਨ ਕੇਂਦਰ ਹਨ। ਅਮ੍ਰਿਤਸਰ ਵਿੱਚ ਦਰਬਾਰ ਸਾਹਿਬ ਹੋਣ ਕਰਕੇ ਹੀ ਇਹ ਸ਼ਹਿਰ ਦੁਨੀਆਂ ਦੇ ਨਕਸ਼ੇ 'ਤੇ ਉਭਰਿਆ ਹੈ। ਇਹ ਸ਼ਹਿਰ ਸਿੱਖੀ ਦੇ ਪ੍ਰਚਾਰ ਤੇ ਪਾਸਾਰ ਦਾ ਮਹਾਨ ਕੇਂਦਰ ਹੈ। ਦੇਸ-ਵਿਦੇਸ਼ ਤੋਂ ਸੰਗਤ ਇੱਥੇ ਆ ਕੇ ਹਰਿਮੰਦਰ ਸਾਹਿਬ ਨਤਮਸਤਕ ਹੁੰਦੀ ਹੈ ਅਤੇ ਰੂਹਾਨੀ ਕੀਰਤਨ ਸੁਣ ਕੇ ਅਤੇ ਗੁਰੂ ਦਰਸ਼ਨ ਕਰ ਕੇ ਆਪਣੇ ਆਪ ਨੂੰ ਨਿਹਾਲ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦਾ ਵਰੋਸਾਇਆ ਇਹ ਸ਼ਹਿਰ ਸਿੱਖ ਇਤਿਹਾਸ ਨੂੰ ਆਪਣੇ ਹਿਰਦੇ ਵਿੱਚ ਸਮੋਈ ਬੈਠਾ ਹੈ। ਹਰਿਮੰਦਰ ਸਾਹਿਬ ਦੇ ਨੇੜੇ ਹੀ ਸਿੱਖ ਅਜਾਇਬ ਘਰ ਹੈ ਜਿਸ ਵਿੱਚ ਸਿੱਖ ਇਤਿਹਾਸ ਬਾਰੇ ਮਹੱਤਵਪੂਰਣ ਜਾਣਕਾਰੀ ਮਿਲਦੀ ਹੈ।

## ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਕੁੱਝ ਸ਼ਬਦ ਗੁਰੂ ਗਰੰਥ ਸਾਹਿਬ ਵਿੱਚੋਂ

1. ਹਰ ਜੀਓ ਨਿਮਾਣਿਆਂ ਤੂੰ ਮਾਣ।।
ਨਿਚੀਜਿਆ, ਚੀਜ਼ ਕਰੇ ਮੇਰਾ ਗੋਬਿੰਦ ਤੇਰੀ ਕੁਦਰਤ ਕਉ ਕੁਰਬਾਣੁ।।

('ਸੋਰਠ ਮਹੱਲਾ 5 ਪੰਨਾ 624-25)

2. ਦੁਖ ਭੰਜਨ ਤੇਰਾ ਨਾਮੁ ਜੀ ਦੁਖ ਭੰਜਨ ਤੇਰਾ ਨਾਮ।।
ਆਠ ਪਹਰ ਅਰਾਧੀਐ ਪੂਰਨ ਸਤਿਗੁਰ ਗਿਆਨ।।

(ਪੰਨਾ 218)

3. ਕਰਣ ਕਾਰਣ ਪ੍ਰਭ ਏਕ ਹੈ ਦੂਸਰ ਨਾਹਿ ਕੋਇ।।
ਨਾਨਕ ਤਿਸ ਬਲਿਹਾਰਣੇ ਜਲ ਥਲ ਮਹੀਅਲ ਸੋਇ।।

(ਸ਼ਲੋਕ ਸੁਖਮਣੀ ਸਾਹਿਬ 276)

4. ਮੇਰਾ ਮਨ ਲੋਚੇ ਗੁਰਦਰਸ਼ਨ ਤਾਈ। ਬਿਲਪ ਕਰੇ ਚਾਤ੍ਰਿਕ ਕੀ ਨਿਆਈਂ।
ਤ੍ਰਿਖਾ ਨਾ ਉਤਰੇ ਸਾਂਤਿ ਨਾ ਆਵੈ ਬਿਨ ਦਰਸ਼ਨ ਸੰਤ ਪਿਆਰੇ ਜੀਉ।।
ਹਉ ਘੋਲੀ ਹੋਉ ਘੋਲ ਘੁਮਾਈ ਗੁਰਦਰਸ਼ਨ ਸੰਤ ਪਿਆਰੇ ਜੀਉ।।

(ਮਾਝ ਮਹੱਲਾ 5 ਪੰਨਾ 96-97)

5. ਕੋਈ ਬੋਲੈ ਰਾਮ ਕੋਈ ਖੁਦਾਇ। ਕੋਈ ਸੇਵੈ ਗੁਸਈਆ ਕੋਈ ਅਲਾਹਿ।।
ਕਾਰਣ ਕਰਣ ਕਰੀਮ। ਕ੍ਰਿਪਾ ਧਾਰਿ ਰਹੀਮ।।
ਕੋਈ ਨਾਵੈ ਤੀਰਥ ਕੋਈ ਹਜ ਜਾਇ। ਕੋਈ ਕਰੈ ਪੂਜਾ ਕੋਈ ਸਿਰ ਨਿਵਾਇ।
ਕੋਈ ਪੜੈ ਬੇਦ ਕੋਈ ਕਤੇਬ। ਕੋਈ ਓਢੇ ਨੀਲ ਕੋਈ ਸੁਪੇਦ।।
ਕੋਈ ਕਹੈ ਤੁਰਕ ਕੋਈ ਕਹੈ ਹਿੰਦੂ। ਕੋਈ ਬਾਛੈ ਭਿਸਤ ਕੋਈ ਸੁਰਗਿੰਦੂ।।
ਕਹੁ ਨਾਨਕ ਜਿਨ ਹੁਕਮ ਪਛਾਤਾ। ਪ੍ਰਭੂ ਸਾਹਿਬ ਕਾ ਤਿੰਨ ਭੇਦ ਜਾਤਾ।।

(ਪੰਨਾ 885)

6. ਪ੍ਰਭੂ ਕਾ ਸਿਮਰਨ ਸਭ ਤੇ ਊਚਾ। ਪ੍ਰਭ ਕੈ ਸਿਮਰ ਉਧਰੇ ਮੂਚਾ।।
ਪ੍ਰਭੂ ਕੈ ਸਿਮਰਨ ਕਾਰਜ ਪੂਰੇ। ਪ੍ਰਭੂ ਕੈ ਸਿਮਰਨ ਕਬਹੁ ਨਾ ਝੂਰੇ।।

('ਸੁਖਮਣੀ ਸਾਹਿਬ')

7. ਤੂ ਠਾਕੁਰ ਤੁਮ ਪਹਿ ਅਰਦਾਸ। ਜੀਉ ਪਿੰਡ ਸਭ ਤੇਰੀ ਰਾਸਿ।।
ਤੂੰ ਮਾਤ-ਪਿਤਾ ਹਮ ਬਾਰਿਕ ਤੇਰੇ। ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ।।
ਕੋਈ ਨਾ ਜਾਨੈ ਤੁਮਰਾ ਅੰਤ। ਊਚੇ ਸੇ ਊਚਾ ਭਗਵੰਤ।।
ਸਗਲ ਸਮਗੱਰੀ ਤੁਮਤੇ ਸੂਤਰਧਾਰੀ। ਤੁਮਤੇ ਹੋਇ ਸੁ ਆਗਿਆਕਾਰੀ।।
ਤੁਮਰੀ ਗਤਿ ਮਿਤ ਤੁਮ ਹੀ ਜਾਨੀ। ਨਾਨਕੁ ਦਾਸੁ ਸਦਾ ਕੁਰਬਾਨੀ।।
('ਸੁਖਮਨੀ ਸਾਹਿਬ')

8. ਤੂੰ ਮੇਰਾ ਪਿਤਾ ਤੂੰ ਹੈ ਮੇਰੀ ਮਾਤਾ ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ।।
ਤੂੰ ਮੇਰਾ ਰਾਖਾ ਸਭਨੀ ਥਾਈ ਤਾਂ ਭਉ ਕੇਹਾ ਕਾੜਾ ਜੀਉ।।
(ਮਾਝ ਕੀ ਵਰ ਪੰਨਾ 103)

9. ਥਿਰ ਘਰ ਬੈਸਹੁ ਹਰਿ ਜਨ ਪਿਆਰੇ। ਸਤਗੁਰੂ ਤੁਮਰੇ ਕਾਜ ਸਵਾਰੇ।।
ਦੁਸ਼ਟ ਦੂਤ ਪ੍ਰਮੇਸਰ ਮਾਰੇ। ਜਨਕੀ ਪੈਜ ਰਖੀ ਕਰਤਾਰੇ।।
ਬਾਦਸ਼ਾਹ ਸ਼ਾਹ ਸਭ ਬਸ ਕਰ ਲੀਨੇ। ਅੰਮ੍ਰਿਤ ਨਾਮ ਮਹਾ ਰਸ ਪੀਨੇ।।
ਨਿਰਭਉ ਹੋਇ ਭਜਉ ਭਗਵਾਨੁ। ਸਾਧਿ ਸੰਗਤਿ ਮਿਲਿ ਕੀਨੋ ਦਾਨ।।
ਸ਼ਰਨ ਪੜੇ ਪ੍ਰਭ ਅੰਤਰਜਾਮੀ। ਨਾਨਕ ਓਟ ਪਕਰੀ ਪ੍ਰਭ ਸੁਆਮੀ।।
(ਗਉੜੀ ਮਹੱਲਾ 5 ਪੰਨਾ 201)

10. ਹਉਮੇ ਰੋਗ ਮਾਨੁਖ ਕਉ ਦੀਨਾ। ਕਾਮਿ ਰੋਗ ਮੈਗਲ ਬਾਸਿ ਲੀਨਾ।।
ਦ੍ਰਿਸ਼ਟਿ ਰੋਗ ਪਚਿ ਮੁਏ ਪਤੰਗਾ। ਨਾਦਿ ਰੋਗ ਖਪਿ ਗਏ ਕੁਰੰਗਾ।।
ਜੋ ਜੋ ਦੀਸੈ ਸੋ ਸੋ ਰੋਗੀ। ਰੋਗ ਰਹਿਤ ਮੇਰਾ ਸਤਿਗੁਰ ਜੋਗੀ।
(ਪੰਨਾ 1299)

11. ਬਿਸਰ ਗਈ ਸਭ ਤਾਤ ਪਰਾਈ। ਜਬ ਤੇ ਸਾਧ ਸੰਗਤਿ ਮੋਹ ਪਾਈ।।
( ਪੰਨਾ 1299)

12. ਨਾਨਕ ਸਤਿਗੁਰ ਭੇਟਿਆ ਪੂਰੀ ਹੋਵੇ ਜੁਗਤਿ।।
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੈ ਹੋਵੈ ਮੁਕਤਿ।।
( ਪੰਨਾ 522)

13. ਅੰਤਰਿ ਗੁਰੂ ਅਰਾਧਣਾ ਜਿਹਵਾ ਜਪਿ ਗੁਰ ਨਾਉ
ਨੇਤ੍ਰੀ ਸਤਿਗੁਰ ਪੇਖਣਾ ਸ੍ਵਣੀ ਸੁਣਨਾ ਗੁਰ ਨਾਉ।।

ਸਤਿਗੁਰ ਸੇਤੀ ਰਤਿਆ ਦਰਗਾਹ ਪਾਈਐ ਠਾਉ॥
ਕਹੁ ਨਾਨਕ ਕਿਰਪਾ ਕਰੈ ਜਿਸਨੋ ਇਹ ਵਥੁ ਦੇਇ॥
ਜਗ ਮਹਿ ਉਤਮ ਕਾਢੀਅਹੁ ਵਿਰਲੇ ਕੋਇ ਕੇਇ॥

( ਪੰਨਾ 517)

14. ਡੰਡਉਤਿ ਬੰਦਨਾ ਅਨਿਕ ਬਾਰ ਸਰਬ ਕਲਾ ਸਮਰੱਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰ ਹਥ॥

(ਸ਼ਲੋਕ ਪੰਨਾ 256 )

15. ਖੁਦੀ ਮਿਟੀ ਤਬ ਸੁਖ ਭਏ ਤਨ ਮਨ ਭਏ ਅਰੋਗ॥
ਨਾਨਕ ਦ੍ਰਿਸ਼ਟੀ ਆਇਆ ਉਸਤਤਿ ਕਰਨੈ ਜੋਗੁ॥

(ਪੰਨਾ 260)

16. ਅੰਮ੍ਰਿਤ ਨਾਮ ਨਿਧਾਨੁ ਹੈ ਮਿਲੀ ਪੀਵਹੁ ਭਾਈ॥
ਜਿਸ ਸਿਮਰਤ ਸੁਖ ਪਾਈਐ ਸਭ ਤਿਖਾ ਬੁਝਾਈ॥
ਕਰ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨਾ ਕਾਈ॥
ਸਗਲ ਮਨੋਰਥ ਪੁੰਨਿਆ ਅਮਰਾ ਪਦ ਪਾਈ॥
ਤੁਧ ਜੇਵਡੁ ਤੈਹੇ ਪਾਰਬ੍ਰਹਮ ਨਾਨਕ ਸਰਣਾਈ॥

(ਪਉੜੀ 3)

17. ਸਭੈ ਵਸਤ ਕਉੜੀਆ ਸਚੇ ਨਾਉ ਮਿਠਾ॥
ਸਾਦੁ ਆਇਆ ਤਿਨ ਹਰਿ ਜਨਾ ਚਖਿ ਸਾਧੀ ਡਿਠਾ॥
ਪਾਰਬ੍ਰਹਮਿ ਜਿਸ ਲਿਖਿਆ ਮਨਿ ਤਿਸੈ ਵੁਡਾ॥
ਇਕ ਨਿਰੰਜਣ ਰਵਿ ਰਹਿਆ ਭਾਉ ਦੁਯਾ ਕੁਠਾ॥
ਹਰਿ ਨਾਨਕ ਮੰਗੈ ਜੋੜਿ ਕਰ ਪ੍ਰਭੁ ਦੇਵੈ ਤੁਠਾ॥

(ਪਉੜੀ 13)

18. ਭਿੰਨੀ ਰੈਨੜੀਐ ਚਮਕਨਿ ਤਾਰੇ। ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ।
ਰਾਮ ਪਿਆਰੇ ਸਦਾ ਜਾਗਹਿ ਨਾਮ ਸਿਮਰਹਿ ਅਨਦਿਨੋ॥
ਚਰਣੁ ਕਮਲ ਧਿਆਨ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ॥
ਤਜਿ ਮਨ ਮੋਹ ਵਿਕਾਰ ਮਨ ਕਾ ਕਲਮਲਾ ਦੁਖ ਜਾਰੇ॥

ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ।।

(ਪੰਨਾ 459)

19.ਤੂੰ ਸਮਰਥ ਵਡਾ ਮੇਰੀ ਮਤ ਥੋਰੀ ਰਾਮ।।

ਪਾਲਹਿ ਅਕਿਰਤਘਨਾ ਪੂਰਨ ਦ੍ਰਿਸ਼ਟਿ ਤੇਰੀ ਰਾਮ।।

ਅਗਾਧ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨਾ ਜਾਨਾ।।

ਰਤਨ ਤਿਆਗ ਸੰਗ੍ਰਹਨ ਕਉਡੀ ਪਸ਼ੂ ਨੀਕ ਇਆਨਾ।।

ਤਿਆਗਿ ਚਲਤੀ ਮਹਾ ਚੰਚਲ ਦੋਖ ਕਰਿ ਕਰਿ ਜੋਰੀ।।

ਨਾਨਕ ਸਰਨਿ ਸਮਰੱਥ ਸੁਆਮੀ ਪੈਜ ਰਾਖਤ ਮੋਰੀ।।

('ਬਿਹਾਗੜਾ ਮਹੱਲਾ 5 ਛੰਤ' ਪੰਨਾ 547)

20. ਮਨ ਸਾਚਾ ਮੁਖਿ ਸਾਚਾ ਸੋਇ। ਅਵਰੁ ਨਾ ਪੇਖੈ ਏਕਸੁ ਬਿਨ ਕੋਇ।।

ਨਾਨਕ ਇਹ ਲੱਛਣ ਬ੍ਰਹਮ ਗਿਆਨੀ ਹੋਇ।।

('ਸੁਖਮਨੀ ਸਾਹਿਬ' 272)

21. ਬ੍ਰਹਮ ਗਿਆਨੀ ਕੇ ਏਕੈ ਰੰਗ। ਬ੍ਰਹਮ ਗਿਆਨੀ ਕੈ ਬਸੈ ਪ੍ਰਭ ਸੰਗ।।

22. ਜਿਸ ਸਿਮਰਤ ਦੁਖ ਜਾਇ ਸਹਜ ਸੁਖ ਪਾਈਐ।।

ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ।।

ਨਾਨਕ ਕਾ ਪ੍ਰਭ ਸੋਇ ਜਿਸ ਕਾ ਸਭ ਕੋਇ।।

ਸਰਬ ਰਹਿਆ ਭਰਪੂਰਿ ਸਚਾ ਸਚ ਸੋਇ।।

(ਪੰਨਾ 398)

23. ਸਤਿਗੁਰ ਪੂਰੇ ਸੇਵਿਆ ਦੂਖਾ ਕਾ ਹੋਇ ਨਾਸੁ।।

ਨਾਨਕ ਨਾਮ ਅਰਾਧਿਐ ਕਾਰਜ ਆਵੈ ਰਾਸੁ।।

(ਸੋਰਿਠ ਮਹੱਲਾ 320)

24. ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸ਼।।

ਹਰ ਕ੍ਰਿਪਾ ਤੇ ਸੰਤ ਭੇਟਿਆ ਨਾਨਕ ਮਨ ਪ੍ਰਗਾਸ।।

(ਪੰਨਾ 293)

25. ਸੰਤਾ ਕੇ ਕਾਰਜ ਆਪ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ।।

ਧਰਿਤਿ ਸੁਹਾਵੀ ਤਾਲੁ ਸੁਹਾਵਾ ਵਿਚ ਅੰਮ੍ਰਿਤ ਜਲ ਛਾਇਆ ਰਾਮ।।

26. ਮਿਠ ਬੋਲੜਾ ਜੀ ਹਰਿ ਸਜਣ ਸੁਆਮੀ ਮੋਰਾ।।

ਹਉ ਸੰਮਲਿ ਥਕੀ ਜੀ ਉਹ ਕਦੇ ਨਾ ਬੋਲੈ ਕਉਰਾ।।

(ਪੰਨਾ 784)

27. ਡਿਠੇ ਸਭੇ ਥਾਵ ਨਹੀ ਤੁਧ ਜੇਹਿਆ।।

ਬਧੋਹਿ ਪੁਰਖ ਬਿਧਾਤੈ ਤਾ ਤੂ ਸੋਹਿਆ।।

('ਫੁਨਹੇ ਮਹੱਲਾ 5 1362)

28. ਜਗਤ ਜਲੰਦਾ ਰਖਿ ਲੈ, ਆਪਣੀ ਕ੍ਰਿਪਾ ਧਾਰਿ।।

ਜਿਤੁ ਦੁਆਰੈ, ਉਬਰੈ, ਤਿਤੈ ਲੈਹੁ ਉਬਾਰਿ।।

ਸਤਿਗੁਰ ਸੁਖ ਵੇਖਾਲਿਆ, ਸਚਾ ਸਬਦ ਵੀਚਾਰਿ।।

ਨਾਨਕ ਅਵਰ ਨਾ ਸੁਝਈ, ਹਰਿ ਬਿਨੁ ਬਖਸ਼ਣਹਾਰੁ।।

(ਬਿਲਾਵਲ ਕੀ ਵਾਰ ਪੰਨਾ 253)

29. ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ।।

ਨਾਨਕ ਦਾਸੁ ਮੁਖ ਤੇ ਜੋ ਬੋਲੈ, ਈਹਾ ਊਹਾ ਸਚ ਹੋਵੈ।।

(ਧਨਾਸਰੀ ਮਹੱਲਾ 5 ਪੰਨਾ 681)

# ਸ੍ਰੀ ਗੁਰੂਹਰਗੋਬਿੰਦ ਸਾਹਿਬ ਜੀ

'ਛਠਮ ਪੀਰ ਬੈਠਾ ਗੁਰੂ ਭਾਰੀ॥'

ਸਿੱਖ ਧਰਮ ਦੇ ਛੇਵੇਂ ਗੁਰੂ ਹਰਗੋਬਿੰਦ ਜੀ ਦੀ ਜਨਮ ਗੁਰੂ ਅਰਜਨ ਦੇਵ ਜੀ ਦੇ ਘਰ 19 ਜੂਨ 1595 ਈ, ਨੂੰ ਮਾਤਾ ਗੰਗਾ ਜੀ ਦੀ ਕੁਖੋਂ ਹੋਇਆ। ਬਾਬਾ ਬੁੱਢਾ ਜੀ ਨੂੰ ਉਹਨਾਂ ਦੀ ਸਿੱਖਿਆ ਦੀ ਜ਼ਿੰਮੇਵਾਰੀ ਦਿੱਤੀ ਗਈ। ਇਸ ਸਮੇਂ ਮੁਗਲ ਬਾਦਸ਼ਾਹ ਜਹਾਂਗੀਰ ਸਿੱਖਾਂ ਦਾ ਦੁਸ਼ਮਣ ਬਣ ਚੁੱਕਿਆ ਸੀ। ਗੁਰੂ ਪਿਤਾ ਇਸ ਗੱਲ ਤੋਂ ਭਲੀ ਭਾਂਤੀ ਜਾਣੂ ਸਨ। ਇਸ ਲਈ ਉਹ ਬਾਲ ਹਰਗੋਬਿੰਦ ਨੂੰ ਪੜ੍ਹਾਈ-ਲਿਖਾਈ ਦੇ ਨਾਲ ਯੋਧਾ ਵੀ ਬਣਾਉਣਾ ਚਾਹੁੰਦੇ ਸਨ। ਉਹਨਾਂ ਨੇ ਬਾਲ-ਗੁਰੂ ਨੂੰ ਪੜ੍ਹਨ ਤੋਂ ਇਲਾਵਾ ਹਥਿਆਰਾਂ ਦੀ ਵਰਤੋਂ, ਘੋੜ-ਸਾਵਰੀ, ਤੈਰਾਕੀ, ਪਹਿਲਵਾਨੀ ਤੇ ਹੋਰ ਸਰੀਰਕ ਕਸਰਤਾਂ ਤੋਂ ਵੀ ਜਾਣੂ ਕਰਵਾਇਆ। ਇਸ ਤਰਾਂ ਉਹ ਧਾਰਮਿਕ ਵਿਅਕਤੀ ਹੋਣ ਦੇ ਨਾਲ-ਨਾਲ ਬਹਾਦਰ ਅਤੇ ਤਕੜੇ ਜੁੱਸੇ ਦੇ ਮਾਲਕ ਵੀ ਬਣੇ। ਉਹ ਆਪ ਵੀ ਬਹਾਦਰੀ ਭਰੇ ਕਾਰਨਾਮੇ ਕਰਦੇ ਅਤੇ ਆਪਣੇ ਸਾਥੀਆਂ ਨੂੰ ਵੀ ਇਸੇ ਤਰਾਂ ਸਰੀਰਕ ਕਸਰਤਾਂ ਕਰਵਾਉਂਦੇ। ਗੁਰੂ ਪਿਤਾ ਅਰਜਨ ਦੇਵ ਦੀ ਸ਼ਹੀਦੀ ਤੋਂ ਬਾਅਦ ਉਹਨਾਂ ਨੇ ਸਿੱਖ ਧਰਮ ਨੂੰ ਇੱਕ ਨਵਾਂ ਮੋੜ ਦਿੱਤਾ। ਜਿਸ ਨਾਲ ਸਿੱਖ ਕੌਮ ਭਗਤੀ ਤੇ ਸ਼ਕਤੀ ਦਾ ਸੁਮੇਲਬਣੀ ਅਤੇ ਮੁਗਲਾਂ ਨਾਲ ਲੜਾਈਆਂ ਵਿੱਚ ਅਦਭੁੱਤ ਸਾਹਸ ਤੇ ਵੀਰਤਾ ਦਿਖਾਈ।

ਗੁਰੂ ਹਰਗੋਬਿੰਦ ਸਾਹਿਬ ਨੂੰ ਜਿਸ ਸਮੇਂ ਬਾਬਾ ਬੁੱਢਾ ਨੇ ਤਿਲਕ ਲਾਉਣ ਅਤੇ ਸੇਲੀ ਟੋਪੀ ਦੀ ਰਸਮ ਕੀਤੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਉਹਨਾਂ ਨੂੰ ਤਲਵਾਰ ਵੀ ਪਹਿਨਾਈ ਜਾਵੇ। 25 ਮਈ 1606 ਈ. ਨੂੰ ਗੁਰੂਆਈ ਦੀ ਇਸ ਰਸਮ ਮੌਕੇ ਆਪਣੇ ਸਿਧਾਂਤਾਂ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਦੋ ਤਲਵਾਰਾਂ ਗ੍ਰਹਿਣ ਕੀਤੀਆਂ। ਇੱਕ ਤਲਵਾਰ 'ਪੀਰੀ' ਦੀ ਸੀ ਜਿਸਦਾ ਮਤਲਬ ਸੀ ਕਿ ਇਹ ਤਲਵਾਰ ਅਧਿਆਤਮਿਕਤਾ ਦੀ ਪ੍ਰਤੀਕ ਹੈ। ਦੂਜੀ ਤਲਵਾਰ ਨੂੰ 'ਮੀਰੀ' ਦੀ ਤਲਵਾਰ ਕਿਹਾ ਗਿਆ ਜੋ ਕਿ ਸੰਸਾਰਿਕ ਸ਼ਕਤੀ ਦੀ ਪ੍ਰਤੀਕ ਹੈ। ਇਸ ਤਰਾਂ 'ਭਗਤੀ ਤੇ ਸ਼ਕਤੀ' ਇਕੱਠੀਆਂ ਕਰ ਦਿੱਤੀਆਂ। ਗੁਰੂ ਦੇ ਸਿੱਖ ਹੁਣ ਧਾਰਮਿਕ ਵੀ ਸਨ ਅਤੇ ਹੱਥ ਵਿੱਚ ਤਲਵਾਰ ਲੈ ਕੇ ਘੋੜ-ਸਵਾਰੀ ਵੀ ਕਰਦੇ ਸਨ। ਇਸ ਤਰਾਂ 'ਸੰਤ ਸਿਪਾਹੀ' ਦਾ ਨਵਾਂ ਸੰਕਲਪ ਹੋਂਦ ਵਿੱਚ ਆਇਆ। ਇਸ ਤਰਾਂ ਸਿੱਖ ਕੌਮ ਨਿਡਰ ਹੋ ਕੇ ਮੁਗਲ ਸਾਸ਼ਕਾਂ ਦੇ ਜੁਲਮ ਦਾ ਟਾਕਰਾ ਕਰਨ ਲੱਗੀ।

ਗੁਰੂ ਹਰਗੋਬਿੰਦ ਜੀ ਨੇ ਸਿੱਖ ਸ਼ਰਧਾਲੂਆਂ ਨੂੰ ਸੁਨੇਹੇ ਭੇਜੇ ਕਿ ਉਹ ਦਸਵੰਧ ਦੇ ਵਿੱਚ ਪੈਸੇ ਨਾਲ ਹਥਿਆਰ, ਘੋੜੇ ਆਦਿ ਵੀ ਭੇਜਣ ਤਾਂ ਕਿ ਜ਼ੁਲਮ ਦੇ ਖਿਲਾਫ ਮੋਰਚਾ ਖੋਲਿਆ ਜਾਵੇ। ਉਹਨਾਂ ਨੇ ਸਿੱਖ ਫੌਜ ਤਿਆਰ ਕੀਤੀ, ਉਹਨਾਂ ਦੀਆਂ ਜੰਗੀ ਮਸ਼ਕਾਂ ਕਰਾਉਂਦੇ ਅਤੇ ਹਥਿਆਰਾਂ ਦੀ ਸਿਖਲਾਈ ਦਿੰਦੇ। ਉਹਨਾਂ ਨੇ ਅੰਮ੍ਰਿਤਸਰ ਨਗਰੀ ਦੀ ਸੁਰੱਖਿਅਤਾ ਲਈ 'ਲੋਹਗੜ' ਕਿਲੇ ਦੀ ਸਥਾਪਨਾ ਕੀਤੀ। ਬਹਾਦਰ ਨੌਜੁਆਨ ਉਹਨਾਂ ਦੀ ਫੌਜ ਵਿੱਚ ਬਿਨਾਂ ਕਿਸੇ ਭੇਦ-ਭਾਵ ਤੋਂ ਸ਼ਾਮਲ ਹੋ ਸਕਦੇ ਸਨ। ਕਿਲਿਆਂ ਦਾ ਨਿਰਮਾਣ ਕੀਤਾ ਗਿਆ। ਗੁਰੂ ਸਾਹਿਬ ਨੇ ਸ਼ਾਹੀ ਚਿੰਨ ਧਾਰਨ ਕੀਤੇ ਅਤੇ ਸਿੱਖ ਉਹਨਾਂ ਨੂੰ 'ਸੱਚਾ ਪਾਤਸ਼ਾਹ' ਕਹਿਣ ਲੱਗੇ। ਇਤਿਹਾਸਕਾਰ ਕੰਨਿਘਮ ਦੇ ਅਨੁਸਾਰ ਗੁਰੂ ਜੀ ਦੀ ਸੈਨਾ ਵਿੱਚ 800 ਘੋੜੇ , 300 ਘੋੜਸਵਾਰ, 60 ਤੋਪਚੀ ਸਨ। ਜਿਹੜੇ ਲੜਾਈ ਦੇ ਹਰ ਪੱਖ ਤੋਂ ਮਾਹਰ ਸਨ। ਗੁਰੂ ਜੀ ਨੇ ਆਪਣੀ ਜ਼ਿੰਦਗੀ ਵਿੱਚ ਜੋ ਵੀ ਲੜਾਈਆਂ ਲੜੀਆਂ ਉਹ ਸਿੱਖ ਧਰਮ ਦੇ ਬਚਾਅ ਲਈ ਹੀ ਸਨ।

ਗੁਰੂ ਹਰ ਗੋਬਿੰਦ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ 'ਅਕਾਲ ਤਖ਼ਤ' ਦੀ ਇਮਾਰਤ ਦੀ ਉਸਾਰੀ 1608 ਈ. ਵਿੱਚ ਕਰਵਾਈ। ਇਸ ਦੀ ਸਾਰੀ ਉਸਾਰੀ ਬਾਬਾ ਬੁੱਢਾ, ਭਾਈ ਗੁਰਦਾਸ ਅਤੇ ਗੁਰੂ ਜੀ ਨੇ ਆਪ ਕੀਤੀ। ਕਿਸੇ ਮਿਸਤਰੀ ਦੀ ਇਸ ਉਸਾਰੀ ਵਿੱਚ ਮਦਦ ਨਹੀਂ ਲਈ ਗਈ। ਸਵੇਰ ਵੇਲੇ ਰੋਜ਼ਾਨਾ ਦੀ ਸਰੀਰ ਸੋਧਣ ਦੀ ਕਿਰਿਆ ਤੋਂ ਬਾਦ ਗੁਰੂ ਜੀ ਭਗਤੀ ਕਰਦੇ। ਸਵੇਰੇ ਸ਼ਾਮ ਸ਼ਬਦ ਕੀਰਤਨ ਹੁੰਦਾ। ਸਿੱਖ ਸੰਗਤਾਂ ਇਸ ਵਿੱਚ ਸ਼ਾਮਲ ਹੁੰਦੀਆਂ। ਦਿਨ ਵੇਲੇ ਸਰੀਰਕ ਅਭਿਆਸ ਪਰੇਡ, ਘੋੜ ਸਵਾਰੀ ਸ਼ਿਕਾਰ ਅਤੇ ਹਥਿਆਰਾਂ ਦੀ ਸਿਖਲਾਈ ਦਿੱਤੀ ਜਾਂਦੀ। ਬਿਧੀ ਚੰਦ, ਭਾਈ ਪਿਰਾਣਾ, ਪਿਆਰਾ ਆਦਿ ਕੋਲ ਘੋੜ ਸਵਾਰਾਂ ਦੀ ਸਿਖਲਾਈ ਦਾ ਅਭਿਆਸ ਹੁੰਦਾ। ਰਾਜਿਆਂ ਵਾਂਗ ਗੁਰੂ ਜੀ ਤਖਤ 'ਤੇ ਬੈਠ ਕੇ ਸਾਰੇ ਕੌਤਕ ਦੇਖਦੇ ਅਤੇ ਭੇਟਾ ਸਵੀਕਾਰ ਕਰਦੇ। ਇਸ ਤਰਾਂ ਹਰਿਮੰਦਰ ਸਾਹਿਬ ਵਿੱਚ ਰੂਹਾਨੀ ਸ਼ਾਂਤੀ ਮਿਲਦੀ ਅਤੇ ਅਕਾਲ ਤਖਤ ਸਿੱਖ ਮਸਲਿਆਂ ਨੂੰ ਹੱਲ ਕਰਨ ਲਈ ਸਭਾਵਾਂ ਕਰਨ ਦਾ ਸਥਾਨ ਬਣ ਗਿਆ। ਅੱਜ ਵੀ ਹਰ ਸਿੱਖ ਹਰਿਮੰਦਰ ਸਾਹਿਬ ਸੀਸ ਨਿਵਾਉਣ ਤੋਂ ਬਾਅਦ ਅਕਾਲ-ਤਖਤ 'ਤੇ ਜਾ ਕੇ ਵੀ ਆਪਣੀ ਸ਼ਰਧਾ ਵਿਅਕਤ ਕਰਦਾ ਹੈ। ਸਿੱਖਾਂ ਦੇ ਮਾੜੇ ਚੱਲਦੇ ਸਮਿਆਂ ਵਿੱਚ ਜਦੋਂ ਮੀਰ ਮੰਨੂੰ ਤੇ ਜ਼ਕਰੀਆ ਖ਼ਾਨ ਆਦਿ ਸਿੱਖਾਂ ਦੇ ਸਿਰਾਂ ਦੇ ਮੁੱਲ ਤਹਿ ਕਰਦੇ ਸਨ ਅਤੇ ਘੱਲੂਘਾਰਿਆਂ ਦੇ ਸਮੇਂ ਇੱਥੇ ਹੀ ਸਿੱਖ ਇਕੱਠੇ ਹੋ ਕੇ 'ਗੁਰਮਤਾ' ਕਰਦੇ ਸਨ ਅਤੇ 'ਸਰਬੱਤ ਖਾਲਸੇ' ਦੀਆਂ ਬੈਠਕਾਂ ਕਰਦੇ ਸਨ।

ਗੁਰੂ ਅਰਜਨ ਜੀ ਦੀ ਸ਼ਹੀਦੀ ਪਿੱਛੋਂ ਬੇਸ਼ੱਕ ਜਹਾਂਗੀਰ ਨੇ ਗੁਰੂ ਹਰਗੋਬਿੰਦ ਖਿਲਾਫ ਕੋਈ ਬੰਦਿਸ਼ ਨਹੀਂ ਲਗਾਈ। ਸਗੋਂ ਕਈ ਵਾਰ ਮਿੱਤਰਤਾਪੂਰਨ ਸ਼ਿਕਾਰ

ਆਦਿ ਖੇਡਣ ਲਈ ਵੀ ਬੁਲਾਵਾ ਭੇਜਿਆ ਤਾਂ ਵੀ ਚੰਦੂ ਸ਼ਾਹ ਜਿਹੇ ਮੁਗਲ ਦਰਬਾਰ ਦੇ ਦਰਬਾਰੀ ਭਰਮ-ਭੁਲੇਖ ਖੜੇ ਕਰਦੇ ਰਹਿੰਦੇ ਸਨ। ਮੁਗਲ ਬਾਦਸ਼ਾਹ ਨੇ ਚੰਦੂ ਸ਼ਾਹ ਦੀ ਚੁੱਕ ਵਿੱਚ ਆ ਕੇ ਗੁਰੂ ਜੀ ਨੂੰ ਦਿੱਲੀ ਸੱਦਿਆ। ਗੁਰੂ ਜੀ ਨੂੰ ਮਿਲਕੇ ਜਹਾਂਗੀਰ ਖੁਸ਼ ਹੋਇਆ ਅਤੇ ਉਹ ਇਕੱਠੇ ਕਈ ਮੁਹਿੰਮਾਂ 'ਤੇ ਵੀ ਗਏ। ਜਹਾਂਗੀਰ ਗੁਰੂ ਜੀ ਦੀ ਬਹਾਦਰੀ ਦਾ ਕਾਇਲ ਸੀ। ਗੁਰੂ ਜੀ ਨੇ ਆਪਣੇ ਜੰਗੀ ਅਭਿਆਸ ਅਤੇ ਆਪਣੀ ਧਾਰਮਿਕ ਰੰਗਣਾ ਨਾਲ ਸਿੱਖਾਂ ਨੂੰ ਬਹਾਦਰ ਤੇ ਯੋਧੇ ਬਣਾ ਦਿੱਤਾ। ਮੁਗਲ ਬਾਦਸ਼ਾਹ ਦੇ ਦਰਬਾਰੀਆਂ ਨੇ ਫਿਰ ਚੁਗਲੀ ਕੀਤੀ ਕਿ ਗੁਰੂ ਜੀ ਦੀ ਤਾਕਤ ਦਿਨੋ-ਦਿਨ ਵਧ ਰਹੀ ਹੈ, ਇਸ ਨੂੰ ਰੋਕਿਆ ਜਾਵੇ। ਬਾਦਸ਼ਾਹ ਇਸ ਸਮੇਂ ਆਗਰਾ ਵਿਖੇ ਸੀ ਉਸਨੇ ਗੁਰੂ ਜੀ ਨੂੰ ਕੈਦ ਕਰਨ ਦਾ ਹੁਕਮ ਦੇ ਦਿੱਤਾ ਅਤੇ ਗੁਰੂ ਜੀ ਨੂੰ ਕੈਦ ਕਰਕੇ ਗਵਾਲੀਅਰ ਦੇ ਕਿਲੇ ਵਿੱਚ ਭੇਜ ਦਿੱਤਾ। ਕਿਲੇ ਵਿੱਚ ਪਹਾੜੀ ਰਾਜੇ ਵੀ ਕੈਦ ਕੀਤੇ ਹੋਏ ਸਨ। ਉਹ ਗੁਰੂ ਜੀ ਦੀ ਜੀਵਨ ਸ਼ੈਲੀ ਤੋਂ ਬੇਹੱਦ ਪ੍ਰਭਾਵਿਤ ਹੋਏ ਅਤੇ ਗੁਰੂ ਜੀ ਨਾਲ ਉਹਨਾਂ ਦੀ ਨੇੜਤਾ ਹੋ ਗਈ।

ਜਲਦੀ ਹੀ ਬਾਦਸ਼ਾਹ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਉਸਨੇ ਗੁਰੂ ਜੀ ਨੂੰ ਰਿਹਾ ਕਰਨ ਦਾ ਹੁਕਮ ਜਾਰੀ ਕੀਤਾ। ਪਰੰਤੂ ਗੁਰੂ ਜੀ ਆਪਣੇ ਨਾਲ 52 ਹੋਰ ਰਾਜਿਆਂ ਨੂੰ, ਜੋ ਛੋਟੇ-ਮੋਟੇ ਕਾਰਨਾਂ ਕਰਕੇ ਜੇਲ ਵਿੱਚ ਤੁੰਨੇ ਹੋਏ ਸਨ, ਨੂੰ ਲੈ ਕੇ ਕਿਲੇ ਤੋਂ ਬਾਹਰ ਆਉਣ ਲਈ ਰਜ਼ਾਮੰਦ ਹੋਏ। ਬਾਦਸ਼ਾਹ ਨੇ ਇਹ ਮੰਗ ਸਵੀਕਾਰ ਕਰ ਲਈ ਇਸੇ ਘਟਨਾ ਕਰਕੇ ਗੁਰੂ ਹਰ ਗੋਬਿੰਦ ਜੀ ਨੂੰ 'ਬੰਦੀ ਛੋੜ ਦਾਤਾ' ਵੀ ਕਿਹਾ ਜਾਂਦਾ ਹੈ। ਬੰਦੀ ਛੋੜ ਦਾ ਮਤਲਬ ਹੈ- ਕੈਦੀਆਂ ਨੂੰ ਛੁਡਾਉਣ ਵਾਲਾ। ਗੁਰੂ ਜੀ ਉੱਥੋਂ ਅੰਮ੍ਰਿਤਸਰ ਆ ਗਏ।

ਗੁਰੂ ਨਾਨਕ ਦੇਵ ਜੀ ਤਰਾਂ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਸਿੱਖੀ ਦੇ ਪ੍ਰਚਾਰ ਲਈ ਦੂਰ-ਦੂਰ ਤੱਕ ਯਾਤਰਾਵਾਂ ਕੀਤੀਆਂ। ਕਸ਼ਮੀਰ ਜਾ ਕੇ ਉਹਨਾਂ ਨੇ ਬਹੁਤ ਸਾਰੇ ਲੋਕਾਂ ਨੂੰ ਸਿੱਖ ਧਰਮ ਵਿੱਚ ਪਰਿਵਰਤਿਤ ਕੀਤਾ। ਉਹ ਉੱਤਰ ਪ੍ਰਦੇਸ਼ ਗਏ ਅਤੇ ਕਈ ਧਰਮਸ਼ਾਲਾਵਾਂ ਬਣਾਈਆਂ ਤਾਂ ਕਿ ਸਿੱਖ ਸੰਗਤ ਜੁੜ ਸਕੇ। ਇਸ ਸਮੇਂ ਸ੍ਰੀ ਚੰਦ ਬਾਬਾ ਜੀ ਬਹੁਤ ਬਜ਼ੁਰਗ ਹੋ ਚੁੱਕੇ ਸਨ ਅਤੇ ਜ਼ਿਆਦਾ ਚੱਲ ਫਿਰ ਨਹੀਂ ਸਕਦੇ ਸਨ। ਗੁਰੂ ਹਰਗੋਬਿੰਦ ਸਾਹਿਬ ਉਹਨਾਂ ਨੂੰ ਮਿਲੇ ਤੇ ਅਸ਼ੀਰਵਾਦ ਪ੍ਰਾਪਤ ਕੀਤਾ। ਸ੍ਰੀ ਨਗਰ ਵਿੱਖੇ ਗੁਰੂ ਘਰ ਦੀ ਭਗਤ ਮਾਤਾ ਭਾਗਭਰੀ ਨੇ ਗੁਰੂ ਜੀ ਨੂੰ ਆਪਣੇ ਹੱਥੀਂ ਬਣਾਇਆ ਹੋਇਆ ਚੋਲਾ ਭੇਟ ਕੀਤਾ। ਉਥੇ ਮਾਈ ਦੀ ਯਾਦ ਵਿੱਚ ਗੁਰੂਦੁਆਰਾ ਬਣਿਆ ਹੋਇਆ ਹੈ। ਇੱਥੇ ਕਸ਼ਮੀਰ ਵਿੱਚ ਰਹਿੰਦਿਆਂ ਹੀ ਉਹਨਾਂ ਨੇ ਜਹਾਂਗੀਰ ਦੀ ਮੌਤ ਬਾਰੇ ਸੁਣਿਆ। ਉਹ ਵਾਪਸ ਅੰਮ੍ਰਿਤਸਰ ਆ ਗਏ ਸਨ।

1628 ਈ. ਵਿੱਚ ਸ਼ਾਹਜਹਾਨ ਮੁਗਲ ਬਾਦਸ਼ਾਹ ਬਣਿਆ। ਗੁਰੂ ਹਰੋਗਬਿੰਦ

ਸਾਹਿਬ ਅਤੇ ਸ਼ਾਹਜਹਾਨ ਇੱਕ ਹੀ ਜੰਗਲ ਦੇ ਵਿੱਚ ਸ਼ਿਕਾਰ ਕਰ ਰਹੇ ਸਨ ਤਾਂ ਬਾਦਸ਼ਾਹ ਦੇ ਬਾਜ਼ ਕਾਰਨ ਸਿੱਖਾਂ ਤੇ ਮੁਗਲਾਂ ਵਿੱਚਕਾਰ ਝੜਪ ਹੋ ਗਈ। ਸ਼ਾਹ ਜਹਾਨ ਨੇ ਜਰਨੈਲ ਮੁਖਲਿਸ ਖਾਨ ਦੀ ਅਗਵਾਈ ਵਿੱਚ ਫੌਜ ਗੁਰੂ ਜੀ ਨਾਲ ਲੜਾਈ ਕਰਨ ਲਈ ਭੇਜੀ ਪਰ ਮੁਗਲ ਹਾਰ ਗਏ। ਮੁਖਲਿਸ ਖਾਨ ਤੇ ਸ਼ਮਸ ਖਾਨ ਮਾਰੇ ਗਏ। ਇਹ ਲੜਾਈ 1631 ਈ. ਵਿੱਚ ਲੜੀ ਗਈ ਤੇ ਇਸ ਤੋਂ ਪਿੱਛੋਂ ਗੁਰੂ ਜੀ ਕਰਤਾਰਪੁਰ ਆ ਗਏ ਜਿੱਥੇ 1634 ਈ. ਵਿੱਚ ਮੁਗਲ ਕਮਾਂਡਰ ਪੈਂਦੇ ਖਾਨ ਦੀ ਅਗਵਾਈ ਵਿੱਚ ਮੁਗਲ ਫੌਜ ਨੇ ਇਕ ਵਾਰ ਫਿਰ ਹਮਲਾ ਕੀਤਾ ਗਿਆ। ਇੱਥੇ ਵੀ ਮੁਗਲ ਫੌਜਾਂ ਹਾਰ ਗਈਆਂ, ਬਿਖਰ ਗਈਆਂ ਅਤੇ ਬਹੁਤ ਸਾਰੇ ਉਹਨਾਂ ਦੇ ਆਦਮੀ ਮਾਰੇ ਗਏ। ਇਹਨਾਂ ਜੰਗਾਂ ਨਾਲ ਸਿੱਖਾਂ ਵਿੱਚ ਆਤਮ ਵਿਸ਼ਵਾਸ ਤੇ ਹੌਂਸਲਾ ਵਧ ਗਿਆ। ਇਹਨਾਂ ਲੜਾਈਆਂ ਵਿੱਚ ਸਿੱਖਾਂ  ਦਾ ਵੀ ਕਾਫ਼ੀ ਨੁਕਸਾਨ ਹੋਇਆ। ਜਿਸਦਾ ਗੁਰੂ ਜੀ ਨੂੰ ਬਹੁਤ ਦੁੱਖ ਸੀ। ਉਹ ਪਹਿਲੇ ਸਿੱਖ ਗੁਰੂ ਸਨ ਜਿਹਨਾਂ ਨੇ ਆਪਣੇ ਹੱਥ ਵਿੱਚ ਹਥਿਆਰ ਚੁੱਕੇ ਸਨ। ਉਨਾਂ ਨੂੰ ਲਹਿਰਾ, ਗੁਰੂਸਰ ਤੇ ਕੀਰਤਪੁਰ ਦੀਆਂ ਜੰਗਾਂ ਵੀ ਲੜਨੀਆਂ ਪਈਆਂ, ਹਾਲਾਤ ਹੀ ਅਜਿਹੇ ਬਣ  ਚੁੱਕੇ ਸਨ। ਗੁਰੂ ਜੀ ਨੇ ਆਪਣੇ ਪਿਤਾ 'ਤੇ ਹੋਏ ਅਣਮਨੁੱਖੀ ਜ਼ੁਲਮ ਦਾ ਬਦਲਾ ਲੈਣਾ ਸੀ। ਉਸ ਸਮੇਂ ਦੀ ਮੁਗਲ ਸਰਕਾਰ ਬਹੁਤ ਜ਼ਾਲਮ ਹੋ ਚੁੱਕੀ ਸੀ। ਸਿੱਖਾਂ ਵਿੱਚ ਵੀ ਕੁੱਝ ਵਿਰੋਧੀ ਤਾਕਤਾਂ ਮੀਣੇ ਅਤੇ ਧੀਰਮੱਲੀਏ ਗੁਰੂ ਜੀ ਦੇ ਵਿਰੁੱਧ ਲਗਾਤਾਰ ਗੋਦਾਂ ਗੁੰਦ ਰਹੇ ਸਨ। ਇਹੋ ਜਿਹੇ ਸਮੇਂ ਦਾ ਸਾਹਮਣਾ ਕਰਦਿਆਂ ਹੋਇਆਂ ਗੁਰੂ ਹਰਗੋਬਿੰਦ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਸ਼ੁਰੂ ਕੀਤੇ ਸ਼ਾਤ ਮਿਸ਼ਨ ਨੂੰ ਸੰਤ ਸਿਪਾਹੀ ਮਿਸ਼ਨ ਵਿੱਚ ਬਦਲਣਾ ਪਿਆ। ਸਾਰੀਆਂ ਲੜਾਈਆਂ ਵਿੱਚ ਗੁਰੂ ਜੀ ਨੇ ਜਿੱਤ ਪ੍ਰਾਪਤ ਕੀਤੀ ਪਰ ਉਹਨਾਂ ਨੇ ਕਿਸੇ ਇਲਾਕੇ 'ਤੇ ਕੋਈ ਕਬਜ਼ਾ ਨਹੀਂ ਕੀਤਾ। ਉਹ ਸੰਤ ਸਨ ਅਤੇ ਆਪਣੇ ਧਰਮ ਦੇ ਪ੍ਰਚਾਰ ਲਈ ਉਹਨਾਂ ਨੇ ਅਨੇਕਾਂ ਕਸ਼ਟ ਝੱਲੇ।

ਗੁਰੂ ਜੀ ਦਾ ਹਿਰਦਾ ਬਹੁਤ ਨਰਮ ਅਤੇ ਵਿਸ਼ਾਲ ਸੀ। ਉਹ ਹਮੇਸ਼ਾ ਜ਼ਰੂਰਤਮੰਦਾਂ ਦੀ ਮਦਦ ਅਤੇ ਗਰੀਬਾਂ ਦੀ ਮਦਦ ਕਰਦੇ ਸਨ। ਕਰਤਾਰਪੁਰ ਵਿਖੇ ਉਹਨਾਂ ਨੇ ਆਪਣੇ ਖਰਚ 'ਤੇ ਇੱਕ ਮਸਜਿਦ ਬਣਾ ਕੇ ਦਿੱਤੀ। ਸ਼ਾਹੀ ਕਾਜ਼ੀ ਦੀ ਲੜਕੀ ਬੀਬੀ ਕੌਲਾ ਨੂੰ ਰਹਿਣ ਲਈ ਥਾਂ ਦਿੱਤੀ। ਉਸਦੇ ਨਾਂ 'ਤੇ ਇੱਕ ਸਰੋਵਰ 'ਕੌਲਸਰ' ਵੀ ਬਣਵਾਇਆ। ਕੌਲਾਂ ਗੁਰੂ ਘਰ ਦੀ ਵੱਡੀ ਪ੍ਰਸ਼ੰਸਕ ਸੀ। ਉਸਦੇ ਪਿਤਾ ਨੇ ਗੁਰੂ ਘਰ ਲਈ ਕਾਬਲ ਦੇ ਸਿੱਖਾਂ ਵੱਲੋਂ ਭੇਜੇ ਘੋੜੇ ਮੁਗਲਾਂ ਨੂੰ ਫੜਾਉਣ ਵਿੱਚ ਉਹਨਾਂ ਦੀ ਮਦਦ ਕੀਤੀ ਸੀ। ਭਾਈ ਬਿਧੀ ਚੰਦ ਨੇ ਮੁਗਲ ਸ਼ਾਹੀ ਤਬੇਲੇ ਵਿੱਚ ਨੌਕਰ ਦਾ ਵੇਸ ਧਾਰਨ ਕਰਕੇ ਕੰਮ ਕੀਤਾ ਅਤੇ ਆਪਣੇ ਬਹਾਦਰੀ ਅਤੇ ਚਤੁਰਾਈ ਨਾਲ ਦੋਵਾਂ ਘੋੜਿਆਂ 'ਦਿਲਬਾਗ' ਅਤੇ 'ਗੁਲਬਾਗ' ਨੂੰ ਵਾਪਸ ਲੈ ਕੇ ਆਇਆ। ਗੁਰੂ ਜੀ ਨੇ ਇਹਨਾਂ ਵਿੱਚੋ ਦਿਲਬਾਗ ਦਾ ਨਾਂ ਜੈ ਭਾਈ ਅਤੇ ਗੁਲਬਾਗ ਦਾ ਨਾਂ

ਸੁਹੇਲਾ ਰੱਖ ਦਿੱਤਾ। ਇੱਕ ਮੁਸਲਮਾਨ ਫਕੀਰ ਬੁੱਢਣ ਸ਼ਾਹ ਗੁਰੂ ਘਰ ਦਾ ਬਹੁਤ ਪ੍ਰਸੰਸਕ ਸੀ। ਆਪਣੇ ਅੰਤਿਮ ਸਮੇਂ ਉਸ ਨੇ ਗੁਰੂ ਜੀ ਦੇ ਹੱਥੋਂ ਦੁੱਧ ਦਾ ਪਿਆਲਾ ਲੈ ਕੇ ਪੀਤਾ ਅਤੇ ਕਿਹਾ ਕਿ ਹੁਣ ਉਹ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਸਕੇਗਾ। ਗੁਰੂ ਜੀ ਨੇ ਉਸ ਨਾਲ ਕੁੱਝ ਸਮਾਂ ਬਿਤਾਇਆ ਅਤੇ ਹਮਦਰਦੀ ਪ੍ਰਗਟ ਕੀਤੀ। ਫਕੀਰ ਛੇਤੀ ਹੀ ਅਕਾਲ ਚਲਾਣਾ ਕਰ ਗਿਆ। ਉਸ ਦੀ ਯਾਦ ਵਿੱਚ ਇੱਕ ਤਕੀਆ ਬਣਾਇਆ ਗਿਆ। ਉਸ ਦੇ ਨਾਲ ਹੀ ਬੁੱਢਣ ਸ਼ਾਹ ਦੇ ਪਾਲਤੂ ਜਾਨਵਰ ਬੱਕਰੀ, ਸ਼ੇਰ ਤੇ ਕੁੱਤੇ ਦੀਆਂ ਮੜੀਆਂ ਬਣੀਆਂ ਹੋਈਆਂ ਹਨ।

ਗੁਰੂ ਸਾਹਿਬ ਨੇ ਬਾਬਾ ਗੁਰਦਿਤਾ ਦੀ ਮਾਰਫਤ 1626 ਈ. ਵਿੱਚ ਕਹਿਲੂਰ ਦੇ ਰਾਜੇ ਤਾਰਾ ਚੰਦ ਤੋਂ ਜ਼ਮੀਨ ਖਰੀਦ ਕੇ ਕੀਰਤਪੁਰ ਨਗਰ ਵਸਾਇਆ। ਬਾਬਾ ਗੁਰਦਿੱਤਾ ਜੀ ਨੇ ਇੱਥੇ ਪੱਕੇ ਮਕਾਨ, ਧਰਮਸ਼ਾਲ ਤੇ ਬਜ਼ਾਰ ਅਬਾਦ ਕਰਾਏ। ਇਹ ਬਾਗਾਂ ਦਾ ਸ਼ਹਿਰ ਸੀ। ਇੱਥੇ ਗੁਰਦੁਆਰਾ ਚਰਨ ਕਮਲ ਸੁਸ਼ੋਭਿਤ ਹੈ। ਬੁੱਢਣ ਸ਼ਾਹ ਦੇ ਤਕੀਏ ਦੇ ਨੇੜੇ ਇੱਕ ਬਾਉਲੀ ਵੀ ਬਣਾਈ ਗਈ। ਬਾਬਾ ਸ੍ਰੀ ਚੰਦ ਨੇ ਵੀ ਗੁਰਦਿੱਤਾ ਦੀ ਮਦਦ ਕੀਤੀ। 1634 ਈ. ਵਿੱਚ ਗੁਰੂ ਜੀ ਨੇ ਹੁਣ ਕੀਰਤਪੁਰ ਨੂੰ ਆਪਣਾ ਟਿਕਾਣਾ ਬਣਾ ਲਿਆ। ਉਹਨਾਂ ਦੇ ਕੋਲ ਇਸ ਸਮੇਂ ਉਹਨਾਂ ਦਾ ਪਰਿਵਾਰ ਸੀ। ਕੀਰਤਪੁਰ ਇੱਕ ਸ਼ਾਂਤ ਜਗਾ ਸੀ, ਇੱਥੇ ਰਹਿ ਕੇ ਗੁਰੂ ਜੀ ਨੇ ਆਪਣਾ ਮਨ ਪ੍ਰਮਾਤਮਾ ਦੀ ਭਗਤੀ ਵੱਲ ਲਾਇਆ। ਹੁਣ ਉਹਨਾਂ ਨੇ ਆਪਣਾ ਵਾਰਸ ਵੀ ਚੁਨਣਾ ਸੀ। ਗੁਰੂ ਜੀ ਦੀ ਸ਼ਾਦੀ ਮਾਤਾ ਦਮੋਦਰੀ ਨਾਲ ਹੋਈ ਸੀ। ਕੁੱਝ ਵਿਦਵਾਨਾਂ ਦੀ ਰਾਇ ਅਨੁਸਾਰ ਉਹਨਾਂ ਦੇ ਤਿੰਨ ਵਿਆਹ ਹੋਏ। ਮਾਤਾ ਦਮੋਦਰੀ, ਮਾਤਾ ਨਾਨਕੀ ਅਤੇ ਮਹਾਂ ਦੇਵੀ ਉਹਨਾਂ ਦੀ ਤਿੰਨ ਸੁਪੱਤਨੀਆਂ ਦੇ ਨਾਮ ਸਨ। ਉਹਨਾਂ ਦੇ ਘਰ ਪੰਜ ਪੁੱਤਰ- ਬਾਬਾ ਗੁਰਦਿੱਤਾ, ਸੂਰਜ ਮੱਲ, ਅਨੀ ਰਾਏ, ਅਟੱਲ ਰਾਏ ਅਤੇ ਤੇਗ ਬਹਾਦਰ ਸੀ। ਉਹਨਾਂ ਦੀ ਇੱਕ ਸਪੁੱਤਰੀ ਬੀਬੀ ਵੀਰੋ ਵੀ ਸੀ। ਬਾਬਾ ਗੁਰਦਿੱਤਾ ਅਤੇ ਅਟੱਲ ਰਾਏ ਦੀ ਮੌਤ ਗੁਰੂ ਜੀ ਦੇ ਜੀਵਨਕਾਲ ਵਿੱਚ ਹੀ ਹੋ ਗਈ ਸੀ। ਸੂਰਜ ਮੱਲ ਅਤੇ ਅਨੀ ਰਾਏ ਨੂੰ ਗੁਰਗੱਦੀ ਦੇ ਕਾਬਲ ਨਹੀਂ ਸਮਝਿਆ ਜਾਂਦਾ ਸੀ ਕਿਉਂਕਿ ਉਹ ਬਹੁਤ ਹੀ ਸੰਸਾਰਿਕ ਕੰਮਾਂ ਵਿੱਚ ਉਲਝੇ ਰਹਿੰਦੇ ਸਨ। ਤੇਗ਼ ਬਹਾਦਰ ਜ਼ਿਆਦਾ ਸਮਾਂ ਭਗਤੀ ਵਿੱਚ ਲੀਨ ਰਹਿੰਦੇ ਸਨ ਅਤੇ ਇਧਰ ਉਹਨਾਂ ਦਾ ਕੋਈ ਲਗਾਅ ਨਹੀਂ ਸੀ। ਬੀਬੀ ਵੀਰੋ ਦਾ ਵਿਆਹ ਗੁਰੂ ਜੀ ਨੇ ਡਰੋਲੀ ਭਾਈ ਵਿਖੇ ਕਰ ਦਿੱਤਾ ਸੀ। ਬਾਬਾ ਗੁਰਦਿਤਾ ਦੇ ਦੋ ਪੁੱਤਰ ਸਨ- ਧੀਰ ਮੱਲ ਅਤੇ ਹਰ ਰਾਏ। ਧੀਰ ਮੱਲ ਆਪਣੇ ਆਪ ਨੂੰ ਗੱਦੀ ਦਾ ਵਾਰਸ ਸਮਝਦਾ ਸੀ ਪਰੰਤੂ ਉਹ ਨਾ ਤਾਂ ਗੁਰੂ ਦਾ ਆਗਿਆਕਾਰ ਸੀ ਤੇ ਨਾ ਹੀ ਗੁਰਬਾਣੀ ਤੇ ਭਗਤੀ ਵਿੱਚ ਪ੍ਰਪੱਕ ਸੀ। ਉਹ ਮੁਗਲਾਂ ਦੇ ਪ੍ਰਭਾਵ ਨਾਲ ਗੁਰਗੱਦੀ 'ਤੇ ਕਾਬਜ਼ ਹੋਣਾ ਚਾਹੁੰਦਾ ਸੀ। ਸੋ ਗੁਰੂ ਜੀ ਉਸ ਨਾਲ ਖਫ਼ਾ ਸਨ। ਹਰ ਰਾਇ ਗੁਰੂ ਜੀ ਦਾ ਆਗਿਆਕਾਰ, ਨਿਮਰ ਅਤੇ

ਹਮੇਸ਼ਾ ਗੁਰੂ ਜੀ ਦੇ ਨਾਲ ਰਹਿਣ ਵਾਲੇ ਸਨ। ਹਰ ਰਾਇ ਵਿਲੱਖਣ ਸ਼ਖਸੀਅਤ ਦੇ ਮਾਲਕ ਪ੍ਰਭੂ ਭਗਤੀ ਵਿੱਚ ਰੰਗੇ ਰਹਿਣ ਵਾਲੇ ਅਤੇ ਸੰਤ ਸੁਭਾ ਦੇ ਮਾਲਕ ਸਨ। ਗੁਰੂ ਹਰ ਗੋਬਿੰਦ ਸਾਹਿਬ ਨੇ ਹਰ ਰਾਇ ਦੀ ਅਗਲੇ ਗੁਰੂ ਲਈ ਚੋਣ ਕੀਤੀ। ਉਹਨਾਂ ਨੇ ਸਾਰੇ ਸਿੱਖਾਂ ਨੂੰ ਬੁਲਾ ਕੇ ਕੀਤਰਪੁਰ ਸਾਹਿਬ ਵਿਖੇ ਵੱਡਾ ਇਕੱਠ ਕੀਤਾ, ਪ੍ਰਾਰਥਨਾ ਕੀਤੀ, ਹਰ ਰਾਇ ਨੂੰ ਗੁਰਗੱਦੀ 'ਤੇ ਬਿਠਾਇਆ ਗਿਆ। ਬਾਬਾ ਬੁੱਢਾ ਦੇ ਸਪੁੱਤਰ ਬਾਬਾ ਭਾਨਾ ਨੇ ਉਹਨਾਂ ਦੇ ਮੱਥੇ 'ਤੇ ਤਿਲਕ ਲਾਇਆ। ਗੁਰੂ ਹਰਗੋਬਿੰਦ ਸਾਹਿਬ ਗੁਰੂ ਹਰ ਰਾਏ ਅੱਗੇ ਝੁਕੇ ਅਤੇ ਪੰਜ ਪੈਸੇ, ਨਾਰੀਅਲ ਤੇ ਫੁੱਲਾਂ ਦੀ ਵਰਖਾ ਕਰਕੇ ਉਹਨਾਂ ਨੂੰ ਸੱਤਵਾਂ ਗੁਰੂ ਐਲਾਨ ਦਿੱਤਾ।

ਗੁਰੂ ਹਰਗੋਬਿੰਦ ਸਾਹਿਬ ਨੇ ਗੁਰੂ ਤੇਗ ਬਹਾਦਰ ਨੂੰ ਬਕਾਲਾ ਨੇੜੇ ਅੰਮ੍ਰਿਤਸਰ ਜਾਣ ਦੀ ਸਲਾਹ ਦਿੱਤੀ। ਗੁਰੂ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਸਿੱਖਾਂ ਨੂੰ ਨਸੀਹਤ ਕੀਤੀ ਕਿ ਉਹਨਾਂ ਦੇ ਚਲਾਣੇ ਪਿੱਛੋਂ ਵਿਰਲਾਪ ਨਹੀਂ ਕਰਨਾ। ਪ੍ਰਭੂ ਦਾ ਨਾਮ ਲੈਣਾ ਹੈ। ਦਾਬਿਸਤਾਨ-ਏ-ਮਜਹਬ ਦੇ ਅਨੁਸਾਰ ਗੁਰੂ ਜੀ ਤਿੰਨ ਮਾਰਚ 1644 ਈ. ਵਿੱਚ ਪ੍ਰਭੂ ਜੋਤ ਵਿੱਚ ਵਿਲੀਨ ਹੋ ਗਏ।

ਭਾਵੇਂ ਗੁਰੂ ਹਰ ਗੋਬਿੰਦ ਜੀ ਦਾ ਬਹੁਤਾ ਸਮਾਂ ਮੁਗਲਾਂ ਖਿਲਾਫ ਜੰਗਾਂ ਕਰਦਿਆਂ ਗੁਜ਼ਰਿਆ ਅਤੇ ਉਹਨਾਂ ਨੇ ਕਿਸੇ ਬਾਣੀ ਦੀ ਰਚਨਾ ਨਹੀਂ ਕੀਤੀ। ਪਰ ਉਹਨਾਂ ਨੇ ਬਾਣੀ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਜਿਥੇ ਦੂਰ-ਦੂਰ ਤੱਕ ਆਪ ਗਏ ਉੱਥੇ ਮਸੰਦਾ ਤੇ ਸਿੱਖਾਂ ਨੂੰ ਵੀ ਇਸ ਕੰਮ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਸਮਾਜ ਸੁਧਾਰ ਦੇ ਵੀ ਕੰਮ ਕੀਤੇ। ਸਿੱਖ ਧਰਮ ਵਿੱਚ ਕਰਾਮਾਤਾਂ ਲਈ ਕੋਈ ਥਾਂ ਨਹੀਂ ਜੋ ਉਹਨਾਂ ਨੇ ਆਪਣੇ ਸਪੁੱਤਰ ਬਾਬਾ ਗੁਰਦਿਤਾ ਤੇ ਅਟੱਲ ਰਾਏ ਨੂੰ ਵੀ ਸਮਝਾਇਆ। ਉਹਨਾਂ ਨੇ ਸਿੱਖ ਧਰਮ ਨੂੰ ਨਵਾਂ ਸਰੂਪ ਬਖਸ਼ਿਆ। ਪ੍ਰਭੂ ਭਗਤੀ ਅਤੇ ਰਾਜਨੀਤਿਕ ਜੀਵਨ ਦੋਨੋਂ ਨਾਲ-ਨਾਲ ਚੱਲ ਸਕਦੇ ਹਨ। ਉਹਨਾਂ ਦਾ ਅਹਿੰਸਾ ਵਿੱਚ ਵਿਸ਼ਵਾਸ ਸੀ ਪਰੰਤੂ ਉਹ ਸਮਝਾਉਂਦੇ ਸਨ ਕਿ ਦੁਸ਼ਮਣ ਨੂੰ ਸਮਝਾਉਣ ਦੇ ਸਾਰੇ ਤਰੀਕੇ ਅਸਫਲ ਹੋ ਜਾਣ ਅਤੇ ਅਹਿੰਸਾ ਨੂੰ ਡਰਪੋਕਤਾ ਸਮਝਣ ਲੱਗ ਪਵੇ ਤਾਂ ਹਥਿਆਰ ਚੁੱਕਣਾ ਜ਼ਰੂਰੀ ਹੋ ਜਾਂਦਾ ਹੈ। ਤੁਸੀਂ ਸੱਚੇ ਹੋਣੇ ਚਾਹੀਦੇ ਹੋ ਤਾਂ ਪ੍ਰਮਾਤਮਾ ਵੀ ਤੁਹਾਡਾ ਸਾਥ ਦੇਵੇਗਾ। ਉਹਨਾਂ ਦੇ ਇਸ ਅਧੂਰੇ ਰਹੇ ਕੰਮ ਨੂੰ ਉਹਨਾਂ ਦੇ ਪੋਤਰੇ ਗੁਰੂ ਗੋਬਿੰਦ ਸਿੰਘ ਦਸਵੇਂ ਗੁਰੂ ਨੇ ਪੂਰਾ ਕੀਤਾ। ਜ਼ਿੰਦਗੀ ਦੇ ਆਖਰੀ ਗਿਆਰਾਂ ਸਾਲ ਉਹਨਾਂ ਨੇ ਫਕੀਰਾਂ ਦੀ ਤਰਾਂ ਗੁਜ਼ਾਰੇ ਅਤੇ ਸਿੱਖ ਧਰਮ ਦੇ ਲਈ ਸ਼ਰਧਾ ਭਾਵਨਾ ਦੇ ਨਾਲ ਲਿਵ ਲਾਈ ਰੱਖੀ। ਉਹਨਾਂ ਨੇ ਸਾਰੀ ਉਮਰ ਅਨਿਆਂ ਦੇ ਖਿਲਾਫ ਜੰਗ ਲੜੀ, ਬੁਰਾਈ ਨਾਲ ਕਦੇ ਸਮਝੌਤਾ ਨਹੀਂ ਕੀਤਾ। ਉਹਨਾਂ ਵਿੱਚ ਭਗਤੀ ਤੇ ਸ਼ਕਤੀ ਦਾ ਅਦਭੁੱਤ ਸੁਮੇਲ ਸੀ।

# ਸ੍ਰੀ ਗੁਰੂ ਹਰ ਰਾਇ ਜੀ

'ਪਹਰ ਰਾਤ ਪਿਛਲੀ ਜਬ ਰਹੇ ਜਾਗਤ ਸੁਭਾਉ ਸੁਰ ਰਹੇ।
ਕਰ ਸੋਚਾਚਾਰ ਹੋਇ ਪੰਚ ਸਨਾਨੀ ਪੁਨ ਕਰੇ ਸਨਾਨ ਗੁਰ ਕੇਵਲ
ਗਿਆਨੀ।'

('ਮਹਿਮਾ ਪ੍ਰਕਾਸ਼')

ਸਿੱਖਾਂ ਦੇ ਸੱਤਵੇਂ ਗੁਰੂ ਹਰਿ ਰਾਇ ਜੀ ਦਾ ਜਨਮ 30 ਜਨਵਰੀ 1630 ਈ. ਨੂੰ ਕੀਰਤਪੁਰ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਬਾਬਾ ਗੁਰਦਿੱਤਾ ਅਤੇ ਮਾਤਾ ਦਾ ਨਾਂ ਨਿਹਾਲ ਕੌਰ ਸੀ। ਬਾਬਾ ਗੁਰਦਿੱਤਾ ਛੇਵੇਂ ਗੁਰੂ ਹਰ ਗੋਬਿੰਦ ਸਾਹਿਬ ਦੇ ਵੱਡੇ ਸੁਪੱਤਰ ਸਨ। ਮਾਤਾ ਨਿਹਾਲ ਕੌਰ ਨੂੰ ਮਾਤਾ ਅਨੰਤੀ ਵੀ ਕਿਹਾ ਜਾਂਦਾ ਹੈ। ਬਾਬਾ ਗੁਰਦਿੱਤਾ ਦੇ ਦੋ ਸਪੁੱਤਰ ਸਨ- ਧੀਰ ਮੱਲ ਤੇ ਹਰਿ ਰਾਇ। ਗੁਰੂ ਹਰਗੋਬਿੰਦ ਸਾਹਿਬ ਦੀਆਂ ਹਦਾਇਤਾਂ 'ਤੇ ਬਾਬਾ ਗੁਰਦਿੱਤਾ ਜੀ ਨੇ 1624 ਈ. ਵਿੱਚ ਕੀਰਤਪੁਰ ਸਾਹਿਬ ਵਸਾਇਆ ਸੀ। ਗੁਰੂ ਹਰ ਰਾਇ ਇਸ ਥਾਂ 'ਤੇ ਆਪਣੇ ਦਾਦਾ ਗੁਰੂ ਹਰ ਗੋਬਿੰਦ ਜੀ ਕੋਲ ਲੰਬਾ ਸਮਾਂ ਰਹਿੰਦੇ ਰਹੇ। ਦਾਦਾ ਗੁਰੂ ਨਾਲ ਉਹਨਾਂ ਦਾ ਖਾਸ ਲਗਾਓ ਸੀ ਅਤੇ ਉਹ ਦਿਨ-ਰਾਤ ਉਹਨਾਂ ਦੀ ਸੰਗਤ ਤੇ ਸੇਵਾ ਵਿੱਚ ਬਤੀਤ ਕਰਦੇ ਸਨ। ਇਸੇ ਕਰਕੇ ਉਹ ਆਪਣੀ ਸ਼ਰਧਾ ਅਤੇ ਗੁਰੂ ਨਾਲ ਅਧਿਆਤਮਕ ਨੇੜਤਾ ਦੇ ਜ਼ਰੀਏ ਆਪਣੀ ਅੰਤਰ ਆਤਮਾ ਨੂੰ ਰੌਸ਼ਨ ਕਰ ਗਏ ਅਤੇ ਗਿਆਨ ਦੀ ਪ੍ਰਾਪਤੀ ਕੀਤੀ।

ਸਿੱਖ ਸੋਮਿਆਂ ਦੇ ਅਨੁਸਾਰ ਗੁਰੂ ਹਰ ਰਾਇ ਜੀ ਮੁੱਢਲੀ ਸਿਖਿਆ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਪਰੰਤੂ ਗੁਰੂ ਜੀ ਸਿੱਖ ਗੁਰੂਆਂ ਦੇ ਵੰਸ਼ ਨਾਲ ਸਬੰਧ ਰੱਖਦੇ ਸਨ, ਉਹ ਸਿੱਖ ਧਰਮ ਦੇ ਉਚੇ-ਸੁੱਚੇ ਅਸੂਲਾਂ ਤੋਂ ਜਾਣੂ ਸਨ। ਆਪਣੇ ਜਨਮ ਤੋਂ ਹੀ ਉਹ ਸਿੱਖ ਲਹਿਰ ਨਾਲ ਜੁੜੇ ਹੋਏ ਸਨ, ਉਹਨਾਂ ਨੇ ਤਜਰਬੇ ਰਾਹੀਂ ਸਿੱਖ ਕੇ ਆਪਣੇ ਵਿਚਾਰਾਂ ਨੂੰ ਅਕਾਰ ਦਿੱਤਾ ਹੋਵੇਗਾ। ਇਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਹਰ ਰਾਇ ਨੂੰ ਸਿੱਖਿਆ ਅਤੇ ਹਥਿਆਰ ਚਲਾਉਣ ਦੀ ਸਿਖਲਾਈ ਦਾਦਾ-ਗੁਰੂ ਹਰ ਗੋਬਿੰਦ ਸਾਹਿਬ ਨੇ ਹੀ ਦਿੱਤੀ ਹੋਵੇਗੀ। ਗੁਰੂ ਹਰਗੋਬਿੰਦ ਮਹਾਨ ਗੁਰੂ ਸਨ ਜਿਨ੍ਹਾਂ ਨੇ ਸਿੱਖ ਧਰਮ ਨੂੰ 'ਮੀਰੀ ਤੇ ਪੀਰੀ' ਦਾ ਸਿਧਾਂਤ ਦਿੱਤਾ। ਇਸ ਤਰਾਂ ਕੀਰਤਪੁਰ ਸਾਹਿਬ ਵਿਖੇ ਸਿੱਖੀ ਰਹੁ-ਰੀਤਾਂ ਤੇ ਧਾਰਮਿਕ ਗਤੀਵਿਧੀਆਂ ਨੇ ਬਾਲ

ਹਰ ਰਾਇ ਦੇ ਮਨ 'ਤੇ ਗੂੜ੍ਹੀ ਛਾਪ ਛੱਡੀ। ਉਹਨਾਂਦਾ ਸੁਭਾਅ ਸੂਖਮ, ਹਿਰਦਾ ਕੋਮਲ ਅਤੇ ਮਨ ਸੋਚਵਾਨ ਹੋ ਗਿਆ। ਉਹਨਾਂ ਦੇ ਕੋਮਲ ਸੁਭਾਅ ਅਤੇ ਸਦਗੁਣਾਂ ਦੀਆਂ ਅਨੇਕਾਂ ਉਦਾਹਰਣਾ ਹਨ। ਇੱਕ ਵਾਰ ਉਹ ਸੈਰ ਕਰ ਰਹੇ ਸਨ। ਉਹਨਾਂ ਨਾਲ ਦਾਦਾ-ਗੁਰੂ ਵੀ ਸਨ। ਲੰਬਾ ਚੋਲਾ ਪਾਇਆ ਹੋਣ ਕਰਕੇ ਬਾਲ ਹਰ ਰਾਇ ਤੋਂ ਕੁੱਝ ਫੁੱਲ ਪੱਤੀਆਂ ਟੁੱਟ ਕੇ ਬਿਖਰ ਗਈਆਂ। ਉਹਨਾਂ ਦਾ ਮਨ ਉਦਾਸ ਹੋ ਗਿਆ। ਗੁਰੂ ਹਰ ਗੋਬਿੰਦ ਨੇ ਨਸੀਹਤ ਦਿੱਤੀ ਕਿ ਲੰਬਾ ਚੋਲਾ ਪਹਿਨ ਕੇ ਉਸਨੂੰ ਸੰਭਾਲ ਕੇ ਰੱਖਣਾ ਵੀ ਜ਼ਰੂਰੀ ਹੈ। ਇਸ ਤੋਂ ਬਾਅਦ ਕਦੇ ਵੀ ਉਹਨਾਂ ਨੇ ਇਹ ਨਸੀਹਤ ਨਹੀਂ ਭੁੱਲੀ। ਬਾਲ-ਉਮਰ ਵਿੱਚ ਤੇ ਬਾਅਦ ਕਦੇ ਵੀ ਕੋਈ ਫੁੱਲ ਜਾਂ ਪੱਤਾ ਨਹੀਂ ਤੋੜਿਆ। ਪਸ਼ੂ-ਪੰਛੀਆਂ ਨਾਲ ਵੀ ਉਹ ਬਹੁਤ ਸਨੇਹ ਰੱਖਦੇ ਸਨ। ਇਕਾਂਤ ਵਿੱਚ ਦਰੱਖਤਾਂ ਦੀ ਛਾਵੇਂਤੁਰਨਾ  ਪਸੰਦ ਕਰਦੇ ਸਨ। ਘੰਟਿਆ ਬੱਧੀ ਸਮਾਧੀ ਵਿੱਚ ਰਹਿੰਦੇ ਸਨ। ਉਹ ਵੱਡੇ ਹੋ ਕੇ ਸ਼ਾਂਤੀ-ਪਸੰਦ ਅਤੇ ਕੋਮਲ ਹਿਰਦੇ ਦੇ ਮਾਲਕ ਬਣੇ ਅਤੇ ਹਮੇਸ਼ਾ ਸ਼ਾਂਤ ਜਗਾ ਦੀ ਭਾਲ ਕਰਕੇ ਭਗਤੀ ਕਰਦੇ ਰਹਿੰਦੇ ਸਨ। ਦਾਨੀ ਪ੍ਰਵਿਰਤੀ, ਸਾਹਸ ਅਤੇ ਭਗਤੀ ਭਾਵਨਾ ਉਹਨਾਂ ਨੇ ਆਪਣੇ ਪਿਤਾ ਬਾਬਾ ਗੁਰਦਿੱਤਾ ਜੀ ਤੋਂ ਪ੍ਰਾਪਤ ਕੀਤੀ। ਉਹ ਗੁਰਬਾਣੀ ਨੂੰ ਬੇਹੱਦ ਸਤਿਕਾਰ ਦਿੰਦੇ ਅਤੇ ਧਾਰਮਿਕ ਕੰਮਾਂ ਵਿੱਚ ਲੀਨ ਰਹਿੰਦੇ।

ਧਾਰਮਿਕ ਖੇਤਰ ਦੇ ਨਾਲ ਹੀ ਉਹਨਾਂ ਨੇ ਸ਼ਿਕਾਰ ਖੇਡਣ, ਹਥਿਆਰ ਚਲਾਉਣ ਵਿੱਚ ਵੀ ਦਾਦਾ-ਪਿਤਾ ਗੁਰੂ ਹਰਗੋਬਿੰਦ ਸਾਹਿਬ ਤੋਂ ਸਿੱਖਿਆ ਲਈ ਹੋਵੇਗੀ। ਕਿਉਂਕਿ ਇਤਿਹਾਸਕਾਰਾਂ ਅਨੁਸਾਰ ਗੁਰੂ ਹਰ ਰਾਇ ਕੋਲ 2200 ਘੋੜ ਸਵਾਰਾਂ ਦੀ ਫੌਜ ਸੀ ਗੁਰੂ ਹਰ ਰਾਇ ਜੀ ਯੁੱਧ ਨੀਤੀ ਦੇ ਹਾਮੀ ਨਹੀਂ ਸਨ ਅਤੇ ਨਾ ਹੀ ਉਹਨਾਂ ਨੇ ਕੋਈ ਯੁੱਧ ਕੀਤਾ। ਫਿਰ ਵੀ ਦਾਦਾ-ਗੁਰੂ ਦੀ ਆਗਿਆ ਅਨੁਸਾਰ ਉਹਨਾਂ ਕੋਲ ਫੌਜ ਰੱਖੀ ਹੋਈ ਸੀ। ਗੁਰੂ ਹਰ ਗੋਬਿੰਦ ਸਾਹਿਬ ਨੂੰ ਯੁੱਧ ਲੜਨੇ ਪਏ ਸਨ ਅਤੇ ਬਾਅਦ ਵਿੱਚ ਵੀ ਮੁਗਲ ਬਾਦਸ਼ਾਹ ਗੁਰੂ ਹਰ ਰਾਇ ਜੀ ਦਾ ਨੁਕਸਾਨ ਕਰ ਸਕਦੇ ਸਨ। ਇਸ ਲਈ ਹੀ ਗੁਰੂ ਜੀ ਨੇ ਉਹਨਾਂ ਨੂੰ ਫੌਜ ਰੱਖਣ ਦੀ ਨਸੀਹਤ ਦਿੱਤੀ ਸੀ। ਪਿਛਲੇ ਪਹਿਰ ਗੁਰੂ ਹਰ ਰਾਇ ਜੀ ਸ਼ਸ਼ਤਰ ਬੱਧ ਹੋ ਕੇ ਅਤੇ ਘੋੜੇ 'ਤੇ ਸਵਾਰ ਹੋ ਕੇ ਸ਼ਿਕਾਰ 'ਤੇ ਜਾਂਦੇ ਸਨ। ਸ਼ਾਂਤੀ ਪਸੰਦ ਹੋਣ ਦੇ ਬਾਵਜੂਦ ਉਹਨਾਂ ਨੂੰ ਆਪਣੇ ਰਿਸ਼ਤੇਦਾਰਾਂ (ਧੀਰ ਮੱਲ, ਰਾਮ ਰਾਇ) ਪਹਾੜੀ ਰਾਜਿਆਂ ਤੇ ਮੁਗਲ ਸਮਰਾਟਾਂ ਦਾ ਵਿਰੋਧ ਵੀ ਝੱਲਣਾ ਪਿਆ।

ਗੁਰਪ੍ਰਣਾਲੀਆਂ ਵਿੱਚ ਸਿੱਖ ਧਰਮ ਦੇ ਸੱਤਵੇਂ ਗੁਰੂ ਜੀ ਦੇ ਵਿਆਹ ਬਾਰੇ ਅਜੀਬ ਅਤੇ ਆਪਾ ਵਿਰੋਧੀ ਬਿਰਤਾਂਤ ਸਾਹਮਣੇ ਆਉਂਦੇ ਹਨ। ਕਿਹਾ ਜਾਂਦਾ ਹੈ ਕਿ ਉਹਨਾਂ ਦੀਆਂ ਅੱਠ ਸ਼ਾਦੀਆਂ ਹੋਈਆਂ। ਇਹਨਾਂ ਅੱਠਾਂ ਵਿੱਚੋਂ ਸੱਤਾਂ ਨੂੰ ਭੈਣਾਂ ਕਿਹਾ ਗਿਆ ਹੈ। ਸ਼ਾਦੀ ਵੇਲੇ ਗੁਰੂ ਜੀ ਦੀ ਉਮਰ ਸਿਰਫ 10 ਸਾਲ ਦੀ ਸੀ।

ਸ਼ਾਦੀਆਂ ਇਕੋ ਸਮੇਂ ਹੋਈਆਂ ਦੱਸੀਆਂ ਜਾਂਦੀਆਂ ਹਨ। ਪ੍ਰੰਤੂ ਇਹ ਵਿਚਾਰ ਮੰਨਣਯੋਗ ਨਹੀਂ ਹੈ ਕਿਉਂਕਿ ਜੇ ਵੱਡੀ ਭੈਣ ਦੀ ਉਮਰ ਗੁਰੂ ਜੀ ਜਿੰਨੀ 10 ਸਾਲ ਦੀ ਸੀ ਤਾਂ ਸਭ ਤੋਂ ਛੋਟੀ ਭੈਣ ਦੀ ਉਮਰ ਬਿਲਕੁਲ ਇਕ-ਦੋ ਸਾਲ ਹੋਵੇਗੀ। ਇਸ ਲਈ ਅਜੋਕੇ ਇਤਿਹਾਸਕਾਰਾਂ ਨੇ ਇਸ ਗੱਲ ਨੂੰ ਰੱਦ ਕਰ ਦਿੱਤਾ ਹੈ। 'ਤਵਾਰੀਖ-ਏ-ਗੁਰੂ-ਖਾਲਸਾ' ਦੇ ਲੇਖਕ ਸਰੂਪ ਦਾਸ ਭੱਲਾ ਦਾ ਬਿਰਤਾਂਤ ਮੰਨਣਯੋਗ ਹੈ ਕਿ ਗੁਰੂ ਹਰ ਰਾਇ ਜੀ ਦੀ ਇੱਕ ਹੀ ਸ਼ਾਦੀ ਹੋਈ ਸੀ। ਉਹਨਾਂ ਦੀ ਸ਼ਾਦੀ ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਜ਼ਿਲੇ ਦੇ ਅਨੂਪ ਸ਼ਹਿਰ ਵਾਸੀ ਦਯਾ ਰਾਮ ਸਿਲ ਦੀ ਸਪੁੱਤਰੀ ਕਿਸ਼ਨ ਕੌਰ ਨਾਲ 1640 ਈ. ਵਿੱਚ ਹੋਈ ਸੀ। ਕਿਸ਼ਨ ਕੌਰ ਨੂੰ ਮਾਤਾ ਸੁਲੱਖਣੀ ਵੀ ਕਿਹਾ ਜਾਂਦਾ ਹੈ। ਮਾਤਾ ਸੁਲੱਖਣੀ ਦੇ ਦੋ ਪੁੱਤਰ ਰਾਮ ਰਾਇ ਅਤੇ ਹਰਕ੍ਰਿਸ਼ਨ ਸਨ ਅਤੇ ਇੱਕ ਪੁੱਤਰੀ ਸਰੂਪ ਕੌਰ ਸੀ। ਮਾਤਾ ਸੁਲੱਖਣੀ ਸ਼ਰਧਾ ਭਾਵਨਾ ਦੀ ਮੂਰਤ ਸਨ ਅਤੇ ਆਪਣੇ ਫਰਜ਼ਾਂ ਪ੍ਰਤੀ ਪੂਰੀ ਤਰਾਂ ਸੁਚੇਤ ਸਨ। ਉਹਨਾਂ ਦਾ ਸੁਭਾਅ ਨਰਮ ਸੀ ਅਤੇ ਆਪਣੇ ਬੱਚਿਆਂ ਦਾ ਬਹੁਤ ਖਿਆਲ ਰੱਖਦੇ ਸਨ। ਉਹ ਗੁਰੂ ਪਤਨੀ ਹੋਣ ਦੇ ਨਾਲ-ਨਾਲ ਆਪਣੀਆਂ ਜ਼ਿੰਮੇਵਾਰੀਆਂ ਧਾਰਮਿਕ ਤੇ ਅਧਿਆਤਮਕ ਪ੍ਰਤੀ ਜਾਗਰੁਕ ਸਨ ਕਿ ਕਿਸ ਤਰਾਂ ਅੰਤਰ ਆਤਮਾ ਨੂੰ ਰੌਸ਼ਨੀ ਮਿਲਦੀ ਹੈ ਅਤੇ ਧਰਮ ਦੀ ਪਾਲਣਾ ਹੁੰਦੀ ਹੈ। ਉਹ ਸਬਰ, ਸੰਤੋਖ, ਤਿਆਗ, ਨਿਮਰਤਾ ਅਤੇ ਹੌਂਸਲੇ ਨਾਲ ਸਾਰੇ ਕੰਮਾਂ ਵਿੱਚ ਦਿਲਚਸਪੀ ਲੈਂਦੇ ਸਨ। ਤ੍ਰਿਲੋਚਨ ਸਿੰਘ 'ਲਾਈਫ ਆਫ ਗੁਰੂ ਹਰਕ੍ਰਿਸ਼ਨ' ਵਿੱਚ ਲਿਖਦੇ ਹਨ, 'ਛੋਟੇ ਵੱਡੇ ਸਾਰੇ ਉਹਨਾਂ ਨੂੰ ਮਾਤਾ ਜੀ ਕਹਿ ਕੇ ਸੰਬੋਧਨ ਕਰਦੇ ਸਨ ਕਿਉਂਕਿ ਉਹ ਮਮਤਾ ਦੀ ਮੂਰਤ ਸਨ ਜਿਸਨੂੰ ਸੰਸਾਰ ਦੇ ਅਧਿਆਤਮਕ ਰਿਵਾਜ ਅਨੁਸਾਰ ਪਵਿੱਤਰਤਾ, ਪਿਆਰ ਅਤੇ ਸ਼ਾਨ ਕਿਹਾ ਜਾਂਦਾ ਹੈ।

ਗੁਰੂ ਹਰ ਰਾਇ ਆਪਣੇ ਪਿਤਾ ਬਾਬਾ ਗੁਰਦਿੱਤਾ ਅਤੇ ਦਾਦਾ ਗੁਰੂ ਹਰ ਗੋਬਿੰਦ ਸਾਹਿਬ ਦੇ ਅਕਾਲ ਚਲਾਣੇ ਤੱਕ ਕੀਰਤਪੁਰ ਹੀ ਰਹੇ। ਗੁਰੂ ਹਰਗੋਬਿੰਦ ਜੀ ਨੇ ਵੀ ਆਪਣਾ ਅੰਤਿਮ ਸਮਾਂ ਕੀਰਤਪੁਰ ਸਾਹਿਬ ਵਿੱਖੇ ਹੀ ਗੁਜ਼ਾਰਿਆ ਸੀ। ਗੁਰੂ ਹਰ ਰਾਇ ਹਮੇਸ਼ਾ ਦਾਦਾ -ਗੁਰੂ ਦੇ ਅੰਗ ਸੰਗ ਰਹੇ ਅਤੇ ਸਾਰੀ ਸਿੱਖਿਆ ਦੀਖਿਆ ਅਤੇ ਗੁਣਵੱਤਾ ਉਹਨਾਂ ਕੋਲੋਂ ਹੀ ਹਾਸਲ ਕੀਤੀ। ਹਰ ਰਾਇ ਦਾ ਵੱਡਾ ਭਰਾ ਧੀਰ ਮੱਲ ਗੁਰੂ-ਦਾਦਾ ਦਾ ਆਗਿਆਕਾਰੀ ਨਹੀਂ ਸੀ। ਉਹ ਮਨਮਾਨੀ ਕਰਦਾ ਸੀ ਤੇ ਉਹ ਧਾਰਮਿਕ ਕੰਮਾਂ ਵਿੱਚ ਰੁਚੀ ਨਹੀਂ ਲੈਂਦਾ ਸੀ। ਉਹ ਹੰਕਾਰੀ ਤੇ ਅੜਬ ਸੁਭਾਅ ਦਾ ਸੀ। 1638 ਈ. ਵਿੱਚ ਗੁਰ ਹਰ ਰਾਇ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਦੀ ਮੌਤ ਹੋ ਗਈ। ਗੁਰੂ ਹਰ ਗੋਬਿੰਦ ਸਾਹਿਬ ਨੇ ਧੀਰਮੱਲ ਨੂੰ ਸੁਨੇਹਾ ਭੇਜਿਆ ਕਿ ਉਹ ਕੀਰਤਪੁਰ ਆ ਜਾਵੇ ਅਤੇ ਆਪਣੇ ਨਾਲ ਆਦਿ ਗ੍ਰੰਥ ਦੀ ਇੱਕ ਬੀੜ ਲੈ ਕੇ ਆਵੇ ਜੋ ਉਹ ਆਪਣੇ ਕੋਲ ਰੱਖੀ ਬੈਠਾ ਸੀ। ਬਾਬਾ ਗੁਰਦਿੱਤਾ ਦੇ ਅੰਤਿਮ ਮੌਕੇ

ਗੁਰੂ ਗਰੰਥ ਸਾਹਿਬ ਵਿੱਚੋਂ ਪਾਠ ਕਰਨਾ ਸੀ। ਧੀਰ ਮੱਲ ਉਸ ਸਮੇਂ ਕਰਤਾਰਪੁਰ ਵਿਖੇ ਸੀ। ਧੀਰ ਮੱਲ ਵੱਡਾ ਪੁੱਤਰ ਹੋਣ ਦੇ ਨਾਤੇ ਪਗੜੀ ਦੀ ਰਸਮ ਦਾ ਹੱਕਦਾਰ ਸੀ। ਪਰ ਧੀਰਮੱਲ ਨਾ ਆਪ ਆਇਆ ਅਤੇ ਨਾ ਹੀ ਬੀੜ ਭੇਜੀ। ਉਸਨੂੰ ਪਤਾ ਸੀ ਕਿ ਸਿੱਖ ਭਾਈਚਾਰੇ ਵਿੱਚ ਉਸਨੂੰ ਸਨਮਾਨਜਨਕ ਆਦਮੀ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਉਸਨੇ ਸੋਚਿਆ ਕਿ ਇਸ ਤਰਾਂ ਉਸ ਕੋਲੋਂ ਆਦਿ ਗ੍ਰੰਥ ਦੀ ਬੀੜ ਖੁੱਸ ਜਾਵੇਗੀ, ਜਿਸਦੇ ਅਧਾਰ 'ਤੇ ਉਹ ਗੁਰਗੱਦੀ ਦਾ ਆਪਣੇ ਆਪ ਨੂੰ ਦਾਅਵੇਦਾਰ ਸਮਝਦਾ ਸੀ। ਉਸ ਦੀ ਇਸ ਅਵੱਗਿਆ ਤੋਂ ਗੁਰੂ ਹਰ ਗੋਬਿੰਦ ਗੁੱਸੇ ਵਿੱਚ ਆ ਗਏ। ਉਹਨਾਂ ਨੇ ਮਨ ਵਿੱਚ ਧਾਰ ਲਿਆ ਕਿ ਐਸੇ ਹੰਕਾਰੀ ਵਿਅਕਤੀ ਨੂੰ ਗੱਦੀ ਨਹੀਂ ਸੌਂਪੀ ਜਾਵੇਗੀ। ਗੁਰੂ ਜੀ ਹਰ ਰਾਇ ਦੇ ਨਿੱਘੇ ਅਤੇ ਆਗਿਆਕਾਰੀ ਬਿਰਤੀ ਦੇ ਕਾਇਲ ਸਨ। ਉਹਨਾਂ ਨੇ ਧੀਰਮੱਲ ਨੂੰ ਵੱਡਾ ਹੋਣ ਦੇ ਬਾਵਜੂਦ ਗੁਰਗੱਦੀ ਦਾ ਵਾਰਸ ਨਹੀਂ ਸਮਝਿਆ ਅਤੇ ਹਰ ਰਾਇ ਨੂੰ ਤਰਜੀਹ ਦਿੱਤੀ ਅਤੇ ਸਮਾਂ ਆਉਣ 'ਤੇ ਆਪਣੀ ਸੋਚ ਨੂੰ ਸਾਕਾਰ ਕਰ ਦਿੱਤਾ।

ਗੁਰਗੱਦੀ ਦਾ ਵਾਰਸ ਚੁਣਨ ਵੇਲੇ ਗੁਰੂ ਹਰਗੋਬਿੰਦ ਜੀ ਦੇ ਤਿੰਨ ਪੁੱਤਰ ਜੀਉਂਦੇ ਸਨ। ਉਹਨਾਂ ਦੇ ਪੰਜ ਪੁੱਤਰ ਸਨ। ਬਾਬਾ ਗੁਰਦਿੱਤਾ, ਬਾਬਾ ਅਨੀ ਰਾਏ, ਬਾਬਾ ਸੂਰਜ ਮੱਲ, ਬਾਬਾ ਅਟੱਲ ਰਾਏ ਅਤੇ ਤੇਗ ਬਹਾਦਰ। ਉਹਨਾਂ ਦੇ ਇੱਕ ਪੁੱਤਰੀ ਬੀਬੀ ਵੀਰੋ ਵੀ ਸੀ। ਬਾਬਾ ਗੁਰਦਿੱਤਾ ਤੇ ਬਾਬਾ ਅਟੱਲ ਰਾਏ ਦੀ ਗੁਰੂ ਪਿਤਾ ਤੋਂ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਬਾਕੀ ਤਿੰਨਾਂ ਵਿੱਚੋਂ ਅਲੀ ਰਾਏ ਤੇ ਸੂਰਜ ਮੱਲ ਬਹੁਤ ਹੀ ਸੰਸਾਰੀ ਝਮੇਲਿਆ ਵਿੱਚ ਫਸੇ ਹੋਏ ਸਨ, ਤੇਗ ਬਹਾਦਰ ਤਪੱਸਿਆ ਵਿੱਚ ਲੀਨ ਸਨ। ਇਸ ਲਈ ਇਨਾਂ ਤਿੰਨਾਂ ਵਿੱਚੋਂ ਕਿਸੇ ਨੂੰ ਵੀ ਗੁਰਗੱਦੀ ਦੇ ਯੋਗ ਨਹੀਂ ਸਮਝਿਆ ਜਾਂਦਾ ਸੀ। ਗੁਰੂ ਹਰ ਗੋਬਿੰਦ ਸਾਹਿਬ ਨੇ ਇਸ ਜ਼ਿੰਮੇਵਾਰੀ ਲਈ ਹਰ ਰਾਇ ਨੂੰ ਯੋਗ ਸਮਝਿਆ। ਗੁਰੂ ਜੀ ਦੇ ਹਰ ਰਾਇ ਪੋਤਰੇ ਸਨ ਅਤੇ ਬਾਬਾ ਗੁਰਦਿੱਤਾ ਦੇ ਛੋਟੇ ਸਪੁੱਤਰ ਸਨ। ਵੱਡਾ ਧੀਰਮੱਲ ਪਹਿਲਾਂ ਹੀ ਅਯੋਗ ਐਲਾਨ ਦਿੱਤਾ ਗਿਆ ਸੀ। ਦਾਦਾ-ਗੁਰੂ ਹਰ ਰਾਇ ਦੀ ਪਵਿੱਤਰਤਾ, ਸੱਚਾਈ, ਸੱਚੀ ਸ਼ਰਧਾ ਅਤੇ ਸੇਵਾ ਭਾਵਨਾ ਤੋਂ ਬਹੁਤ ਖੁਸ਼ ਸਨ। ਇਤਿਹਾਸਕਾਰ ਮੈਕਾਲਿਫ 'ਦਾ ਸਿੱਖ ਰਿਲੀਜ਼ਨ' ਵਿੱਚ ਹਰ ਰਾਇ ਦੀ ਗੁਰਗੱਦੀ ਦੀ ਰਸਮ ਦਾ ਵਰਨਣ ਕਰਦੇ ਹੋਏ ਲਿਖਦਾ ਹੈ-

'ਗੁਰੂ ਜੀ ਨੇ ਆਪਣਾ ਉਤਰਾਧਿਕਾਰੀ ਚੁਨਣ ਲਈ ਇੱਕ ਦਿਨ ਚੁਣ ਕੇ ਵੱਡਾ ਇਕੱਠ ਕੀਤਾ। ਉਸ ਦਿਨ ਉਸ ਇਕੱਠ ਵਿੱਚ ਗੁਰੂ ਹਰਗੋਬਿੰਦ ਸਾਹਿਬ ਨੇ ਖੜੇ ਹੋ ਕੇ ਹੱਥ ਜੋੜ ਕੇ ਪ੍ਰਾਰਥਨਾ ਕੀਤੀ ਕਿ ਸੱਚੇ ਪ੍ਰਮਾਤਮਾ ਉਹਨਾਂ ਨੂੰ ਉਸ ਦਿਨ ਦੇ ਕੰਮ ਵਿੱਚ ਸਫਲਤਾ ਬਖਸ਼ਣ। ਫਿਰ ਹਰ ਰਾਇ ਨੂੰ ਉਹਨਾਂ ਨੇ ਗੁਰੂ ਨਾਨਕ ਦੀ ਗੱਦੀ 'ਤੇ ਬਿਠਾਲ ਦਿੱਤਾ। ਭਾਈ ਬੁੱਢਾ ਦੇ ਪੁੱਤਰ ਭਾਈ ਭਾਨਾ ਨੇ ਹਰ ਰਾਇ

ਦੇ ਮੱਥੇ 'ਤੇ ਤਿਲਕ ਲਾਇਆ ਅਤੇ ਗਲ਼ ਵਿੱਚ ਫੁੱਲਾਂ ਦਾ ਹਾਰ ਪਾਇਆ। ਗੁਰੂ ਜੀ ਨੇ ਇੱਕ ਥਾਲੀ ਵਿੱਚ ਪੰਜ ਪੈਸੇ ਤੇ ਇੱਕ ਨਾਰੀਅਲ ਰੱਖ ਕੇ ਹਰ ਰਾਇ ਨੂੰ ਦਿੱਤੀ। ਉਹਨਾਂ ਨੇ ਉਸਦੀ ਪ੍ਰਕਰਮਾ ਕੀਤੀ, ਉਸ ਅੱਗੇ ਝੁਕ ਕੇ ਇਹ ਨਸੀਹਤ ਦਿੱਤੀ - 'ਇਕ ਪਹਿਰ ਰਹਿੰਦੇ ਜਾਗਣਾ, ਉੱਠਣਾ, ਨਹਾਉਣਾ ਅਤੇ ਜਪੁ ਜੀ ਸਾਹਿਬ ਦਾ ਪਾਠ ਕਰਨਾ। ਨਿਮਰਤਾਪੂਰਵਕ ਰਹਿਣਾ, ਮਾਣ ਨਹੀਂ ਕਰਨਾ, ਆਪ ਪ੍ਰਮਾਤਮਾ ਦਾ ਨਾਮ ਜਪਣਾ ਅਤੇ ਦੂਸਰਿਆਂ ਨੂੰ ਵੀ ਜਪਣ ਲਈ ਕਹਿਣਾ। ਸਵੇਰੇ ਸ਼ਾਮ ਦੋ ਵਾਰ ਪਵਿੱਤਰ ਆਦਮੀਆਂ ਦੀ ਸੰਗਤ ਕਰਨੀ।

ਗੁਰੂ ਜੀ ਨੇ ਇਸ ਮੌਕੇ ਇਕੱਤਰ ਹੋਏ ਸਿੱਖਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ, 'ਹਰ ਰਾਇ ਦੇ ਵਿੱਚ ਹੁਣ ਮੇਰੀ ਜੋਤੀ ਹੈ, ਇਸਨੂੰ ਪਹਿਚਾਣੋ। ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਜੋਤ ਹੁਣ ਹਰ ਰਾਇ ਵਿੱਚ ਚਲੀ ਗਈ ਹੈ। 'ਗੁਰਪ੍ਰਤਾਪ' ਸੂਰਜ ਗ੍ਰੰਥਾਂ ਦੇ ਰਚੇਤਾ ਸੰਤੋਖ ਸਿੰਘ ਲਿਖਦੇ ਹਨ, 'ਗੁਰੂ ਹਰ ਗੋਬਿੰਦ ਸਾਹਿਬ ਨੇ ਗੁਰੂ ਹਰ ਰਾਇ ਨੂੰ ਮੁਗਲਾਂ ਅਤੇ ਗੁਆਂਢੀ ਰਾਜਿਆਂ ਨਾਲ ਸਬੰਧਤ ਨੀਤੀ ਵੀ ਸਮਝਾਈ। ਉਹਨਾਂ ਨੇ ਨਸੀਹਤ ਦਿੱਤੀ-

'ਸ਼ਾਂਤੀ ਨਾਲ ਰਹੋ ਅਤੇ ਪ੍ਰਭੂ ਦਾ ਅਸ਼ੀਰਵਾਦ ਲਉ। ਨਜ਼ਦੀਕੀ ਹਿੰਦੂ ਰਾਜਿਆਂ ਨਾਲ ਦੁਸ਼ਮਣੀ ਨਹੀਂ ਕਰਨੀ ਯੁੱਧ ਤੋਂ ਬਚ ਕੇ ਰਹਿਣਾ। ਆਪਣੇ ਰਾਜਨੀਤਿਕ ਦੁਸ਼ਮਣਾ ਨਾਲ ਵੀ ਸ਼ਾਂਤੀ ਸਬੰਧ ਬਣਾਉਣ ਦੀ ਹਰ ਸੰਭਵਕੋਸ਼ਿਸ਼ ਕਰਨਾ। ਸਿੱਖਾਂ ਨੂੰ ਆਪਣੀ ਸਵੈ-ਰੱਖਿਆ ਲਈ ਤਿਆਰ ਬਰ ਤਿਆਰ ਰੱਖਣਾ। ਕੀਰਤਪੁਰ ਵਿਖੇ ਇਸ ਉਦੇਸ਼ ਲਈ 2200 ਸਿੱਖਿਅਤ ਘੋੜ ਸਵਾਰਾਂ ਦੀ ਸਿੱਖ ਫੌਜ ਕਾਇਮ ਰੱਖਣਾ।

ਗੁਰੂ ਹਰ ਰਾਇ ਨੇ ਦਾਦਾ-ਗੁਰੂ ਦੀ ਇਸ ਨਸੀਹਤ ਨੂੰ ਪ੍ਰਵਾਨ ਕੀਤਾ। ਉਹਨਾਂ ਦੇ ਮਨ ਉੱਤੇ ਗੁਰੂ ਜੀ ਦਾ ਅਸ਼ੀਰਵਾਦ ਅਤੇ ਸਿੱਖ ਸ਼ਰਧਾਲੂਆਂ ਪ੍ਰਤੀ ਫਰਜ਼ ਨਿਭਾਉਣ ਲਈ ਪੂਰਾ ਵਿਸ਼ਵਾਸ ਸੀ। ਉਹਨਾਂ ਨੇ ਨਿਮਰਤਾ ਸਹਿਤ ਪੁੱਛਿਆ ਕਿ ਜੇਕਰ ਮੁਗਲ ਉਹਨਾਂ 'ਤੇ ਹਮਲਾ ਕਰਦੇ ਹਨ, ਸ਼ਾਂਤੀ ਦੀ ਗੱਲ ਨਹੀਂ ਸੁਣਦੇ, ਤਾਂ ਉਸ ਹਾਲਾਤ ਵਿੱਚਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ? ਗੁਰੂ ਹਰ ਗੋਬਿੰਦ ਸਾਹਿਬ ਨੇ ਗੁਰੂ ਹਰ ਰਾਇ ਨੂੰ ਸੁਝਾਅ ਦਿੱਤਾ ਕਿ ਅਜਿਹੇ ਸਮੇਂ ਜਦੋਂ ਆਪਣੇ ਧਰਮ ਤੇ ਰਾਜਨੀਤਿਕ ਆਜ਼ਾਦੀ ਨੂੰ ਖਤਰਾ ਹੋਵੇ ਤਾਂ ਯੁੱਧ ਕਰਨ ਤੋਂ ਨਹੀ ਝਿਜਕਣਾ। ਸ਼ਾਹੀ ਫੌਜਾਂ ਦੀ ਵੱਡੀ ਗਿਣਤੀ ਤੇ ਹਥਿਆਰਾਂ ਤੋਂ ਨਹੀਂ ਡਰਨਾ ਕਿਉਂਕਿ ਗੁਰੂ ਨਾਨਕ ਤੁਹਾਡੀ ਰੱਖਿਆ ਕਰਨਗੇ।'

'ਮਹਿਮਾ ਪ੍ਰਕਾਸ਼' ਦੇ ਲੇਖਕ ਸਰੂਪ ਦਾਸ ਭੱਲਾ ਅਨੁਸਾਰ ਇਸ ਤਰਾਂ 3 ਮਾਰਚ 1633 ਈ. ਗੁਰੂ ਹਰ ਗੋਬਿੰਦ ਸਾਹਿਬ ਨੇ ਹਰ ਰਾਇ ਨੂੰ ਸੱਤਵਾਂ ਗੁਰੂ ਸਥਾਪਿਤ ਕਰ ਦਿੱਤਾ। ਇਸ ਸਮੇਂ ਗੁਰੂ ਹਰ ਰਾਇ ਦੀ ਉਮਰ 14 ਸਾਲ ਦੀ ਸੀ।

ਇਸਤੋਂ ਸੱਤ ਦਿਨ ਬਾਅਦ 10 ਮਾਰਚ 1644 ਈ. ਨੂੰ ਗੁਰੂ ਹਰ ਗੋਬਿੰਦ ਸਾਹਿਬ ਜੋਤੀ ਜੋਤ ਸਮਾ ਗਏ। ਸੰਗਤਾਂ ਨੂੰ ਪ੍ਰਮਾਤਮਾ ਦਾ ਹੁਕਮ ਮੰਨਣ ਲਈ ਪ੍ਰੇਰਿਤ ਕੀਤਾ ਗਿਆ।

ਗੁਰਗੱਦੀ ਸੰਭਾਲਣ ਤੋਂ ਬਾਅਦ ਗੁਰੂ ਹਰ ਰਾਇ ਦਾ ਕੰਮ ਸੁਖਾਲਾ ਨਹੀਂ ਸੀ। ਇਹ ਬੇਹੱਦ ਮੁਸ਼ਕਲਾਂ ਭਰਿਆ ਸਮਾਂ ਸੀ। ਸਭ ਤੋਂ ਪਹਿਲੀ ਗੱਲ ਪੁਰਾਣੇ ਮਸੰਦਾਂ ਵਿੱਚੋਂ ਬਹੁਤ ਸਾਰੇ ਬੇਈਮਾਨ ਤੇ ਭ੍ਰਿਸ਼ਟ ਹੋ ਗਏ ਸਨ। ਉਹ ਵਿਸ਼ਵਾਸਯੋਗ ਵੀ ਨਹੀਂ ਸਨ ਅਤੇ ਪ੍ਰਚਾਰ ਦਾ ਕੰਮ ਵੀ ਵਧੀਆ ਢੰਗ ਨਾਲ ਨਹੀਂ ਕਰਦੇ ਸਨ। ਦੂਜੀ ਗੱਲ ਜਹਾਂਗੀਰ ਅਤੇ ਸ਼ਾਹ ਜਹਾਨ ਦਾ ਸਮਾਂ ਘੱਟ ਕੱਟੜਵਾਦ ਦਾ ਸੀ ਅਤੇ ਹੁਣ ਔਰੰਗਜੇਬ ਦਾ ਰਾਜ ਸੀ। ਗੋਕੁਲਚੰਦ ਨਾਰੰਗ 'ਟਰਾਂਸਫਾਰਮੇਸ਼ਨ ਆਫ ਸਿਖਇਜ਼ਮ' ਵਿੱਚ ਲਿਖਦੇ ਹਨ ਕਿ ਔਰੰਗਜੇਬ ਦੇ ਸਮੇਂ ਮੁਗਲ ਰਾਜ ਨੇ ਸਰਵਉੱਚ ਸ਼ਕਤੀ ਪ੍ਰਾਪਤ ਕੀਤੀ। ਇਹ ਸਰਕਾਰ ਹੁਣ ਸਿੱਖਾਂ ਦੀ ਦੁਸ਼ਮਣ ਬਣ ਚੁੱਕੀ ਸੀ। ਤੀਜੀ ਗੱਲ ਸਿੱਖਾਂ ਦਾ ਅੰਮ੍ਰਿਤਸਰ ,ਗੋਇੰਦਵਾਲ, ਖਡੂਰ ਸਾਹਿਬ ਤੇ ਕਰਤਾਰਪੁਰ ਤੋਂ ਦੂਰ ਰਹਿਣਾ ਕਈ ਤਰਾਂ ਦੇ ਭਰਮ ਖੜੇ ਕਰ ਰਿਹਾ ਸੀ। ਸਿੱਖ ਧਰਮ ਨੂੰ ਅਗਾਂਹ ਵਧਣ ਤੋਂ ਰੋਕ ਰਿਹਾ ਸੀ। ਚੌਥੀ ਗੱਲ ਵੱਖਵਾਦੀ ਗਰੁੱਪ ਮੀਣੇ ਤੇ ਧੀਰਮੱਲੀਏ ਵੀ ਗੁਰੂ ਸਾਹਿਬ ਅੱਗੇ ਅੜਿੱਕਾ ਬਣੇ ਹੋਏ ਸਨ। ਮੀਣੇ ਚੌਥੇ ਗੁਰੂ ਰਾਮਦਾਸ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਦੇ ਵੰਸ਼ ਵਿੱਚੋਂ ਸਨ। ਜਦੋਂ ਕਿ ਧੀਰਮੱਲੀਏ ਛੇਵੇਂ ਗੁਰੂ ਹਰ ਗੋਬਿੰਦ ਸਾਹਿਬ ਦੇ ਪੁੱਤਰ ਗੁਰਦਿੱਤਾ ਦੇ ਵੱਡੇ ਪੁੱਤਰ ਧੀਰ ਮੱਲ ਦੇ ਵੰਸ਼ਜ਼ ਸਨ। ਪ੍ਰਿਥੀ ਚੰਦ ਅਤੇ ਧੀਰ ਮੱਲ ਦੋਵੇਂ ਗੁਰਗੱਦੀ ਨਾ ਮਿਲਣ ਕਾਰਨ ਨਿਰਾਸ਼ ਸਨ ਅਤੇ ਆਪਣੀਆਂ ਅਲੱਗ ਗੱਦੀਆਂ 'ਤੇ ਬੈਠੇ ਸਨ। ਹਰਿਮੰਦਰ ਸਾਹਿਬ 'ਤੇ ਮੀਣਿਆ ਦਾ ਕਬਜ਼ਾ ਸੀ ਅਤੇ ਕੁੱਝ ਮਸੰਦ ਵੀ ਉਹਨਾਂ ਨਾਲ ਰਲੇ ਹੋਏ ਸਨ। ਇਸ ਤਰਾਂ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ 'ਤੇ ਰੋਕ ਲੱਗ ਗਈ ਸੀ।

ਇਹੋ ਜਿਹੀਆਂ ਪਰਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰੂ ਨਾਨਕ ਦੇਵ ਦੁਆਰਾ ਚਲਾਈਆਂ ਸੰਸਥਾਵਾਂ ਤੇ ਰਹੁ-ਰੀਤਾਂ ਅਤੇ ਉਹਨਾਂ ਦੇ ਉਤਰਧਿਕਾਰੀ ਗੁਰੂਆਂ ਵੱਲੋਂ ਵਿਕਸਿਤ ਕੀਤੀਆਂ ਇਹ ਸਿੱਖੀ ਰਸਮਾਂ ਨੂੰ ਗੁਰੂ ਹਰ ਰਾਇ ਨੇ ਤਰਕ ਸੰਗਤ ਢੰਗ ਨਾਲ ਵਿਕਸਿਤ ਕੀਤਾ ਜਿਸ ਨਾਲ ਸਿੱਖ ਸੰਗਤ ਅਧਿਆਤਮਕ ਅਤੇ ਹਥਿਆਰਬੰਦ ਤੌਰ 'ਤੇ ਇਕੋ ਸਮੇਂ ਮੌਜੂਦ ਹੋਵੇ। ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ਹੀ ਇਹਨਾਂ ਸੰਸਥਾਵਾਂ ਨੂੰ ਸੰਸਥਾਗਤ ਢਾਂਚੇ ਵਿੱਚ ਢਾਲਣ ਦਾ ਮਹੱਤਵਪੂਰਨ ਕੰਮ ਕਰ ਦਿੱਤਾ ਸੀ। ਉਹਨਾਂ ਨੇ ਗੁਰੂ ਗਰੰਥ ਸਾਹਿਬ, ਗੁਰਦਵਾਰਾ ਅਤੇ ਇਹਨਾਂ ਦੀਆਂ ਸਹਿਯੋਗੀ ਸੰਸਥਾਵਾਂ ਲੰਗਰ, ਸੰਗਤ ਅਤੇ ਮਸੰਦ ਪ੍ਰਥਾ ਦਾ ਨਿਰਮਾਣ ਤੇ ਵਿਕਾਸ ਕੀਤਾ ਸੀ। ਗੁਰੂ ਹਰਗੋਬਿੰਦਸਾਹਿਬ ਦੇ ਸਮੇਂ ਸਿੱਖ ਫੌਜ ਵੀ ਹੋਂਦ ਵਿੱਚ ਆ ਚੁੱਕੀ ਸੀ ਬੇਸ਼ੱਕ ਇਹ ਛੋਟੀ ਜਿਹੀ ਹੀ ਸੀ। ਇਹ ਕੰਮ ਮੀਰੀ ਪੀਰੀ ਦੇ ਸੰਕਲਪ ਨੂੰ

ਸਾਹਮਣੇ ਰੱਖਦੇ ਹੋਏ ਕੀਤਾ ਗਿਆ ਸੀ। ਇਸਦੇ ਸਿੱਟੇ ਵਜੋਂ ਹੀ ਗੁਰੂ ਹਰ ਰਾਇ ਜੀ ਨੇ ਸਿੱਖ ਧਰਮ ਦੇ ਵਿਕਾਸ ਅਤੇ ਸਿੱਖ ਸਮਾਜ ਦੇ ਸੁਧਾਰ ਲਈ ਹੇਠ ਲਿਖੇ ਕਦਮ ਚੁੱਕੇ।

ਸਭ ਤੋਂ ਪਹਿਲਾਂ ਕੰਮ ਆਪਣੇ ਉਤਰਾਧਿਕਾਰੀਆਂ ਦੀ ਅਧਿਆਤਮਕ ਗੀਤ ਦਿਨ ਵਿੱਚ ਦੋ ਵਾਰ ਸੰਗਤ ਕਰਨ ਦੀ ਜਾਰੀ ਰੱਖੀ। ਉਹ ਹਰ ਰੋਜ਼ ਦਿਨ ਚੜਨ ਤੋਂ ਪਹਿਲਾਂ ਰਹਿੰਦੇ ਇੱਕ ਪਹਿਰ ਉੱਠਦੇ ਅਤੇ ਆਪਣੀ ਨਿੱਤ ਕ੍ਰਿਆ ਕਰਦੇ, ਪੰਚ ਸ਼ਨਾਨ ਕਰਨ ਤੋਂ ਬਾਅਦ ਪ੍ਰਮਾਤਮਾ ਦੀ ਭਗਤੀ ਵਿੱਚ ਲੀਨ ਹੋ ਜਾਂਦੇ। ਮਹਿਮਾ ਪ੍ਰਕਾਸ਼ ਵਿੱਚ ਗੁਰੂ ਜੀ ਦੇ ਨਿੱਤ ਕਰਮ ਬਾਰੇ ਵਰਨਣ ਹੈ-

'ਪਹਰ ਰਾਤ ਪਿਛਲੀ ਜਬ ਰਹੇ।।
ਜਾਗਤ ਸੁਭਾਓ ਗੁਰ ਰਹੇ।।
ਕਰ ਸੋਚਾਚਾਰ ਹੋਇ ਪੰਚ ਸਨਾਨੀ।।
ਪੁਨ ਕਰੇ ਸ਼ਨਾਨ ਗੁਰ ਕੇਵਲ ਗਿਆਨੀ।।'

ਦਿਨ ਚੜ੍ਹਨ 'ਤੋ ਇਸ਼ਨਾਨ ਕਰਕੇ ਗੁਰੂ ਜੀ ਸੰਗਤ ਵਿੱਚ ਜਾਂਦੇ ਅਤੇ ਗੁਰੂ ਗਰੰਥ ਸਾਹਿਬ ਦਾ ਪਵਿੱਤਰ ਪਾਠ ਸ੍ਰਵਣ ਕਰਦੇ ਅਤੇ ਕੀਰਤਨ ਸੁਣਦੇ। ਸਵੇਰ ਦੀ ਸਭਾ ਜਾਂ ਦੀਵਾਨ 'ਚਰਨ ਕੰਵਲ ਆਰਤੀ' ਦਾ ਪਾਠ ਕਰਨ ਤੋਂ ਬਾਅਦ ਸਮਾਪਤ ਹੋ ਜਾਂਦੀ। ਸ਼ਾਮ ਨੂੰ ਗੁਰੂ ਜੀ ਫਿਰ ਸੰਗਤ ਕਰਦੇ ਜਿਸ ਵਿੱਚ ਉਹਨਾਂ ਤੋਂ ਪਹਿਲਾਂ ਵਾਲੇ ਗੁਰੂਆਂ ਦੀਆਂ ਜੀਵਨੀਆਂ ਤੇ ਸਿੱਖਿਆਵਾਂ ਬਾਰੇ ਕਥਾ ਕੀਤੀ ਜਾਂਦੀ। ਸ਼ਾਮ ਵਾਲਾ ਦੀਵਾਨ ਕੀਰਤਨ ਦੇ ਨਾਲ 'ਸੋਦਰ ਰਹਿਰਾਸ' ਦਾ ਪਾਠ ਕਰਨ ਤੋਂ ਬਾਅਦ ਸਮਾਪਤ ਕੀਤਾ ਜਾਂਦਾ। ਇੰਨੀ ਸੇਵਾ ਤੋਂ ਬਾਅਦ ਰਾਤ ਦਾ ਖਾਣਾ ਖਾ ਕੇ ਗੁਰੂ ਜੀ ਬਿਸਤਰ 'ਤੇ ਸੌਣ ਲਈ ਚਲੇ ਜਾਂਦੇ। ਸੋਦਰ ਰਹਿਰਾਸ ਆਦਿ ਗ੍ਰੰਥ ਵਿੱਚ ਬਾਣੀ ਦਾ ਇਕ ਜਾਪ ਹੈ ਜੋ ਸ਼ਾਮ ਦੇ ਸਮੇਂ ਕੀਤਾ ਜਾਂਦਾ ਹੈ। ਗੁਰੂ ਹਰ ਰਾਇ ਜੀ ਨੇ ਸਾਰੀ ਜ਼ਿੰਦਗੀ ਇਹ ਧਾਰਮਿਕ ਰਸਮ ਨੂੰ ਆਪਣੀ ਨਿੱਤ ਦੀ ਕਾਰਵਾਈ ਦੇ ਤੌਰ 'ਤੇ ਨਿਭਾਇਆ।

ਕੁੱਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਗੁਰੂ ਜੀ ਦੀਆਂ ਇਹਨਾਂ ਧਾਰਮਿਕ ਸਭਾਵਾਂ ਨੂੰ ਸਿਰਫ ਸੰਗਤ ਹੀ ਨਹੀਂ ਸੀ ਸੁਣਦੀ ਸਗੋਂ ਦੂਜੇ ਧਰਮਾਂ ਦੇ ਲੋਕ ਵੀ ਇੱਥੇ ਆ ਕੇ ਗੁਰੂ ਜੀ ਤੋ ਅਸ਼ੀਰਵਾਦ ਲੈਂਦੇ ਅਤੇ ਮਿੱਤਰਤਾ ਕਰਦੇ। ਇੱਥੋਂ ਤੱਕ ਕਿ ਸ਼ਹਿਜਾਦਾ ਦਾਰਾ ਸ਼ਿਕੋਹ, ਸੂਫੀ ਸੰਤ ਸਰਮਦ, ਦਾਬਿਸਤਾਨ-ਏ-ਮੁਜ਼ਾਹਿਬ ਦਾ ਲੇਖਕ ਜ਼ੁਲਫਕਾਰ ਅਰਦਸਤਾਨੀ ਅਤੇ ਕਈ ਹੋਰ ਲੋਕ ਕੀਰਤਪੁਰ ਸਾਹਿਬ ਆਏ ਅਤੇ ਗੁਰੂ ਦੇ ਪ੍ਰੇਰਿਤ ਕਰਨ ਵਾਲੇ ਸ਼ਬਦ ਤੇ ਸਿੱਖਿਆਵਾਂ ਸੁਣ ਕੇ ਤਸੱਲੀ ਜ਼ਾਹਿਰ ਕੀਤੀ। ਇਸ ਤਰਾਂ ਗੁਰੂ ਜੀ ਨੇ ਚੁੱਪ-ਚੁਪੀਤੇ ਨੈਤਿਕ ਅਤੇ ਅਧਿਆਤਮਕ

ਕ੍ਰਾਂਤੀ ਲਿਆਂਦੀ। ਗੁਰੂ ਜਸ ਸੁਣ ਕੇ ਸੰਗਤਾਂ ਨਿਹਾਲ ਹੁੰਦੀਆਂ ਅਤੇ ਗੁਰੂ ਘਰ ਨਾਲ ਜੁੜ ਕੇ ਮਾਣ ਮਹਿਸੂਸ ਕਰਦੀਆਂ। ਗੁਰੂ ਸੰਗਤਾਂ ਦਾ ਰਾਹ ਦਸੇਰਾ, ਰੱਖਿਅਕ ਅਤੇ ਗਿਆਨ ਦਾ ਸਾਗਰ ਬਣ ਕੇ ਉਹਨਾਂ ਦੀ ਜ਼ਿੰਦਗੀ ਨੂੰ ਸੁਖਾਲਾ ਕਰ ਰਿਹਾ ਸੀ।

ਗੁਰੂ ਹਰ ਰਾਇ ਜੀ ਨੇ ਆਪਣੇ ਤੋਂ ਪਹਿਲਾਂ ਵਾਲੇ ਗੁਰੂਆਂ ਦੁਆਰਾ ਚਲਾਈ ਹੋਈ ਲੰਗਰ-ਪ੍ਰਥਾ ਜਾਂ ਸਾਂਝੀ ਰਸੋਈ ਨੂੰ ਕਾਇਮ ਰੱਖਿਆ। ਮਹਿਮਾ ਪ੍ਰਕਾਸ਼ ਦੇ ਲੇਖਕ ਨੇ ਇਸ ਪ੍ਰਥਾ ਦਾ ਮਹੱਤਵ ਵਰਨਣ ਕਰਦੇ ਹੋਏ ਲਿਖਿਆ ਹੈ ਕਿ ਕੀਰਤਪੁਰ ਸਾਹਿਬ ਵਿਖੇ ਨਿੱਤ-ਰੋਜ਼ ਚਰਨ ਕੰਵਲ ਆਰਤੀ ਦੇ ਪਾਠ ਤੋਂ ਬਾਅਦ ਸੰਗਤ ਨੂੰ ਆਦੇਸ਼ ਸੀ ਕਿ ਉਹ ਗੁਰੂ ਦੇ ਲੰਗਰ ਵਿੱਚ ਪ੍ਰਸ਼ਾਦਾ ਛਕਣ। ਰਾਤ ਦਾ ਖਾਣਾ ਸੰਗਤਾਂ ਨੂੰ ਸੋਦਰ ਰਹਿਰਾਸ ਦੇ ਪਾਠ ਤੋਂ ਬਾਅਦ ਵਰਤਾਇਆ ਜਾਂਦਾ ਸੀ। ਇਹ ਵੀ ਦੱਸਿਆ ਗਿਆ ਹੈ ਕਿ ਕਿਸੇ ਵੀ ਖਾਣੇ ਵਿੱਚ ਮਾਸਾਹਾਰੀ ਭੋਜਨ ਦੀ ਮਨਾਹੀ ਸੀ ਅਤੇ ਸਿਰਫ ਸ਼ਾਕਾਹਾਰੀ ਭੋਜਨ ਹੀ ਤਿਆਰ ਹੁੰਦਾ ਸੀ ਤੇ ਵਰਤਾਇਆ ਜਾਂਦਾ ਸੀ। ਲੰਗਰ ਬਿਨਾਂ ਕਿਸੇ ਭੇਦ-ਭਾਵ, ਊਚ-ਨੀਚ ਤੋਂ ਵਰਤਾਇਆ ਜਾਂਦਾ ਸੀ।

ਮਹਿਮਾ ਪ੍ਰਕਾਸ਼ ਵਿੱਚ ਕਈ ਥਾਈ ਵਰਨਣ ਕੀਤਾ ਗਿਆ ਹੈ ਕਿ ਗੁਰੂ ਹਰ ਰਾਇ ਜੀ ਨੇ ਸੰਗਤਾਂ ਦੇ ਸਨਮੁਖ ਹੋ ਕੇ ਉਹਨਾਂ ਨੂੰ ਆਦੇਸ਼ ਦਿੱਤੇ ਕਿ ਉਹਨਾਂ ਨੂੰ ਆਪਣੇ ਤੌਰ 'ਤੇ ਵੀ ਲੰਗਰ ਲਾਉਣੇ ਚਾਹੀਦੇ ਹਨ ਅਤੇ ਸਿੱਖਾਂ, ਸੰਤਾਂ ਅਤੇ ਹੋਰ ਲੋੜਵੰਦ ਲੋਕਾਂ ਨੂੰ ਗੁਰੂ ਦੇ ਨਾਂ 'ਤੇ ਭੋਜਨ ਕਰਾਉਣਾ ਚਾਹੀਦਾ ਹੈ। ਇਹ ਕੰਮ ਕਰਦੇ ਹੋਏ ਉਹਨਾਂ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ ਤਾਂ ਕਿ ਭੋਜਨ ਗ੍ਰਹਿਣ ਕਰਨ ਵਾਲਾ ਆਦਮੀ ਇਹ ਨਾ ਸਮਝੇ ਕਿ ਉਸਨੂੰ ਦਾਨ ਦਿੱਤਾ ਗਿਆ ਹੈ। ਗੁਰੂ ਜੀ ਦੇ ਇਹਨਾਂ ਵਚਨਾਂ ਸਦਕਾ ਅਲੱਗ-ਅਲੱਗ ਥਾਵਾਂ 'ਤੇ ਲੰਗਰ ਪ੍ਰਥਾ ਹੋਂਦ ਵਿੱਚ ਆਈ ਤੇ ਸਿੱਖਾਂ ਨੇ ਵਧ ਚੜ੍ਹ ਕੇ ਗੁਰੂ ਜੀ ਦੇ ਸ਼ਬਦਾਂ 'ਤੇ ਫੁੱਲ ਚੜ੍ਹਾਏ।

'ਬਹੁਤ ਅਸਥਾਨ ਲੰਗਰ ਗੁਰ ਹੋਇ।।'

('ਮਹਿਮਾ ਪ੍ਰਕਾਸ਼')

ਅਜਿਹੀ ਹੀ ਇੱਕ ਘਟਨਾ ਭਾਈ ਫੇਰੂ ਦੇ ਲੰਗਰ ਬਾਰੇ ਵੀ ਹੈ। ਭਾਈ ਫੇਰੂ ਦਾ ਅਸਲੀ ਨਾਂ ਸੰਗਤ ਜਾਂ ਸੰਗਤੀਆ ਸੀ। ਉਸਦਾ ਜਨਮ ਅੰਬਰੀ ਪਿੰਡ ਵਿੱਚ 1640 ਈ. ਵਿੱਚ ਹੋਇਆ ਮੰਨਿਆ ਜਾਂਦਾ ਹੈ। 1656 ਈ. ਵਿੱਚ ਉਹ ਹਰ ਰਾਏ ਜੀ ਕੋਲ ਆ ਗਿਆ ਤੇ ਸਿੱਖ ਸਜ ਗਿਆ। ਉਹ ਵਪਾਰ ਦੇ ਸਿਲਸਿਲੇ ਵਿੱਚ ਥਾਂ ਥਾਂ ਯਾਤਰਾ ਕਰਦਾ ਰਿਹੰਦਾ ਸੀ।

ਇਸ ਲਈ ਗੁਰੂ ਜੀ ਨੇ ਉਸਦਾ ਨਾਂ ਫੇਰੂ ਰੱਖ ਦਿੱਤਾ ਸੀ। ਫੇਰੂ ਦਾ ਮਤਲਬ ਫੇਰੀ ਵਾਲਾ ਤੋਂ ਹੈ। ਉਸਨੇ ਗੁਰੂ ਜੀ ਦੀ ਹਦਾਇਤ ਅਨੁਸਾਰ ਆਪਣੇ ਘਰ ਗੁਰੂ

ਦਾ ਲੰਗਰ ਚਲਾਇਆ ਹੋਇਆ ਸੀ। ਇੱਕ ਦਿਨ ਇੱਕ ਸਿੱਖ ਉਸਦੇ ਘਰ ਉਦੋਂ ਪਹੁੰਚਿਆ ਜਦੋਂ ਸਾਰਾ ਕੁੱਝ ਖਤਮ ਹੋ ਚੁੱਕਾ ਸੀ। ਭਾਈ ਫੇਰੂ ਨੇ ਉਸਨੂੰ ਸਿਰਫ਼ ਇੱਕ ਹੀ ਬਚੀ ਹੋਈ ਰੋਟੀ ਦਿੱਤੀ ਅਤੇ ਉਸਨੂੰ ਢਿੱਡ ਭਰ ਭੋਜਨ ਨਾ ਦਿੱਤਾ। ਕਿਉਂਕਿ ਉਹ ਲੇਟ ਆਇਆ ਸੀ। ਸਿੱਟੇ ਵਜੋਂ ਅੱਧੇ ਭੁੱਖੇ ਮਹਿਮਾਨ ਨੇ ਸਰਾਪ ਦਿੱਤਾ ਕਿ ਭਾਈ ਫੇਰੂ ਨੇ ਲੰਗਰ ਕਾਣਾ ਕੀਤਾ ਹੈ। ਭਾਈ ਫੇਰੂ ਨੇ ਨਿਮਰਤਾ ਪੂਰਵਕ ਕਿਹਾ ਕਿ ਉਹ ਗੁਰੂ ਲੰਗਰ ਨੂੰ ਸਰਾਪ ਨਾ ਦੇਵੇ, ਭਾਈ ਫੇਰੂ ਨੂੰ ਸਰਾਪ ਦੇਵੇ ਅਤੇ ਉਹ ਇੱਕ ਅੱਖ ਇਸਦੇ ਬਦਲੇ ਦੇਣ ਨੂੰ ਤਿਆਰ ਹੈ, ਉਸਨੇ ਇਸ ਤਰਾਂ ਹੀ ਕੀਤਾ। ਕਹਾਣੀ ਦੱਸਦੀ ਹੈ ਕਿ ਉਸਦੀ ਭਾਈ ਫੇਰੂ ਦੀ ਇੱਕ ਅੱਖ ਦੀ ਰੌਸ਼ਨੀ ਚਲੀ ਗਈ। ਇਸ ਤਰਾਂ ਭਾਈ ਫੇਰੂ ਨੇ ਲੰਗਰ ਕਾਣਾ ਹੋਣ ਤੋਂ ਬਚਾ ਲਿਆ ਅਤੇ ਆਪ ਕਾਣਾ ਹੋ ਗਿਆ। ਜਦੋਂ ਗੁਰੂ ਜੀ ਨੂੰ ਪਤਾ ਲੱਗਿਆ ਤਾਂ ਉਹ ਭਾਈ ਫੇਰੂ ਦੀ ਸੱਚੀ ਸ਼ਰਧਾ ਤੇ ਪਕਿਆਈ ਦੇਖਕੇ ਬਹੁਤ ਖੁਸ਼ ਹੋਏ ਜੋ ਉਸਨੇ ਲੰਗਰ ਪ੍ਰਥਾ ਲਈ ਦਿਖਾਈ ਸੀ। ਕਰਤਾਰ ਸਿੰਘ ਇਤਿਹਾਸਕਾਰ ਦੇ ਅਨੁਸਾਰ ਉਸਨੂੰ ਕਸੂਰ ਦਾ ਮਸੰਦ ਥਾਪਿਆ ਗਿਆ ਤਾਂ ਕਿ ਉਹ ਕਸੂਰ ਤੇ ਚੂਨੀਆ ਜਾ ਕੇ ਸਿੱਖ ਧਰਮ ਦਾ ਪ੍ਰਚਾਰ ਕਰੇ ਤੇ ਧਾਰਮਿਕ ਚੇਤਨਤਾ ਦੇਵੇ।ਗੁਰੂ ਜੀ ਨੇ ਆਪਣੇ ਸਿੱਖਾਂ ਦੇ ਮਨਾਂ ਵਿੱਚ ਇਹ ਗੱਲ ਪੱਕੀ ਕੀਤੀ ਹੋਈ ਸੀ ਕਿ ਕੋਈ ਵੀ ਸਿੱਖ ਲੰਗਰ ਵਿੱਚ ਕਿਸੇ ਵੀ ਸਮੇਂ ਆਉਂਦਾ ਹੈ ਉਹ ਪੂਰੀ ਤਰਾਂ ਸਤੁੰਸ਼ਟ ਹੋ ਕੇ ਜਾਣਾ ਚਾਹੀਦਾ ਹੈ। ਜੋ ਇਹ ਕੰਮ ਸੱਚੇ ਮਨ ਨਾਲ ਕਰੇਗਾ ਉਹ ਗੁਰੂ ਦੇ ਅਸ਼ੀਰਵਾਦ ਦਾ ਹੱਕਦਾਰ ਹੋਵੇਗਾ ਤੇ ਮੁਕਤੀ ਪ੍ਰਾਪਤ ਕਰੇਗਾ। ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਲੰਗਰ ਦੀ ਸੇਵਾ ਨੂੰ ਗੁਰੂ ਤੇ ਪ੍ਰਮਾਤਮਾ ਦੀ ਸੇਵਾ ਸਮਝਦੇ ਸਨ ਅਤੇ ਇਸਨੂੰ ਮੁਕਤੀ ਪ੍ਰਾਪਤ ਕਰਨ ਦਾ ਜ਼ਰੂਰੀ ਅੰਗ ਸਮਝਦੇ ਸਨ। ਲੰਗਰ ਪ੍ਰਥਾ ਨੇ ਗੁਰੂ ਹਰ ਰਾਇ ਜੀ ਸਮੇਂ ਵੱਡਾ ਰੋਲ ਨਿਭਾਇਆ ਅਤੇ ਅੱਗੋ ਇਸ ਲੰਗਰ ਪ੍ਰਥਾ ਵਿੱਚ ਗੁਰੂ ਸਾਹਿਬ ਨੇ ਸੰਗਤਾਂ ਨੂੰ ਭੋਜਨ ਕਰਾਉਣ ਦੇ ਨਾਲ ਹੀ ਸੇਵਾ ਦੇ ਮੌਕੇ ਲੈਣ ਅਤੇ ਦਾਨ ਕਰਨ ਲਈ ਵੀ ਪ੍ਰੇਰਿਤ ਕੀਤਾ।

ਸਿੱਖ ਸੰਸਥਾਵਾਂ ਦੀ ਸੇਵਾ ਸੰਭਾਲ ਦੇ ਨਾਲ ਗੁਰੂ ਹਰ ਰਾਇ ਜੀ ਸਿੱਖਾਂ ਦੇ ਧਾਰਮਿਕ ਅਤੇ ਅਧਿਆਤਮਕ ਜੀਵਨ ਨੂੰ ਵੀ ਸੰਵਾਰਦੇ ਸਨ। ਉਹ ਗੁਰੂ ਹਰ ਗੋਬਿੰਦ ਸਾਹਿਬ ਦੀ ਪਾਈ ਰੀਤ ਸਿਪਾਹੀ ਜੀਵਨ ਪ੍ਰਤੀ ਵੀ ਸੁਚੇਤ ਤੇ ਦ੍ਰਿੜ ਸਨ। ਉਹਨਾਂ ਕੋਲ ਸੁਸਿਖਿਅਤ ਫੌਜੀ ਜਵਾਨਾਂ ਦੀ ਸੈਨਾ ਸੀ ਜੋ ਅਭਿਆਸ ਵੀ ਰੋਜ਼ਾਨਾ ਕਰਦੇ ਸਨ। ਤਵਾਰੀਖ ਗੁਰੂ ਖਾਲਸਾ ਦੇ ਅਨੁਸਾਰ ਗੁਰੂ ਹਰ ਰਾਇ ਕੋਲ 2200 ਘੋੜ ਸਵਾਰਾਂ ਦੀ ਪੱਕੀ ਸੈਨਾ ਸੀ ਜੋ ਸ਼ਿਕਾਰ ਤੇ ਲਗਾਤਾਰ ਮੁਹਿੰਮਾਂ ਕਰਦੇ ਰਹਿੰਦੇ ਸਨ। ਇਹ ਸ਼ਿਕਾਰ ਮੁਹਿੰਮਾਂ ਜੰਗੀ ਕਾਰਵਾਈਆਂ ਦਾ ਹੀ ਹਿੱਸਾ ਸਨ ਤਾਂ ਜੋ ਦਾਦਾ ਗੁਰੂ ਹਰ ਗੋਬਿੰਦ ਸਾਹਿਬ ਦੇ ਅਨੁਸਾਰ ਨਸੀਹਤ ਅਨੁਸਾਰ ਸਵੈ-ਰੱਖਿਆ ਲਈ

ਜ਼ਰੂਰੀ ਸਨ। ਗੁਰੂ ਜੀ ਦੀਆਂ ਸਪੱਸ਼ਟ ਹਦਾਇਤਾਂ ਸਨ ਕਿ ਸਿਰਫ ਤੇ ਸਿਰਫ ਖ਼ੂੰਖਾਰ ਜਾਨਵਰ ਜਿਵੇਂ ਚੀਤੇ, ਬਘਿਆੜ, ਸ਼ੇਰ, ਜੰਗਲੀ ਜਾਨਵਰ ਅਤੇ ਆਦਮ-ਭਕਸ਼ੀ ਹੀ ਮਾਰੇ ਜਾਣ ਜਿਹਨਾਂ ਦਾ ਪਹਾੜੀਆਂ ਵਿੱਚ ਸਦਾ ਖਤਰਾ ਬਣਿਆ ਰਹਿੰਦਾ ਹੈ। ਦੂਸਰੇ ਪੰਛੀ ਜਾਂ ਹੋਰ ਜਾਨਵਰ ਜੋ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ, ਉਹਨਾਂ ਨੂੰ ਜੀਉਂਦੇ ਫੜ ਕੇ ਲਿਆਂਦਾ ਜਾਵੇ ਅਤੇ ਗੁਰੂ ਘਰ ਦੇ ਚਿੜੀਆਘਰ ਵਿੱਚ ਰੱਖੇ ਜਾਣ ਜੋ ਹਰ ਗੋਬਿੰਦ ਸਾਹਿਬ ਨੇ ਬਣਾਇਆ ਸੀ। ਕਿਹਾ ਜਾਂਦਾ ਹੈ ਕਿ ਚਿੜੀਆਘਰ ਵਿੱਚ ਵੱਡੀ ਗਿਣਤੀ ਵਿੱਚ ਪੱਛੀ ਤੇ ਜਾਨਵਰ ਰੱਖੇ ਹੋਏ ਸਨ। ਜਿਵੇ ਸ਼ੇਰ, ਰਿੱਛ, ਗਿੱਦੜ, ਹਿਰਨ, ਬਿੱਲੀਆਂ, ਤੋਤੇ ਤੇ ਖਰਗੋਸ਼ ਆਦਿ ਮੁੱਖ ਸਨ।

ਇਸ ਤਰਾਂ ਗੁਰੂ ਹਰ ਰਾਇ ਨੇ ਸ਼ਾਂਤੀ ਪੂਰਵਕ ਢੰਗ ਨਾਲ ਜਿੰਦਗੀ ਬਸਰ ਕੀਤੀ ਉਹ ਸ਼ਾਂਤੀ ਦੇ ਪੁੰਜ ਸਨ, ਫਿਰ ਵੀ ਕਿਸੇ ਅਣਸੁਖਾਵੀ ਘਟਨਾ ਨੂੰ ਰੋਕਣ ਲਈ ਅਤੇ ਦਾਦਾ-ਗੁਰੂ ਦੀ ਨਸੀਹਤ ਅਨੁਸਾਰ ਸੈਨਾ ਨੂੰ ਤਿਆਰ ਬਰ ਤਿਆਰ ਰੱਖਿਆ।

ਗੁਰੂ ਹਰ ਰਾਇ ਜੀ ਨੇ ਆਪਣੀ ਕੋਈ ਬਾਣੀ ਨਹੀਂ ਰਚੀ। ਪਰ ਉਹ ਪਹਿਲੇ ਪੰਜਾਂ ਗੁਰੂਆਂ ਦੀ ਬਾਣੀ ਦੇ ਬੇਹੱਦ ਕਾਇਲ ਸਨ। ਉਹਨਾਂ ਨੇ ਆਪਣੇ ਸਿੱਖਾਂ ਨੂੰ ਸਮਝਾਇਆ ਕਿ ਗੁਰੂ ਦੇ ਸ਼ਬਦ ਜਾਂ ਬਾਣੀ ਨਾਲ ਜੁੜਕੇ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਡੰਕਨ ਗਰੀਨਲੈੱਸ 'ਦਾ ਗੋਸਪਲ ਆਫ ਗੁਰੂ ਗਰੰਥ ਸਾਹਿਬ' ਲਿਖਦੇ ਹਨ ਕਿ ਗੁਰੂ ਦਾ ਕਥਨ ਸੀ ਕਿ ਸਿਰਫ ਬਾਣੀ ਹੀ ਤੁਹਾਨੂੰ ਮੁਕਤੀ ਮਾਰਗ ਤੱਕ ਲੈ ਕੇ ਜਾ ਸਕਦੀ ਹੈ। ਗੁਰੂ ਜੀ ਨੇ ਇਹ ਵੀ ਦੱਸਿਆ ਕਿ ਜਿਨਾਂ ਨੂੰ ਬਾਣੀ ਦੇ ਅਰਥ ਪੜ ਕੇ ਸਮਝ ਨਹੀਂ ਪੈਂਦੀ ਉਹਨਾਂ ਨੂੰ ਵੀ ਘਬਰਾਉਣ ਦੀ ਲੋੜ ਨਹੀਂ ਕਿਉਂਕਿ ਜੇਕਰ ਸਮਝ ਨਹੀਂ ਆਉਂਦੀ ਤਾਂ ਵੀ ਭਜਨ ਪਾਠ ਦੀ ਮਹੱਤਤਾ ਹੈ ਕਿਉਂਕਿ ਉਹ ਮੌਤ ਦੇ ਸਮੇਂ ਸਹਾਈ ਹੁੰਦੇ ਹਨ 'ਮਹਿਮਾ ਪ੍ਰਕਾਸ਼' ਵਿੱਚ ਵਰਨਣ ਹੈ-

'ਜਿਉਂ ਠੀਕਰੀ ਮਾਹ ਚਿਕਨਤਾ ਰਹੀ।।
ਤਿਉਂ ਬਾਨੀ ਕੋ ਗੁਨ ਘਟ ਮੋ ਆਹੀ।।
ਅੰਤਕਾਲ ਗੁਨ ਹੋਇ ਪ੍ਰਕਾਸ਼॥'

ਗੁਰੂ ਜੀ ਨੇ ਕਿਹਾ ਕਿ ਧਿਆਨ ਤੇ ਪ੍ਰੇਮ ਨਾਲ ਸੁਣੀ ਬਾਣੀ ਧੁਰ ਅੰਦਰੋਂ ਹਿਰਦੇ ਨੂੰ ਪਵਿੱਤਰ ਕਰਦੀ ਹੈ। ਉਹ ਗੁਰੂ ਗਰੰਥ ਸਾਹਿਬ ਨੂੰ ਬਹੁਤ ਹੀ ਮਹੱਤਤਾ ਦਿੰਦੇ ਸਨ। ਜਦੋਂ ਹੀ ਕੋਈ ਸ਼ਬਦ ਜਾਂ ਬਾਣੀ ਦੀ ਕੋਈ ਤੁਕ ਉਹਨਾਂ ਕੋਲ ਉਚਾਰੀ ਜਾਂਦੀ ਤਾਂ ਉਹ ਖੜੇ ਹੋ ਕੇ ਹੱਥ ਜੋੜ ਕੇ ਸਤਿਕਾਰ ਦਿੰਦੇ। ਉਹਨਾਂ ਨੇ ਨਾ ਸਿਰਫ ਗੁਰੂ ਗਰੰਥ ਸਾਹਿਬ ਦੀ ਉੱਚਤਾ ਨੂੰ ਆਪਣੇ ਤੋਂ ਵੱਡਾ ਸਮਝਿਆ ਸਗੋਂ ਉਹ ਗੁਰੂ ਅਰਜਨ ਦੇਵ ਪੰਜਵੇਂ ਗੁਰੂ ਦੇ ਗੁਰੂ ਗਰੰਥ ਸਾਹਿਬ ਬਾਰੇ ਬੋਲੇ ਸ਼ਬਦ ਵੀ ਸਿੱਖਾਂ ਨੂੰ

ਯਾਦ ਕਰਾਉਂਦੇ। ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ ਕਿ 'ਪੋਥੀ ਪ੍ਰਮੇਸ਼ਰ ਦਾ ਥਾਨ ਹੈ' ਕਿਉਂਕਿ ਸੱਚੇ ਪਾਤਸ਼ਾਹ ਦੀ ਬਾਣੀ ਹੈ ਜਿਵੇਂ ਕਿ ਗੁਰੂਆਂ ਤੇ ਸੰਤਾਂ, ਭਗਤਾਂ ਨੇ ਵਰਨਣ ਕੀਤਾ ਹੋਇਆ ਹੈ। ਆਪਣਾ ਨਿੱਤ ਦਿਨ ਦਾ ਕਰਮ ਕਰਨ ਦੇ ਨਾਲ ਸਿੱਖਾਂ ਨੂੰ ਪ੍ਰਭੂ ਭਗਤੀ ਵਿੱਚ ਵੀ ਕੁੱਝ ਸਮਾਂ ਬਿਤਾਉਣ ਚਾਹੀਦਾ ਹੈ। ਸੋ ਗੁਰਬਾਣੀ ਨਾਲ ਜੁੜ ਕੇ ਪ੍ਰਭੂ ਪਾਇਆ ਜਾ ਸਕਦਾ ਹੈ।

ਗੁਰੂ ਹਰ ਰਾਇ ਜੀ ਨੇ ਸਿੱਖਾਂ ਵਿੱਚ ਨਿਮਰਤਾ ਦਾ ਸਦਗੁਣ ਅਤੇ ਮਨੁੱਖਤਾ ਦੀ ਨਿਰਸਵਾਰਥ ਸੇਵਾ ਦਾ ਸਦਗੁਣ ਭਰਿਆ। ਗੋਪਾਲ ਸਿੰਘ ਇਤਿਹਾਸਕਾਰ ਦੇ ਅਨੁਸਾਰ ਗੁਰੂ ਜੀ ਦੀ ਸਪੱਸ਼ਟ ਹਦਾਇਤ ਸੀ ਕਿ ਜੇਕਰ ਕੋਈ ਮਹਿਮਾਨ ਆਉਂਦਾ ਹੈ, ਬੇਸ਼ੱਕ ਕੋਈ ਵੀ ਸਮਾਂ ਹੋਵੇ, ਉਸ ਨੂੰ ਸੰਤੁਸ਼ਟ ਕਰੋ, ਉਸ ਦੀ ਇਸ ਤਰਾਂ ਸੇਵਾ ਕਰੋ ਕਿ ਮਹਿਮਾਨ ਇਹ ਨਾ ਸੋਚੇ ਕਿ ਉਸ 'ਤੇ ਤਰਸ ਕੀਤਾ ਗਿਆ ਹੈ ਸਗੋਂ ਇਹ ਸਮਝੇ ਕਿ ਉਹ ਗੁਰੂ-ਘਰ ਆਇਆ ਹੈ, ਜਿਥੇ ਸਭ ਨੂੰ ਬਰਾਬਰ ਸਮਝਿਆ ਜਾਂਦਾ ਹੈ। ਆਦਮੀ ਤਾਂ ਸੇਵਾ ਕਰਨ ਵਾਲਾ ਹੈ, ਚੀਜ਼ਾਂ ਵਸਤਾਂ ਵਾਹਿਗੁਰੂ ਦੀ ਮਿਹਰ ਨਾਲ ਮਿਲਦੀਆਂ ਹਨ ਜੋ ਸਾਰਿਆਂ ਦਾ ਸਾਂਝਾ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਜਿਨਾਂ ਸਿੱਖਾਂ ਕੋਲ ਧਨ ਦੀ ਬਹੁਤਾਤ ਹੈ ਇਹ ਇਸਨੂੰ ਪ੍ਰਭੂ ਦੀ ਦਾਤ ਸਮਝਣ ਅਤੇ ਇਸ ਵਿਚੋਂ ਕੁਝ ਆਪਣੇ ਗਰੀਬ ਭਰਾਵਾਂ ਨੂੰ ਵੰਡਣ। ਮਹਿਮਾ ਪ੍ਰਕਾਸ਼ ਦਾ ਲੇਖਕ ਕਈਂ ਥਾਈ ਵਰਨਣ ਕਰਦਾ ਹੈ ਕਿ ਗੁਰੂ ਹਰ ਰਾਇ ਜੀ ਆਰਥਿਕ ਲੁੱਟ-ਖਸੁੱਟ ਬੇਈਮਾਨੀ ਦੇ ਵਿਰੁੱਧ ਪ੍ਰਚਾਰ ਕਰਦੇ ਸਨ ਅਤੇ ਮਿਹਨਤ ਦੀ ਕਮਾਈ ਖਾਣ 'ਤੇ ਹੀ ਜ਼ੋਰ ਦਿੰਦੇ ਸਨ। ਇੱਕ ਵਾਰ ਜੰਗਲ ਵਿੱਚ ਗੁਰੂ ਜੀ ਸਿੱਖਾਂ ਨਾਲ ਲੰਘ ਰਹੇ ਸਨ ਤਾਂ ਉਹਨਾਂ ਨੇ ਇੱਕ ਸੱਪ ਦੇਖਿਆ ਜਿਸਨੂੰ ਕੀੜੀਆਂ ਖਾ ਰਹੀਆਂ ਸਨ ਅਤੇ ਸੱਪ ਬਹੁਤ ਦੁਖੀ ਸੀ। ਗੁਰੂ ਜੀ ਨੇ ਸਿੱਖਾਂ ਨੂੰ ਦੱਸਿਆ ਕਿ ਹੋ ਸਕਦਾ ਹੈ ਕਿ ਇਹ ਸੱਪ ਪਿਛਲੇ ਜਨਮ ਵਿੱਚ ਪੰਡਿਤ ਹੋਵੇ। ਉਹਨਾਂ ਨੇ ਕਿਹਾ ਕਿ ਇਹ ਪੰਡਿਤ ਹੋ ਕੇ ਬਹੁਤ ਬੁਰੇ ਕੰਮ ਕਰਦਾ ਸੀ ਅਤੇ ਆਪਣੇ ਚੇਲਿਆਂ ਨਾਲ ਧੋਖਾਧੜੀ ਕਰਕੇ ਉਹਨਾਂ ਤੋਂ ਧਨ ਲੁੱਟ ਲੈਂਦਾ ਸੀ। ਇਸ ਤਰਾਂ ਉਸ ਕੋਲ ਬਹੁਤ ਧਨ ਇਕੱਠਾ ਹੋ ਗਿਆ। ਹੁਣ ਉਹ ਆਪਣੇ ਬੁਰੇ ਕਰਮਾਂ ਦਾ ਫਲ ਭੁਗਤ ਰਿਹਾ ਹੈ, ਉਸਨੇ ਜਿਹਾ ਬੀਜਿਆ ਉਹੀ ਵੱਢ ਰਿਹਾ ਹੈ। ਇਸ ਤਰਾਂ ਦੀਆਂ ਕਹਾਣੀਆਂ ਸੁਣਾ ਕੇ ਗੁਰੂ ਜੀ ਆਪਣੇ ਸਿੱਖਾਂ ਵਿੱਚ ਸਦਗੁਣ ਭਰਨਾ ਲੋਚਦੇ ਸਨ ਤਾਂ ਕਿ ਉਹ ਗੁਣੀ ਅਤੇ ਨੈਤਿਕ ਤੌਰ 'ਤੇ ਸੱਚੇ ਸੁੱਚੇ ਆਦਮੀ ਬਣਨ। ਉਹ ਇਹ ਵੀ ਸਿੱਖਿਆ ਦਿੰਦੇ ਸਨ ਕਿ ਸਮਾਜਿਕ, ਆਰਥਿਕ ਤੇ ਧਾਰਮਿਕ ਵਿਸ਼ਵਾਸ ਵਿੱਚ ਵੀ ਵਿਅਕਤੀ ਪਾਕ-ਪਵਿੱਤਰ ਹੋਣਾ ਚਾਹੀਦਾ ਹੈ ਤਾਂ ਜੋ ਹਿਰਦਾ ਪਵਿੱਤਰ ਬਣਿਆ ਰਹੇ।

ਗੁਰੂ ਹਰ ਰਾਇ ਜੀ ਨੇ ਆਪਣਾ ਸਾਰਾ ਜੀਵਨ ਸਿੱਖ ਧਰਮ ਨੂੰ ਪੱਕੇ ਪੈਰੀਂ ਕਰਨ 'ਤੇ ਲਾ ਦਿੱਤਾ। ਉਹ ਦੂਰ ਨੇੜੇ ਨਿੱਜੀ ਤੌਰ 'ਤੇ ਜਾ ਕੇ ਸਿੱਖਾਂ ਨੂੰ ਸਿੱਖ ਧਰਮ

ਵੱਲ ਪ੍ਰੇਰਿਤ ਕਰਦੇ। ਹਰੀ ਰਾਮ ਗੁਪਤਾ, 'ਹਿਸਟਰੀ ਆਫ਼ ਦਾ ਸਿੱਖ ਗੁਰੂਜ਼' ਵਿੱਚ ਲਿਖਦੇ ਹਨ ਕਿ ਗੁਰੂ ਜੀ ਛੋਟੀਆਂ-ਛੋਟੀਆਂ ਯਾਤਰਾਵਾਂ ਤੇ ਜਾਂਦੇ ਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਉਹਨਾਂ ਨੇ ਪੰਜਾਬ ਦੇ ਵੱਡੇ ਜਿੰਮੀਦਾਰਾਂ ਨੂੰ ਸਿੱਖ ਧਰਮ ਵਿੱਚ ਲੈ ਕੇ ਆਂਦਾ। ਇਹ ਲੋਕ ਉਸ ਸਮੇਂ ਦੇ ਲੋਕਾਂ ਦੇ ਕੁਦਰਤੀ ਤੌਰ 'ਤੇ ਆਗੂ ਸਮਝੇ ਜਾਂਦੇ ਸਨ। ਇੱਕ ਸਭ ਤੋਂ ਵੱਡਾ ਧਰਮ ਪਰਿਵਰਤਨ ਜੋ ਹੋਇਆ ਬੈਰਾਗੀ ਸਾਧੂ 'ਭਗਤ ਗਿਰਾ' ਦਾ ਸੀ। ਇਹ ਸਾਧੂ ਬੋਧ ਗਯਾ ਨਾਲ ਸਬੰਧ ਰੱਖਦਾ ਸੀ। ਜਵਾਲਾ ਜੀ ਦੇ ਤੀਰਥ ਤੋਂ ਵਾਪਸ ਆਉਂਦਿਆ ਉਹ ਰਸਤੇ ਵਿੱਚ ਗੁਰੂ ਜੀ ਕੋਲ ਕੀਰਤਪੁਰ ਰੁਕਿਆ। ਉਹ ਕੁਝ ਦਿਨ ਉੱਥੇ ਰਿਹਾ ਅਤੇ ਗੁਰੂ ਹਰ ਰਾਇ ਨੂੰ ਮਿਲਿਆ। ਉਹ ਗੁਰੂ ਹਰ ਰਾਇ ਦੇ ਪਵਿੱਤਰ ਜੀਵਨ ਅਤੇ ਸੰਤ ਸੁਭਾਅ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਹ ਗੁਰੂ ਜੀ ਦਾ ਪੱਕਾ ਸ਼ਰਧਾਲੂ ਬਣ ਗਿਆ। ਉਸ ਨੂੰ ਸਿੱਖ ਧਰਮ ਵਿੱਚ ਆਉਣ 'ਤੇ ਉਸਦਾ ਨਾਂ ਭਗਤ ਭਗਵਾਨ ਰੱਖ ਦਿੱਤਾ ਗਿਆ ਤੇ ਉਸ ਨੂੰ ਸਿੱਖੀ ਦੇ ਪ੍ਰਚਾਰ ਲਈ ਦੇਸ਼ ਦੇ ਪੂਰਬੀ ਹਿੱਸੇ ਪਟਨਾ ਭੇਜ ਦਿੱਤਾ ਗਿਆ। ਇੱਥੇ ਭਗਤ ਭਗਵਾਨ ਅਤੇ ਉਸਦੇ ਸਿੱਖਾਂ ਨੇ ਸਿੱਖ ਧਰਮ ਦੀਆਂ 360 ਗੱਦੀਆਂ ਸਥਾਪਤ ਕੀਤੀਆਂ। ਜਿਨਾਂ ਵਿੱਚੋ ਕਈ ਅਜੇ ਵੀ ਕਾਇਮ ਹਨ। ਇੱਥੇ ਅਜੇ ਵੀ ਸਿੱਖੀ ਦਾ ਪ੍ਰਚਾਰ ਹੁੰਦਾ ਹੈ। ਇੱਕ ਹੋਰ ਮਹੱਤਵਪੂਰਨ ਧਰਮ ਪਰਿਵਰਤਨ ਭਾਈ ਸੰਗਤੀਏ ਦਾ ਹੋਇਆ। ਉਸਨੂੰ ਫੇਰੂ ਨਾਂ ਦਿੱਤਾ ਗਿਆ ਅਤੇ ਉਸਨੂੰ ਬਾਰੀ ਦੁਆਬ ਦੇ ਵਿਚਕਾਰਲੇ ਹਿੱਸੇ ਵਿੱਚ ਪ੍ਰਚਾਰ ਹਿੱਤ ਭੇਜਿਆ ਗਿਆ। ਉਸਨੇ ਪੰਜਾਬ ਵਿੱਚ ਬਖਸ਼ੀਸ਼ਾਂ ਵੀ ਦਿੱਤੀਆਂ।

ਉਨ੍ਹਾਂ ਵਿੱਚੋਂ ਇੱਕ ਬਖਸ਼ੀਸ਼ ਸੁਥਰੇ ਸ਼ਾਹ ਨੂੰ ਦਿੱਤੀ ਗਈ ਅਤੇ ਉਸ ਨੂੰ ਦਿੱਲੀ ਵਿੱਚ ਪ੍ਰਚਾਰ ਕਰਨ ਲਈ ਭੇਜਿਆ ਗਿਆ। ਸੁਥਰੇ ਸ਼ਾਹ ਬਾਰਾਮੂਲਾ ਕਸ਼ਮੀਰ ਦੇ ਨੇੜਲੇ ਪਿੰਡ ਬਹਿਰਾਮਪੁਰ ਵਿੱਚ ਪੈਦਾ ਹੋਇਆ। ਕਿਹਾ ਜਾਂਦਾ ਹੈ ਉਹ ਖੱਤਰੀ ਪਰਿਵਾਰ ਨਾਲ ਸਬੰਧ ਰੱਖਦਾ ਸੀ। ਕਿਹਾ ਜਾਂਦਾ ਹੈ ਕਿ ਜਨਮ ਸਮੇਂ ਹੀ ਉਸ ਦੇ ਮੂੰਹ ਵਿੱਚ ਦੰਦ ਸਨ, ਜਿਸ ਕਰਕੇ ਉਸ ਦੇ ਮਾਤਾ ਪਿਤਾ ਨੇ ਉਸ ਨੂੰ ਬੁਰੀ ਆਤਮਾ ਸਮਝ ਕੇ ਘਰੋਂ ਬਾਹਰ ਸੁੱਟ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਛੇਵੇਂ ਗੁਰੂ ਕਸਮੀਰ ਤੋਂ ਵਾਪਸ ਆ ਰਹੇ ਸਨ, ਉਹਨਾਂ ਨੂੰ ਇਸ ਗੱਲ ਬਾਰੇ ਦੱਸਿਆ ਗਿਆ, ਉਨ੍ਹਾਂ ਨੇ ਇਸ ਬੱਚੇ ਨੂੰ ਚੁੱਕ ਕੇ ਕੀਰਤਪੁਰ ਲੈ ਆਂਦਾ ਤੇ ਇੱਥੇ ਉਸ ਦੀ ਵਧੀਆ ਪਰਵਰਿਸ਼ ਕੀਤੀ ਗਈ। ਉਸ ਦਾ ਨਾਂ ਸੁਥਰਾ ਰੱਖਿਆ ਗਿਆ ਤੇ ਵੱਡਾ ਹੋ ਕੇ ਉਹ ਇੱਕ ਸ਼ਰਧਾਵਾਨ ਸਿੱਖ ਬਣ ਗਿਆ।

ਸਿੱਖੀ ਦਾ ਪ੍ਰਚਾਰ ਕਰਨ ਲਈ ਦਿੱਤੀਆਂ ਗਈਆਂ ਪਹਿਲੀਆਂ ਤਿੰਨੇ ਬਖਸ਼ੀਸ਼ਾਂ ਇੰਨੀਆਂ ਕਮਯਾਬ ਰਹੀਆਂ ਕਿ ਤਿੰਨ ਹੋਰ ਬਖਸ਼ਿਸ਼ਾਂ ਸ਼ਾਮਿਲ ਕਰ ਦਿੱਤੀਆਂ ਗਈਆਂ। ਇੱਕ ਬਖਸੀਸ ਗੁਰੂ ਤੇਗ਼ ਬਹਾਦਰ ਜੀ ਨੇ ਅਤੇ ਦੋ ਗੁਰੂ ਗੋਬਿੰਦ ਸਿੰਘ

ਜੀ ਨੇ ਵੰਡੀਆਂ। ਇਸ ਸਮੇਂ ਸਿੱਖ ਧਰਮ ਲਈ ਪਹਿਲਾਂ ਥਾਪੇ ਗਏ ਮਸੰਦ ਹੁਣ ਭ੍ਰਿਸ਼ਟ ਹੋ ਚੁੱਕੇ ਸਨ, ਦਸਵੰਧ ਦਾ ਪੂਰਾ ਪੈਸਾ ਵੀ ਗੁਰੂ ਖ਼ਜ਼ਾਨੇ ਵਿੱਚ ਜਮ੍ਹਾਂ ਨਹੀਂ ਕਰਵਾਉਂਦੇ ਸਨ ਤੇ ਸਿੱਖੀ ਦੇ ਪ੍ਰਚਾਰ ਵਿੱਚ ਵੀ ਜ਼ਿਆਦਾ ਦਿਲਚਸਪੀ ਨਹੀਂ ਲੈਂਦੇ ਸਨ। ਉਨ੍ਹਾਂ ਦਾ ਮੁੱਖ ਮਕਸਦ ਧਨ ਦੌਲਤ ਇਕੱਠੀ ਕਰਕੇ ਐਸ਼ ਦੀ ਜ਼ਿੰਦਗੀ ਜਿਉਣਾ ਹੀ ਹੋ ਗਿਆ ਸੀ । ਸੋ ਗੁਰੂ ਜੀ ਦੁਆਰਾ ਥਾਪੇ ਗਏ ਇਨ੍ਹਾਂ ਨਵੇਂ ਪ੍ਰਚਾਰਕਾਂ ਨੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਖ਼ਾਸ ਕਰਕੇ ਦੂਰ ਦਰਾਡੇ ਦੀਆਂ ਮੁਸ਼ਕਿਲ ਨਾਲ ਪਹੁੰਚਣ ਵਾਲੀਆਂ ਥਾਵਾਂ ਤੇ ਜਾ ਕੇ ਸਿੱਖ ਧਰਮ ਨੂੰ ਫੈਲਾਇਆ। ਉਸ ਨੇ ਇੱਕ ਹੋਰ ਮਹੱਤਵਪੂਰਨ ਧਰਮ ਪਰਿਵਰਤਨ ਭਾਈ ਗੋਂਡਾ ਦਾ ਕੀਤਾ ਅਤੇ ਸਿੱਖ ਥਾਪ ਕਿ ਉਸ ਨੂੰ ਕਾਬੁਲ ਵਿਚ ਸਿੱਖੀ ਦੇ ਪ੍ਰਚਾਰ ਲਈ ਭੇਜਿਆ।

ਸਿੱਖ ਇਤਿਹਾਸਕਾਰ ਇਸ ਗੱਲ ਤੇ ਸਹਿਮਤ ਹਨ ਕਿ ਗੁਰੂ ਸਾਹਿਬ ਨੇ ਪੰਜਾਬ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ। ਉਹ ਜਲੰਧਰ ਜ਼ਿਲ੍ਹੇ ਵਿੱਚ ਮੁਕੰਦਪੁਰ ਥਾਂ ਤੇ ਗਏ ਤੇ ਆਪਣੇ ਪਹੁੰਚਣ ਦੀ ਖੁਸ਼ੀ ਵਿੱਚ ਉੱਥੇ ਇੱਕ ਬਾਂਸ ਦਾ ਦਰੱਖਤ ਲਾਇਆ ਜੋ 1909 ਈ. ਤੱਕ ਉੱਥੇ ਮੌਜੂਦ ਸੀ। ਇਸ ਤੋਂ ਬਾਅਦ ਗੁਰੂ ਜੀ ਪੰਜਾਬ ਦੇ ਮਾਲਵਾ ਖੇਤਰ ਵਿੱਚ ਪ੍ਰਚਾਰ ਹਿੱਤ ਗਏ। ਉੱਥੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਮਹਿਰਾਜ ਦੇ ਦੋ ਭਰਾਵਾਂ ਕਾਲਾ ਅਤੇ ਕਰਮ ਚੰਦ ਨੇ ਗੁਰੂ ਜੀ ਦਾ ਸਵਾਗਤ ਕੀਤਾ। ਉਨ੍ਹਾਂ ਨੇ ਗੁਰੂ ਜੀ ਨੂੰ ਸ਼ਿਕਾਇਤ ਕੀਤੀ ਕਿ ਕੌੜਾ ਕਬੀਲੇ ਦੇ ਲੋਕ ਉਨ੍ਹਾਂ ਨਾਲ ਦੁਸ਼ਮਣੀ ਰੱਖਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਵੀ ਜਗ੍ਹਾ ਤੇ ਟਿਕਣ ਨਹੀਂ ਦਿੰਦੇ। ਗੋਕਲ ਚੰਦ ਨਾਰੰਗ 'ਹਿਸਟਰੀ ਆਫ ਪੰਜਾਬ' ਵਿੱਚ ਲਿਖਦੇ ਹਨ ਕਿ ਗੁਰੂ ਹਰ ਰਾਏ ਨੇ ਉਨ੍ਹਾਂ ਦੀ ਸੁਲ੍ਹਾ ਕਰਵਾਉਣ ਦੇ ਯਤਨ ਕੀਤੇ ਤਾਂ ਕਿ ਮਸਲਾ ਸ਼ਾਂਤੀ ਨਾਲ ਨਿੱਬੜ ਜਾਏ ਪ੍ਰੰਤੂ ਉਨ੍ਹਾਂ ਨੂੰ ਇਸ ਕੰਮ ਵਿਚ ਸਫਲਤਾ ਨਹੀਂ ਮਿਲੀ ਜਿਸ ਕਰਕੇ ਗੁਰੂ ਜੀ ਨੇ ਮਹਿਰਾਜ ਦੇ ਇਨ੍ਹਾਂ ਦੋਵਾਂ ਭਰਾਵਾਂ ਦਾ ਸਾਥ ਦਿੱਤਾ ਅਤੇ ਉਨ੍ਹਾਂ ਨੇ ਜ਼ਮੀਨ ਤੇ ਜ਼ਬਰਦਸਤੀ ਕਬਜ਼ਾ ਕਰਕੇ ਕੌੜਾ ਕਬੀਲੇ ਦੇ ਲੋਕਾਂ ਨੂੰ ਖਦੇੜ ਦਿੱਤਾ ਅਤੇ ਆਪਣਾ ਬਸੇਰਾ ਉੱਥੇ ਕਰ ਲਿਆ।

ਗੁਰੂ ਜੀ ਮਹਿਰਾਜ ਦੇ ਨੇੜਲੇ ਪਿੰਡ ਨਥਾਣੇ ਕੁਝ ਸਮਾਂ ਰਹੇ ਤੇ ਉੱਥੇ ਸਿੱਖੀ ਦਾ ਪ੍ਰਚਾਰ ਕੀਤਾ। ਕਾਲਾ ਗੁਰੂ ਜੀ ਕੋਲ ਆਮ ਹੀ ਆਉਂਦਾ ਰਹਿੰਦਾ ਸੀ। ਇੱਕ ਵਾਰ ਉਸ ਦੇ ਨਾਲ ਉਸ ਦੇ ਦੋ ਭਤੀਜੇ ਸੰਦਲੀ ਤੇ ਫੂਲ ਵੀ ਆਏ। ਇਹ ਭਾਈ ਰੂਪ ਚੰਦ ਦੇ ਪੁੱਤਰ ਸਨ ਤੇ ਭਾਈ ਰੂਪ ਚੰਦ ਗੁਰੂ ਹਰਗੋਬਿੰਦ ਸਾਹਿਬ ਦਾ ਸੇਵਕ ਸੀ ਅਤੇ ਇੱਕ ਲੜਾਈ ਵਿੱਚ ਮਾਰਿਆ ਗਿਆ ਸੀ। ਉਸ ਸਮੇਂ ਫੂਲ ਸਿਰਫ਼ ਪੰਜਾਂ ਸਾਲਾਂ ਦਾ ਸੀ। ਗੁਰੂ ਜੀ ਨੇ ਦੇਖਿਆ ਕਿ ਫੂਲ ਆਪਣੇ ਪੇਟ ਤੇ ਹੱਥ ਮਾਰ ਰਿਹਾ ਸੀ। ਜਦੋਂ ਗੁਰੂ ਜੀ ਨੇ ਪੁੱਛਿਆ ਕਿ ਕੀ ਕਰ ਰਿਹਾ ਹੈ ਤਾਂ ਕਾਲੇ ਨੇ ਦੱਸਿਆ ਕਿ

ਫੂਲ ਗੂੰਗਾ ਹੈ, ਬੋਲ ਨਹੀਂ ਸਕਦਾ, ਉਹ ਜਦੋਂ ਵੀ ਭੁੱਖ ਲੱਗਦੀ ਹੈ, ਇਸੇ ਤਰ੍ਹਾਂ ਢਿੱਡ ਵਜਾਉਂਦਾ ਹੈ। ਗੁਰੂ ਜੀ ਦਾ ਦਿਲ ਪਸੀਜ ਗਿਆ। ਉਨ੍ਹਾਂ ਨੇ ਫੂਲ ਨੂੰ ਵਰ ਦਿੱਤਾ ਕਿ ਇਹ ਭੁੱਖਾ ਨਹੀਂ ਰਹੇਗਾ ਸਗੋਂ ਅੱਗੇ ਜਾ ਕੇ ਹੋਰਾਂ ਨੂੰ ਰਜਾਏਗਾ। ਇਹ ਮਹਾਨ ਮਸ਼ਹੂਰ ਤੇ ਧਨਵਾਨ ਵਿਅਕਤੀ ਬਣੇਗਾ। ਇਸ ਦੇ ਉੱਤਰ ਅਧਿਕਾਰੀਆਂ ਦੇ ਘੋੜੇ ਜਮਨਾ ਦਰਿਆ ਤੱਕ ਪਾਣੀ ਪੀਣਗੇ। ਉਹ ਜਦੋਂ ਤੱਕ ਗੁਰੂ ਦੀ ਸੇਵਾ ਵਿੱਚ ਰਹਿਣਗੇ ਤਾਂ ਅਜਾਦ ਰਹਿਣਗੇ ਅਤੇ ਸਨਮਾਨਜਨਕ ਜ਼ਿੰਦਗੀ ਬਸਰ ਕਰਨਗੇ। ਬੇਸ਼ੱਕ ਇਹ ਇਕ ਭਵਿੱਖਬਾਣੀ ਸੀ ਪਰ ਇਹ ਸੱਚ ਸਾਬਤ ਹੋਈ। ਇਤਿਹਾਸ ਵਿੱਚ ਇੰਦੂ ਭੂਸ਼ਣ ਬੈਨਰਜੀ, ਗੋਪਾਲ ਚੰਦ ਨਾਰੰਗ ਅਤੇ ਹਰੀ ਰਾਮ ਗੁਪਤਾ ਨੇ ਵੀ ਇਸ ਘਟਨਾ ਦੀ ਤਸਦੀਕ ਕੀਤੀ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੂੰਗਾ ਬੋਲ਼ਾ ਪਰ ਸਾਫ਼ ਦਿਲ ਫੂਲ ਨੂੰ ਗੁਰੂ ਹਰਿਰਾਇ ਜੀ ਨੇ ਅਹਿਮੀਅਤ ਦਿੱਤੀ। ਬਾਅਦ ਵਿੱਚ ਉਸ ਦੀ ਆਉਣ ਵਾਲੀ ਪੀੜ੍ਹੀ ਲਈ ਵੀ ਵੱਡੇ ਮਾਨ ਸਨਮਾਨ ਦੀ ਗੱਲ ਰਹੀ। ਤਵਾਰੀਖ ਏ ਗੁਰੂ ਖਾਲਸਾ ਵਿੱਚ ਵੀ ਲਿਖਿਆ ਹੈ ਕਿ ਜਦੋਂ ਕਾਲੇ ਨੇ ਘਰ ਜਾ ਕੇ ਆਪਣੀ ਘਰਵਾਲੀ ਨੂੰ ਇਹ ਘਟਨਾ ਸੁਣਾਈ ਤੋਂ ਉਸ ਉਸ ਨੇ ਕਾਲੇ ਨੂੰ ਆਪਣੇ ਪੁੱਤਰਾਂ ਨੂੰ ਵੀ ਗੁਰੂ ਜੀ ਕੋਲ ਲੈ ਕੇ ਜਾਣ ਲਈ ਕਿਹਾ। ਜਦੋਂ ਕਾਲਾ ਆਪਣੇ ਪੁੱਤਰਾਂ ਨੂੰ ਗੁਰੂ ਜੀ ਕੋਲ ਲੈ ਕੇ ਗਿਆ ਤੇ ਮੇਹਰ ਭਰਿਆ ਹੱਥ ਸਿਰ ਤੇ ਰੱਖਣ ਲਈ ਕਿਹਾ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਵੀ ਪਿਆਰ ਦਿੱਤਾ ਤੇ ਕਿਹਾ ਕਿ ਇਹ ਵੀ ਆਪਣੀਆਂ ਜ਼ਮੀਨਾਂ ਤੇ ਕਦੇ ਵੀ ਮਾਮਲਾ ਨਹੀਂ ਤਾਰਨਗੇ।

ਇਹ ਭਵਿੱਖਬਾਣੀ ਸੱਚੀ ਸਾਬਤ ਹੋਈ ਅਤੇ ਕਾਲੇ ਦੀਆਂ ਅਗਲੀਆਂ ਪੀੜ੍ਹੀਆਂ ਕੋਲ ਬਾਈ ਪਿੰਡਾਂ ਦੀ ਮਾਲਕੀ ਰਹੀ ਜਿਸ ਨੂੰ ਬਾਹੀਆ ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਕਦੇ ਵੀ ਇਨ੍ਹਾਂ ਪਿੰਡਾਂ ਦਾ ਮਾਮਲਾ ਜਾਂ ਜਮੀਨੀ ਟੈਕਸ ਨਹੀਂ ਦੇਣਾ ਪਿਆ। ਬਾਹੀਏ ਵਿੱਚ ਮਹਿਰਾਜ ਦੇ ਨੇੜੇ ਤੇੜੇ ਦੇ ਬਾਈ ਪਿੰਡ ਅੱਜ ਵੀ ਘੁੱਗ ਵਸਦੇ ਹਨ ਇਹ ਜਿਆਦਾਤਰ ਸਿੱਧੂ ਗੋਤ ਦੇ ਹਨ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਵੱਡੇ ਵਡੇਰੇ ਮਹਿਰਾਜ ਪਿੰਡ ਦੇ ਹੀ ਹਨ ਅਤੇ ਮਾਲ ਮਹਿਕਮੇ ਦੇ ਰਿਕਾਰਡ ਮੁਤਾਬਿਕ ਮਹਿਰਾਜ ਪੰਜਾਬ ਦਾ ਸਭ ਤੋਂ ਵੱਡਾ ਪਿੰਡ ਹੈ। ਪਿੰਡ ਦੀਆਂ ਮੁੱਖ ਚਾਰ ਪੱਤੀਆਂ ਕਾਲਾ, ਕਰਮਚੰਦ, ਸੰਦਲੀ ਅਤੇ ਸੌਲ ਪੱਤੀ ਹਨ ਜੋ ਦੂਰ ਦੂਰ ਤੱਕ ਫੈਲੀਆਂ ਹੋਈਆਂ ਹਨ। ਪਿੰਡ ਵਿੱਚ ਨਗਰ ਪੰਚਾਇਤਾਂ ਤੇ ਕਈ ਸਕੂਲ ਹਨ। ਇਸ ਪਿੰਡ ਵਿੱਚ ਉਸ ਸਮੇਂ ਸਿੱਖ ਗੁਰੂਆਂ ਦਾ ਬਹੁਤ ਜਸ ਸੀ। ਇਹ ਪਿੰਡ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਨਾਲ ਕਾਲੇ ਨੇ ਵਸਾਇਆ ਸੀ। ਇਥੇ ਗੁਰੂ ਛੇਵੇਂ ਨੂੰ ਯੁੱਧ ਵੀ ਕਰਨਾ ਪਿਆ ਸੀ।

ਇਸ ਤਰ੍ਹਾਂ ਗੁਰੂ ਹਰ ਰਾਇ ਜੀ ਫੂਲ ਅਤੇ ਕਾਲੇ ਦੀ ਸੰਤਾਨ ਨੂੰ ਵਰ ਨੂੰ ਦੇ ਕੇ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ ਹੋਏ ਮਾਲਵੇ ਦੀ ਧੁਨੀ ਸੰਗਰੂਰ, ਸਮਾਣਾ,

ਸੁਨਾਮ ਤੇ ਗੂਹਲਾ ਚੀਕਾ ਆਦਿ ਥਾਵਾਂ ਤੇ ਸੰਗਤਾਂ ਨੂੰ ਸਿੱਖ ਧਰਮ ਵਿੱਚ ਪ੍ਰਪੱਕ ਕਰਨ ਲੱਗੇ। ਉਹਨਾਂ ਨੇ ਕੈਥਲ ਦੇ ਭਾਈ ਅਤੇ ਬਾਗੜੀਆ ਕਬੀਲੇ ਨੂੰ ਵੀ ਗੁਰੂ ਚਰਨਾਂ ਨਾਲ ਜੋੜਿਆ। ਇਹ ਕਬੀਲੇ ਉਥੇ ਤਾਕਤਵਰ ਯੋਧੇ ਸਨ। ਗੁਰੂ ਜੀ ਨੇ ਉਹਨਾਂ ਨੂੰ ਸਿੱਖ ਧਰਮ ਦੀ ਮਹਾਨਤਾ ਬਾਰੇ ਚਾਨਣਾ ਪਾਇਆ। ਉਹ ਗੁਰੂ ਹਰ ਰਾਇ ਜੀ ਦੇ ਸ਼ਾਂਤ, ਨਿਰਮਲ ਸੁਭਾਅ ਅਤੇ ਸਚਾਈ ਤੋਂ ਬਹੁਤ ਪ੍ਰਭਾਵਤ ਹੋਏ ਅਤੇ ਗੁਰੂ ਦੇ ਅਨਿਨ ਸੇਵਕ ਬਣ ਗਏ। ਗੁਰੂ ਜੀ ਨੇ ਮਾਲਵੇ ਵਿੱਚ ਸਿੱਖੀ ਦੇ ਬੂਟੇ ਦੀਆਂ ਜੜ੍ਹਾਂ ਪਾਤਾਲ ਤੱਕ ਪਹੁੰਚਾ ਦਿੱਤੀਆਂ।

ਗੁਰੂ ਹਰ ਰਾਇ ਜੀ ਨੇ ਸ਼ਾਂਤੀਪੂਰੀਬਕ ਤਰੀਕੇ ਨਾਲ ਮਹੱਤਵਪੂਰਣ ਪਰਿਵਾਰਾਂ ਨੂੰ ਸਿੱਖ ਧਰਮ ਵਿੱਚ ਪ੍ਰਵਰਤਿਤ ਕੀਤਾ। ਇਹਨਾਂ ਥਾਵਾਂ 'ਤੇ ਸਿੱਖ ਧਰਮ ਬਹੁਤ ਹਰਮਨ ਪਿਆਰਾ ਬਣ ਗਿਆ ਕਿਉਂਕਿ ਜਦੋਂ ਕੋਈ ਚੌਧਰੀ ਜਾਂ ਸਰਦਾਰ ਜਾਂ ਕਿਸੇ ਕਬੀਲੇ ਦਾ ਮੁਖੀ ਸਿੱਖ ਧਰਮ ਵਿੱਚ ਆ ਜਾਂਦਾ ਸੀ ਤਾਂ ਉਹਨਾਂ ਨਾਲ ਜੁੜੇ ਅਨੇਕਾਂ ਲੋਕ ਵੀ ਸਿੱਖ ਧਰਮ ਵਿੱਚ ਆ ਜਾਂਦੇ ਸਨ। ਫੌਜ ਸਿੰਘ ਇਤਿਹਾਸਕਾਰ, 'ਸਿੱਖਇਜ਼ਮ' ਵਿੱਚ ਵਰਨਣ ਕਰਦੇ ਹਨ ਕਿ ਮਾਲਵੇ ਦੀ ਇਸ ਧਰਤੀ 'ਤੇ ਸਿੱਖ ਧਰਮ ਦੇ ਤੇਜ਼ੀ ਨਾਲ ਫੈਲਣ ਦੀ ਜ਼ਮੀਨ ਤਿਆਰ ਹੋ ਰਹੀ ਸੀ। ਸਿੱਖ ਧਰਮ ਦੇ ਫੈਲਾਅ ਦੀ ਤਰੱਕੀ ਦੀ ਰਫਤਾਰ ਨੌਂਵੇਂ ਗੁਰੂ ਤੇਗ ਬਹਾਦਰ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਵੇਲੇ ਹੋਰ ਵੀ ਤੇਜ਼ ਹੋ ਗਈ ।

ਗੁਰੂ ਜੀ ਨੇ ਨਾ ਸਿਰਫ ਸਿੱਖ ਧਰਮ ਦੀਆਂ ਸੰਸਥਾਵਾਂ ਦਾ ਵਿਕਾਸ ਕੀਤਾ ਸਗੋਂ ਉਹਨਾਂ ਨੂੰ ਪੱਕੇ ਪੈਰੀਂ ਖੜ੍ਹਾ ਵੀ ਕੀਤਾ। ਉਹਨਾਂ ਨੇ ਬਖਸ਼ੀਸ਼ ਵਰਗੇ ਨਵੇਂ ਧਰਮ ਪ੍ਰਚਾਰ ਕੇਂਦਰ ਖੋਲੇ, ਪਹਿਲੇ ਖੁਲ੍ਹੇ ਹੋਏ ਕੇਂਦਰਾਂ ਦਾ ਵਿਸਥਾਰ ਕੀਤਾ ਅਤੇ ਜਿੱਥੇ ਜਿੱਥੇ ਜ਼ਰੂਰੀ ਸਮਝਿਆ ਉੱਥੇ ਆਪ ਜਾ ਕੇ ਧਰਮ ਪ੍ਰਚਾਰ ਵੀ ਕੀਤਾ। ਸਿੱਖ ਧਰਮ ਨੂੰ ਹਰਮਨ-ਪਿਆਰਾ ਬਣਾਉਣ ਲਈ ਮਾਲਵੇ ਵਰਗੇ ਰੇਤੀਲੇ ਅਤੇ ਘੱਟ ਉਪਜਾਊ ਖੇਤਰ ਦਾ ਦੌਰਾ ਕੀਤਾ। ਇਹ ਖੇਤਰ ਉਸ ਸਮੇਂ ਨਾ ਤਾ ਮੁਗਲ ਸ਼ਾਸਨ ਦੇ ਚੰਗੀ ਤਰਾਂ ਅਧੀਨ ਸੀ ਅਤੇ ਨਾ ਹੀ ਮੁਸਲਮਾਨ ਧਾਰਮਿਕ ਲੋਕਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਸੀ। ਇਹ ਸਿੱਖ ਧਰਮ ਦੇ ਪੁੰਗਰਨ ਤੇ ਫੈਲਾਅ ਲਈ ਜ਼ਰਖੇਜ ਖਿੱਤਾ ਸਾਬਤ ਹੋਇਆ। ਪਟਿਆਲਾ, ਨਾਭਾ ਅਤੇ ਜੀਂਦ ਰਿਆਸਤਾਂ ਦੇ ਵੱਡੇ-ਵਡੇਰੇ ਸਿੱਖ ਧਰਮ ਦੇ ਆਗੋਸ਼ ਵਿੱਚ ਆ ਗਏ ਅਤੇ ਆਉਣ ਵਾਲੇ ਗੁਰੂਆਂ ਲਈ ਇੱਥੇ ਧਰਮ ਪ੍ਰਚਾਰ ਕਰਨਾ ਸੌਖਾ ਹੋ ਗਿਆ।

ਗੁਰੂ ਹਰ ਰਾਇ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਦੇ ਨਾਲ 'ਗੁਰੂ ਕਾ ਲੰਗਰ' ਸੰਸਥਾ ਦਾ ਵਿਕਾਸ ਕਰਕੇ ਇਹਨਾਂ ਸ਼ਰਧਾਲੂਆਂ ਨੂੰ ਆਪਣੇ ਤੌਰ 'ਤੇ ਲੰਗਰ ਲਾਉਣ ਲਈ ਵੀ ਉਪਦੇਸ਼ ਦਿੱਤਾ। ਉਹਨਾਂ ਨੇ ਸਿੱਖ ਸੰਗਤਾਂ ਨਾਲ ਜੁੜਣ ਲਈ ਧਾਰਮਿਕ ਭਾਸ਼ਨ, ਕੀਰਤਨ ਅਤੇ ਪ੍ਰਭੂ-ਭਗਤੀ ਤੇ ਖ਼ਾਸ ਜ਼ੋਰ ਦਿੱਤਾ। ਸਵੇਰ ਸ਼ਾਮ

ਸੰਗਤਾਂ ਵਿੱਚ ਬਾਣੀ ਤੇ ਕੀਰਤਨ ਜਾ ਪ੍ਰਵਾਹ ਚੱਲਦਾ ਰਹਿੰਦਾ। ਫੌਜੀ ਕਾਰਵਾਈਆਂ ਦਾ ਅਭਿਆਸ ਵੀ ਨਿਰਵਿਘਨ ਚੱਲਦਾ ਸੀ। ਗੁਰੂ ਹਰ ਰਾਇ ਨੇ ਉਸ ਸਮੇਂ ਦੇ ਹਾਲਤਾਂ ਦਾ ਜਾਇਜ਼ਾ ਲੈਂਦੇ ਹੋਏ ਸਿੱਖ ਸੰਗਤ ਨੂੰ ਸਹੀ ਸੇਧ ਦਿੱਤੀ। ਉਹਨਾਂ ਸੱਚੇ ਧਾਰਮਿਕ ਤੇ ਅਧਿਆਤਮਕ ਆਗੂ ਦਾ ਰੋਲ ਅਦਾ ਕੀਤਾ। ਉਹ ਕੁਸ਼ਲ ਪ੍ਰਬੰਧਕ ਸੁਚੇਤ ਆਗੂ, ਨਿਮਰਤਾ ਦੀ ਮੂਰਤ ਪਰ ਸੱਚੇ ਤੇ ਦ੍ਰਿੜ ਇਰਾਦੇ ਦੇ ਮਾਲਕ ਸਨ। ਉਹਨਾਂ ਨੇ ਸਿੱਖਾਂ ਵਿੱਚ ਵੀ ਇਹੀ ਗੁਣ ਭਰੇ ਅਤੇ ਤਾ ਜੀਵਨ ਇਸੇ ਮਾਰਗ 'ਤੇ ਜੋ ਸੱਚਾਈ ਤੇ ਪਵਿੱਤਰਤਾ ਦਾ ਮਾਰਗ ਸੀ, ਚੱਲਦੇ ਰਹੇ।

# ਗੁਰੂ ਹਰ ਰਾਇ ਦੇ ਮੁਗਲਾਂ ਨਾਲ ਸਬੰਧ

ਸਿੱਖ ਇਤਿਹਾਸਕਾਰ ਸਰੂਪ ਦਾਸ ਭੱਲਾ 'ਮਹਿਮਾ ਪ੍ਰਕਾਸ਼' ਵਿੱਚ ਲਿਖਦੇ ਹਨ ਕਿ ਸਿੱਖ ਧਰਮ ਦੇ ਸਰੋਤਾਂ ਅਨੁਸਾਰ ਗੁਰੂ ਹਰ ਰਾਇ ਦੇ ਸਬੰਧ ਭਾਰਤ ਦੇ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਨਾਲ ਮਿੱਤਰਤਾ ਪੂਰਨ ਰਹੇ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਹਰ ਰਾਇ ਦੀ ਗੁਰਗੱਦੀ ਦੇ ਪਹਿਲੇ ਚੌਦਾਂ ਸਾਲ ਸ਼ਾਂਤੀ, ਸਦਭਾਵਨਾ ਅਤੇ ਸੱਭਿਆਚਾਰਕ ਉਨਤੀ ਵਿੱਚ ਹੀ ਬੀਤੇ।

1652 ਈਸਵੀ ਵਿੱਚ ਵਾਪਰੀ ਇੱਕ ਘਟਨਾ ਵੀ ਗੁਰੂ ਜੀ ਦੇ ਮੁਗਲ ਬਾਦਸਾਹ ਸ਼ਾਹ ਜਹਾਨ ਨਾਲ ਵਧੀਆ ਸੰਬੰਧਾਂ ਨੂੰ ਹੀ ਦਰਸਾਉਂਦੀ ਹੈ। ਉਸ ਸਾਲ ਬਾਦਸ਼ਾਹ ਦਾ ਬੇਟਾ ਦਾਰਾ ਸ਼ਿਕੋਹ  ਬਹੁਤ ਬਿਮਾਰ ਹੋ ਗਿਆ ਸੀ। ਮੈਕਾਲਿਫ਼ ਦੇ ਅਨੁਸਾਰ ਸ਼ਾਹ ਜਹਾਨ ਦਾ ਇੱਕ ਪੁੱਤਰ ਔਰੰਗਜੇਬ ਜੋ ਬਾਅਦ ਵਿੱਚ ਮੁਗਲ ਸ਼ਾਸਕ ਬਣਿਆ, ਬਹੁਤ ਹੀ ਚੁਸਤ ਚਲਾਕ ਤੇ ਬੇਈਮਾਨ ਸੀ। ਉਸ ਨੇ ਦਾਰਾ ਸ਼ਿਕੋਹ ਨੂੰ ਕਿਸੇ ਤਰੀਕੇ ਸ਼ੇਰ ਦੀ ਮੁੱਛ ਦਾ ਵਾਲ ਖੁਆ ਦਿੱਤਾ। ਜਿਸ ਦੇ ਸਿੱਟੇ ਵਜੋਂ ਦਾਰਾ ਸਖਤ ਬਿਮਾਰ ਹੋ ਗਿਆ। ਉਸ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਸ਼ਾਹ ਜਹਾਨ ਨੇ ਰਾਜ ਦੇ ਮਸ਼ਹੂਰ ਵੈਦਾਂ ਤੇ ਹਕੀਮਾਂ ਤੋਂ ਦਾਰੇ ਦਾ ਇਲਾਜ ਕਰਵਾਇਆ ਪ੍ਰੰਤੂ ਕੋਈ ਫਰਕ ਨਾ ਪਿਆ। ਕਿਸੇ ਹਕੀਮ ਨੇ ਸ਼ਾਹ ਜਹਾਨ ਨੂੰ ਕਿਹਾ ਕਿ ਜੇਕਰ 14 ਛਟਾਕਾਂ ਦੀ ਇੱਕ ਹਰੜ ਅਤੇ ਇੱਕ ਮਾਸੇ ਦਾ ਲੌਂਗ ਮਿਲ ਜਾਏ ਤਾਂ ਉਸ ਦੀ ਦਵਾਈ ਬਣਾ ਕੇ ਸ਼ਹਿਜ਼ਾਦੇ ਨੂੰ ਖਵਾਉਣ ਨਾਲ ਉਸ ਦੀ ਬਿਮਾਰੀ ਜਾ ਸਕਦੀ ਹੈ। ਮੁਗਲ ਬਾਦਸ਼ਾਹ ਨੇ ਦੂਰ ਦੂਰ ਤੱਕ ਆਪਣੇ ਆਦਮੀਆਂ ਨੂੰ ਇਨ੍ਹਾਂ ਚੀਜ਼ਾਂ ਨੂੰ ਲਿਆਉਣ ਹਿੱਤ ਭੇਜਿਆ ਪਰ ਕਿਤੋਂ ਨਹੀਂ ਮਿਲੀਆਂ। ਇੱਕ ਪੀਰ ਹਸਨ ਅਲੀ ਨੇ ਬਾਦਸ਼ਾਹ ਨੂੰ ਦੱਸਿਆ ਕਿ ਇਹ ਚੀਜ਼ਾਂ ਸਿੱਖ ਗੁਰੂ ਹਰ ਰਾਇ ਦੇ ਦਵਾਖਾਨੇ ਵਿੱਚੋਂ ਮਿਲ ਸਕਦੀਆਂ ਹਨ। ਬਾਦਸ਼ਾਹ ਸ਼ਾਹ ਜਹਾਨ ਨੇ ਬਹੁਤ ਹੀ ਨਿਮਰਤਾ ਸਹਿਤ ਪੱਤਰ ਲਿਖਕੇ ਗੁਰੂ ਜੀ ਨੂੰ ਇਹ ਦੋਵੇਂ ਚੀਜਾਂ ਦੇਣ ਲਈ ਬੇਨਤੀ ਕੀਤੀ ਤਾਂ ਜੋ ਦਾਰੇ ਦਾ ਕਸ਼ਟ ਕੱਟਿਆ ਜਾ ਸਕੇ। ਮੈਕਾਲਿਫ਼ ਦੇ ਅਨੁਸਾਰ ਸ਼ਾਹ ਜਹਾਨ ਨੇ ਲਿਖਿਆ–

'ਤੁਹਾਡੇ ਪੂਰਵਜ ਪਵਿੱਤਰ ਬਾਬਾ ਨਾਨਕ ਗੁਰੂ ਨੇ ਬਾਦਸ਼ਾਹ ਬਾਬਰ, ਜੋ ਮੁਗਲ ਬਾਦਸ਼ਾਹ ਖਾਨਦਾਨ ਦਾ ਸੰਸਥਾਪਕ ਸੀ ਨੂੰ ਪ੍ਰਭੂਤਾ ਬਖਸ਼ੀ ਸੀ । ਗੁਰੂ ਅੰਗਦ ਨੇ ਬਾਦਸ਼ਾਹ ਹਮਾਯੂੰ ਨਾਲ ਵਧੀਆ ਵਿਹਾਰ ਕੀਤਾ ਸੀ, ਗੁਰੂ ਅਮਰਦਾਸ ਜੀ ਨੇ ਮੇਰੇ ਦਾਦਾ ਬਾਦਸ਼ਾਹ ਅਕਬਰ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਸਨ। ਮੈਨੂੰ

ਅਫਸੋਸ ਹੈ ਕਿ ਮੇਰੇ ਤੇ ਗੁਰੂ ਹਰਗੋਬਿੰਦ ਵਿਚਲੇ ਇਹੋ ਜਿਹੇ ਵਧੀਆ ਰਿਸ਼ਤੇ ਨਹੀਂ ਰਹੇ। ਅਜਨਬੀ ਲੋਕਾਂ ਨੇ ਭਰਮ ਭੁਲੇਖੇ ਖੜ੍ਹੇ ਕੀਤੇ। ਮੇਰਾ ਕੋਈ ਕਸੂਰ ਨਹੀਂ ਸੀ ਹੁਣ ਮੇਰਾ ਪੁੱਤਰ ਦਾਰਾ ਸ਼ਿਕੋਹ ਬਹੁਤ ਬੀਮਾਰ ਹੈ, ਉਸ ਦਾ ਇਲਾਜ ਤੁਹਾਡੇ ਹੱਥ ਹੈ। ਜੇਕਰ ਤੁਸੀਂ ਸਾਨੂੰ 'ਗਜ਼ ਮੁਕਤਾ ਗਏ ਹਰੜ' ਅਤੇ ਮਾਸਾ ਲੌਂਗ ਜੋ ਤੁਹਾਡੇ ਦਵਾਖਾਨੇ ਵਿੱਚ ਹਨ ਦੇ ਦੇਵੋ ਤਾਂ ਤੁਹਾਡੀ ਬੜੀ ਕਿਰਪਾ ਹੋਵੇਗੀ।'

ਇੱਕ ਦਰਬਾਰੀ ਨੂੰ ਇਹ ਪੱਤਰ ਦੇ ਕੇ ਗੁਰੂ ਜੀ ਕੋਲ ਕੀਰਤਪੁਰ ਭੇਜਿਆ ਗਿਆ ਅਤੇ ਸਵੇਰ ਸਮੇਂ ਦੇ ਦਰਬਾਰ ਵਿੱਚ ਗੁਰੂ ਜੀ ਨੂੰ ਪੇਸ਼ ਕੀਤਾ ਗਿਆ। ਗੁਰੂ ਜੀ ਸ਼ਾਹ ਜਹਾਨ ਦੇ ਮਿੱਤਰਤਾਪੂਰਨ ਅਤੇ ਵਿਸ਼ਵਾਸ ਪੂਰਨ ਰਵੱਈਏ ਤੋਂ ਖੁਸ਼ ਹੋਏ। ਉਨ੍ਹਾਂ ਨੇ ਇਹ ਦੋਵੇਂ ਜੜ੍ਹੀ ਬੂਟੀਆਂ, ਹਰੜ ਤੇ ਲੌਂਗ ਦੇ ਨਾਲ ਇੱਕ ਤੀਜੀ ਦਵਾਈ ਗਜ ਮੋਤੀ ਵੀ ਦਿੱਤਾ ਜਿਸ ਨੂੰ ਪੀਸ ਕੇ ਖਾਣ ਨਾਲ ਦਾਰੇ ਦੇ ਕਮਜ਼ੋਰ ਸਰੀਰ ਵਿੱਚ ਤਾਕਤ ਵੀ ਆ ਜਾਣੀ ਸੀ। ਗੁਰੂ ਜੀ ਸੱਚਮੁੱਚ ਉਸ ਦਰੱਖਤ ਵਾਂਗ ਸਨ ਜਿਸ ਨੂੰ ਬੇਸ਼ੱਕ ਕੁਹਾੜੇ ਨਾਲ ਕੱਟ ਦਿੱਤਾ ਜਾਵੇ, ਕਦੇ ਗੁੱਸਾ ਨਹੀਂ ਕਰਦਾ। ਲੱਕੜਹਾਰੇ ਨੂੰ ਕੋਈ ਦੋਸ਼ ਨਹੀਂ ਦਿੰਦਾ ਪਰ ਉਸ ਦੀ ਲੋੜ ਪੂਰੀ ਕਰ ਦਿੰਦਾ ਹੈ। ਗੁਰੂ ਜੀ ਬੁਰਾਈ ਦੇ ਬਦਲੇ ਚੰਗਿਆਈ ਬਖ਼ਸ਼ ਰਹੇ ਸਨ, ਕਿਉਂਕਿ ਇਤਿਹਾਸ ਗਵਾਹ ਹੈ ਕਿ ਸਿਰਫ਼ ਸ਼ਾਹ ਜਹਾਨ ਨੇ ਹੀ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਲੜਾਈਆਂ ਨਹੀਂ ਸੀ ਕੀਤੀਆਂ ਸਗੋਂ ਉਸ ਦੇ ਪਿਤਾ ਜਹਾਂਗੀਰ ਨੇ ਵੀ ਪੰਜਵੀਂ ਜੋਤ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਇਸ ਮੌਕੇ ਸਾਰਾ ਕੁਝ ਤਾਜ਼ਾ ਹੋਣ ਦੇ ਬਾਵਜੂਦ ਗੁਰੂ ਹਰ ਰਾਇ ਜੀ ਨੇ ਆਸਾ ਦੀ ਵਾਰ ਵਿੱਚੋਂ ਚੌਦਵਾਂ ਸ਼ਲੋਕ ਪੜ੍ਹਿਆ ਜਿਸ ਦਾ ਭਾਵ ਸੀ ਕਿ ਜੇ ਕੋਈ ਤੁਹਾਡੇ ਕੋਲ ਉਮੀਦ ਲੈ ਕੇ ਆਵੇ ਉਹ ਨਿਰਾਸ਼ ਨਹੀਂ ਜਾਣਾ ਚਾਹੀਦਾ।

ਇਹ ਤਿੰਨੋਂ ਚੀਜ਼ਾਂ ਪ੍ਰਾਪਤ ਕਰਕੇ ਬਾਦਸ਼ਾਹ ਸਰਸ਼ਾਰ ਹੋ ਗਿਆ ਅਤੇ ਕਹਿਣ ਲੱਗਾ ਪ੍ਰਮਾਤਮਾ ਦੇ ਰੰਗ ਦੇਖੋ ਜੋ ਚੀਜ਼ਾਂ ਇੱਕ ਬਾਦਸ਼ਾਹ ਦੇ ਖ਼ਜ਼ਾਨਿਆਂ ਵਿੱਚ ਨਹੀਂ ਮਿਲੀਆਂ ਉਹ ਇੱਕ ਸੰਤ ਦੇ ਬਾਗ਼ ਵਿੱਚੋਂ ਕੀਰਤਪੁਰ ਤੋਂ ਮਿਲ ਗਈਆਂ। ਇਹ ਚੀਜ਼ਾਂ ਦਾਰਾ ਸ਼ਿਕੋਹ ਨੂੰ ਖਵਾਈਆਂ ਗਈਆਂ, ਜਲਦੀ ਹੀ ਦਾਰਾ ਨਵਾਂ ਨਰੋਆ ਹੋ ਗਿਆ।, ਇਸ ਤੇ ਬਾਦਸ਼ਾਹ ਬਹੁਤ ਖ਼ੁਸ਼ ਹੋਇਆ ਅਤੇ ਉਸ ਨੇ ਗੁਰੂ ਹਰ ਰਾਇ ਜੀ ਨਾਲ ਦੋਸਤਾਨਾ ਸਬੰਧ ਭਵਿੱਖ ਵਿੱਚ ਵੀ ਕਾਇਮ ਰੱਖਣ ਦੀ ਕਸਮ ਖਾਧੀ।

ਗਿਆਨੀ ਠਾਕੁਰ ਸਿੰਘ 'ਗੁਰਦੁਆਰਾ ਦਰਸ਼ਨ' ਨਾਂ ਦੀ ਪੁਸਤਕ ਵਿੱਚ ਲਿਖਦੇ ਹਨ ਕਿ ਬਿਮਾਰੀ ਠੀਕ ਹੋਣ ਤੋਂ ਬਾਅਦ ਦਾਰਾ ਸ਼ਿਕੋਹ ਦੋ ਵਾਰ ਗੁਰੂ ਜੀ ਨੂੰ ਮਿਲਣ ਕੀਰਤਪੁਰ ਆਇਆ। ਉਹ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ ਅਤੇ ਗੁਰੂ ਜੀ ਲਈ ਬਹੁਤ ਸੌਗਾਤਾਂ ਲੈ ਕੇ ਆਇਆ। ਉਸ ਨੇ ਗੁਰੂ ਜੀ ਦੀ ਬੜੀ ਵਡਿਆਈ

ਕੀਤੀ ਤੇ ਇੱਜ਼ਤ ਬਖਸ਼ੀ। ਪਰ ਗੁਰੂ ਜੀ ਨੇ ਨਿਮਰਤਾ ਨਾਲ ਸੁਗਾਤਾਂ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਘਟਨਾ ਨਾਲ ਗੁਰੂ ਹਰ ਰਾਇ ਤੇ ਸ਼ਹਿਜ਼ਾਦਾ ਦਾਰਾ ਸ਼ਿਕੋਹ ਵਿੱਚ ਮਿੱਤਰਤਾ ਦੇ ਸਬੰਧ ਹੋਰ ਗੂੜ੍ਹੇ ਹੋ ਗਏ। ਇਸ ਤੋਂ ਬਾਅਦ ਸ਼ਾਹ ਜਹਾਨ ਨੇ ਰਹਿੰਦੀ ਜ਼ਿੰਦਗੀ ਗੁਰੂ ਹਰ ਰਾਇ ਦੇ ਕੰਮਾਂ ਵਿੱਚ ਕੋਈ ਦਖਲ ਅੰਦਾਜ਼ੀ ਨਹੀਂ ਕੀਤੀ। ਗੁਰੂ ਜੀ ਸ਼ਾਂਤੀ ਨਾਲ ਆਪਣਾ ਧਰਮ ਪ੍ਰਚਾਰ ਕਰਦੇ ਰਹੇ। ਅਕਬਰ ਦੇ ਰਾਜ ਤੋਂ ਬਾਅਦ ਇਹ ਪਹਿਲਾਂ ਸਮਾਂ ਸੀ ਜਦੋਂ ਸਿੱਖਾਂ ਨੇ ਬੇਖ਼ੌਫ਼ ਤੇ ਸੁਤੰਤਰ ਹੋ ਕੇ ਆਜ਼ਾਦ ਫਿਜ਼ਾ ਵਿੱਚ ਸਾਹ ਲਿਆ।

1658 ਈਸਵੀ ਵਿੱਚ ਸ਼ਾਹਜਹਾਨ ਦੇ ਪੁੱਤਰਾਂ ਵਿੱਚ ਖਾਨਾਜੰਗੀ ਛਿੜ ਪਈ। ਮੈਕਾਲਿਫ ਦੇ ਬਿਰਤਾਂਤ ਅਨੁਸਾਰ ਮੁਗਲ ਬਾਦਸ਼ਾਹ ਸ਼ਾਹ ਜਹਾਨ ਦੇ ਚਾਰ ਪੁੱਤਰ ਸਨ। ਇਨ੍ਹਾਂ ਵਿੱਚੋਂ ਦਾਰਾ ਸਕੋਹ ਸਭ ਤੋਂ ਵੱਡਾ ਸੀ। ਬਾਦਸ਼ਾਹ ਇਸ ਨੂੰ ਬਹੁਤ ਚਾਹੁੰਦਾ ਸੀ, ਉਹ ਸੂਫੀ ਖਿਆਲਾਂ ਦਾ ਸੀ ਅਤੇ ਸੰਤਾਂ ਸਾਧਾਂ ਅਤੇ ਪੀਰਾਂ ਫਕੀਰਾਂ ਦੀ ਸੰਗਤ ਕਰਦਾ ਸੀ। ਇਸੇ ਕਰਕੇ ਗੁਰੂ ਹਰ ਰਾਇ ਨਾਲ ਵੀ ਉਸ ਦੀ ਨੇੜਤਾ ਸੀ। ਗੁਰੂ ਜੀ ਨੇ ਉਸ ਦੇ ਇਲਾਜ ਲਈ ਆਪਣੇ ਦਵਾਖਾਨੇ ਵਿਚੋਂ ਦਵਾਈਆਂ ਵੀ ਮੁਹੱਈਆ ਕਰਵਾਇਆ ਸਨ। ਉਸ ਦਾ ਦੂਸਰਾ ਪੁੱਤਰ ਸੁਜਾਅ ਮੁਹੰਮਦ ਬੰਗਾਲ ਦਾ ਗਵਰਨਰ ਸੀ, ਤੀਜਾ ਪੁੱਤਰ ਔਰੰਗਜ਼ੇਬ ਦੱਖਣ ਦਾ ਗਵਰਨਰ ਸੀ, ਚੌਥਾ ਬਖਸ਼ ਗੁਜਰਾਤ ਪ੍ਰਾਂਤ ਦਾ ਗਵਰਨਰ ਸੀ। ਸਰ ਜਾਦੂ ਨਾਥ ਸਰਕਾਰ 'ਹਿਸਟਰੀ ਆਫ਼ ਔਰੰਗਜ਼ੇਬ' ਵਿੱਚ ਵਰਣਨ ਕਰਦੇ ਹਨ ਕਿ ਸਤੰਬਰ ਦੇ ਪਹਿਲੇ ਹਫ਼ਤੇ ਸ਼ਾਹ ਜਹਾਨ ਬੀਮਾਰ ਪੈ ਗਿਆ। ਇਹ 1657 ਦਾ ਸਾਲ ਸੀ। ਬਾਦਸ਼ਾਹ ਹਰ ਰੋਜ਼ ਦਰਬਾਰ ਨਹੀਂ ਜਾ ਸਕਦਾ ਸੀ। ਉਹ ਝਰੋਖੇ ਜਾਂ ਬਾਲਕੋਨੀ ਵਿੱਚ ਵੀ ਦਰਸ਼ਨ ਨਹੀਂ ਦੇ ਸਕਦਾ ਸੀ। ਬਾਦਸ਼ਾਹ ਨੂੰ ਯਕੀਨ ਹੋ ਗਿਆ ਸੀ ਕਿ ਉਹ ਜ਼ਿਆਦਾ ਸਮਾਂ ਜਿਉਂਦਾ ਨਹੀਂ ਰਹਿ ਸਕੇਗਾ। ਇਸ ਲਈ ਉਸ ਨੇ ਇੱਕ ਵਸੀਅਤ ਤਿਆਰ ਕੀਤੀ ਜਿਸ ਵਿੱਚ ਦਾਰਾ ਸ਼ਿਕੋਹ ਵੱਡਾ ਪੁੱਤਰ ਰਾਜ ਭਾਗ ਦਾ ਮਾਲਕ ਬਣਨਾ ਸੀ। ਬਾਦਸ਼ਾਹ ਦੀ ਬਿਮਾਰੀ ਦੇ ਸਮੇਂ ਬਾਦਸ਼ਾਹ ਦੇ ਨਾਂ ਤੇ ਰਾਜ ਦਾ ਕੰਮ ਚਲਾਉਣ ਲਈ ਦਾਰੇ ਨੂੰ ਬੁਲਾਇਆ ਗਿਆ ਸ਼ਾਹਜਹਾਨ ਦੇ ਬਾਕੀ ਪੁੱਤਰ ਨੂੰ ਜਦੋਂ ਉਸ ਦੀ ਬਿਮਾਰੀ ਦੀ ਹਾਲਤ ਬਾਰੇ ਜਾਣੂ ਕਰਵਾਇਆ ਗਿਆ ਤਾਂ ਉਹ ਰਾਜ ਗੱਦੀ ਪ੍ਰਾਪਤ ਕਰਨ ਲਈ ਜ਼ੋਰ ਅਜ਼ਮਾਈ ਕਰਨ ਲੱਗੇ। ਉਹ ਸਾਰੇ ਬਾਲਗ ਸਨ ਅਤੇ ਵੱਖ ਵੱਖ ਪ੍ਰਾਂਤਾਂ ਦੇ ਸੂਬੇਦਾਰ ਗਵਰਨਰ ਹੋਣ ਕਰਕੇ ਉਨ੍ਹਾਂ ਕੋਲ ਤਾਕਤ ਦੇ ਸਾਰੇ ਸੋਮੇ ਸਨ। ਦਾਰਾ ਸ਼ਿਕੋਹ ਸ਼ਾਹ ਜਹਾਨ ਦਾ ਵੱਡਾ ਪੁੱਤਰ ਬੇਸ਼ੱਕ ਪੰਜਾਬ ਅਤੇ ਦਿੱਲੀ ਦਾ ਗਵਰਨਰ ਸੀ ਪਰ ਉਹ ਜਦੋਂ ਆਪਣੇ ਪਿਤਾ ਨਾਲ ਹੀ ਰਹਿੰਦਾ ਸੀ। ਇਸ ਸਮੇਂ ਵੀ ਉਹ ਸ਼ਾਹ ਜਹਾਨ ਦੇ ਨਾਲ ਆਗਰਾ ਵਿੱਚ ਸੀ ਕਿਉਂਕਿ ਬਾਦਸ਼ਾਹ ਨੂੰ ਆਬੋ ਹਵਾ ਦੀ ਤਬਦੀਲੀ ਲਈ ਅਕਤੂਬਰ 1657 ਈਸਵੀ ਵਿੱਚ ਆਗਰਾ ਜਾਣਾ ਪਿਆ ਸੀ।

ਜਦੋਂ ਬਾਦਸ਼ਾਹ ਦੇ ਦੂਸਰੇ ਤਿੰਨਾਂ ਪੁੱਤਰਾਂ ਨੂੰ ਦਾਰੇ ਨੂੰ ਦਿੱਲੀ ਬਲਾਉਣ ਤੇ ਰਾਜ ਚਲਾਉਣ ਦੀ ਜ਼ਿੰਮੇਵਾਰੀ ਦੇਣ ਬਾਰੇ ਪਤਾ ਲੱਗਿਆ ਤਾ ਉਹਨਾਂ ਤਿੰਨਾਂ ਔਰੰਗਜ਼ੇਬ, ਸੁਜਾਅ ਅਤੇ ਮੁਰਾਦ ਬਖਸ਼ ਨੇ ਦਾਰੇ ਦੇ ਖਿਲਾਫ ਜੰਗੀ ਤਿਆਰੀਆਂ ਵਿੱਢ ਦਿੱਤੀਆਂ। ਦਾਰਾ ਅਜੇ ਆਗਰਾ ਵਿੱਚ ਹੀ ਸੀ।

ਉੱਤਰ ਅਧਿਕਾਰੀ ਦੀ ਇਸ ਲੜਾਈ ਵਿੱਚ ਔਰੰਗਜ਼ੇਬ ਨੇ ਦਾਰੇ ਨੂੰ ਹਰਾ ਦਿੱਤਾ। ਦਾਰਾ ਭੱਜ ਕੇ ਪੰਜਾਬ ਆ ਗਿਆ। ਇਹ ਕਿਹਾ ਜਾਂਦਾ ਹੈ ਕਿ ਦਾਰਾ ਗੁਰੂ ਹਰ ਰਾਇ ਜੀ ਕੋਲ ਆਇਆ ਅਤੇ ਸਹਾਇਤਾ ਮੰਗੀ। ਗੁਰੂ ਜੀ ਦੁਆਰਾ ਦਾਰੇ ਦੀ ਕਿਸ ਤਰ੍ਹਾਂ ਸਹਾਇਤਾ ਕੀਤੀ ਗਈ ਇਸ ਬਾਰੇ ਇਤਿਹਾਸਕਾਰ ਇੱਕ ਮਤ ਨਹੀਂ ਹਨ। ਮੈਕਾਲਿਫ ਲਿਖਦਾ ਹੈ ਕਿ ਦਾਰਾ ਕਿਉਂਕਿ ਪ੍ਰਮਾਤਮਾ ਦਾ ਉਪਾਸਕ ਸੀ ਉਹ ਸਾਧਾਰਨ ਹੀ ਗੁਰੂ ਜੀ ਕੋਲੋਂ ਅਸੀਰਵਾਦ ਲੈਣ ਹੀ ਆਇਆ ਸੀ। ਉਸ ਨੇ ਗੁਰੂ ਜੀ ਨੂੰ ਸਿਰਫ ਏਨੀ ਬੇਨਤੀ ਕੀਤੀ ਸੀ ਕਿ ਜਿੰਨਾ ਹੋ ਸਕੇ ਔਰੰਗਜ਼ੇਬ ਦੀ ਸੈਨਾ ਨੂੰ ਰੋਕ ਲਵੋ ਤਾਂ ਕਿ ਉਹ ਉੱਨੀ ਦੇਰ ਵਿੱਚ ਫੌਜ ਤੋਂ ਅੱਗੇ ਨਿਕਲ ਕੇ ਕੋਈ ਸੁਰੱਖਿਅਤ ਟਿਕਾਣਾ ਲੱਭ ਲਵੇ। ਇਤਿਹਾਸਕਾਰ ਟਰੰਪ ਨੇ ਆਪਣੀ ਕਿਤਾਬ 'ਆਦਿ ਗ੍ਰੰਥ' ਵਿੱਚ ਲਿਖਿਆ ਹੈ ਕਿ ਗੁਰੂ ਹਰ ਰਾਏ ਨੇ ਆਪਣੀ ਸਿੱਖ ਸੈਨਾ ਦੇ ਨਾਲ ਅਸਲ ਵਿੱਚ ਦਾਰਾ ਦੀ ਮਦਦ ਕੀਤੀ ਸੀ, ਜਦੋਂ ਦਾਰਾ ਹਾਰ ਗਿਆ ਤੇ ਮਾਰਿਆ ਗਿਆ ਤਾਂ ਗੁਰੂ ਜੀ ਲੜਾਈ ਦੇ ਮੈਦਾਨ ਵਿੱਚੋਂ ਵਾਪਸ ਕੀਰਤਪੁਰ ਆ ਗਏ। ਖੁਲਸਤਤ-ਏ-ਤਵਾਰੀਖ ਦੇ ਲੇਖਕ ਸੁਜਾਨ ਰਾਏ ਨੇ ਲਿਖਿਆ ਹੈ ਕਿ, ਗੁਰੂ ਜੀ ਨੇ ਆਪਣੀਆਂ ਫੌਜਾਂ ਨੂੰ ਦਾਰਾ ਦੀਆਂ ਫੌਜਾਂ ਸੰਗ ਰਲਾਇਆ ਸੀ। ਇੰਦੂ ਭੂਸ਼ਣ ਬੈਨਰਜੀ ਵੀ ਸੁਜਾਨ ਰਾਏ ਦੇ ਇਸ ਬਿਆਨ ਦੀ ਪ੍ਰੋੜਤਾ ਕਰਦੇ ਹਨ। ਉਹ ਦੱਸਦੇ ਹਨ ਕਿ ਹਾਰ ਤੋਂ ਬਾਅਦ ਦਾਰਾ ਸ਼ਿਕੋਹ ਲਾਹੌਰ ਆ ਗਿਆ। ਉਹ ਔਰੰਗਜ਼ੇਬ ਤੋਂ ਬਹੁਤ ਡਰਿਆ ਹੋਇਆ ਸੀ। ਉਸ ਨੇ ਮੁਲਤਾਨ ਭੱਜ ਜਾਣ ਦਾ ਮਨ ਬਣਾ ਲਿਆ ਸੀ ਤੇ ਉੱਥੋਂ ਕੰਧਾਰ ਜਾਣਾ ਚਾਹੁੰਦਾ ਸੀ। ਇਸ ਬਾਰੇ ਉਸ ਨੇ ਆਪਣੇ ਵਿਸ਼ਵਾਸ ਪਾਤਰਾਂ ਨਾਲ ਸਲਾਹ ਮਸ਼ਵਰਾ ਕੀਤਾ। ਨੂਰਪੁਰ ਦੀ ਪਹਾੜੀ ਰਿਆਸਤ ਦੇ ਰਾਜੇ ਰਾਜਰੂਪ ਨੇ ਕਿਹਾ ਕਿ ਉਹ ਆਪਣੇ ਰਾਜ ਵਿੱਚੋਂ ਫ਼ੌਜ ਇਕੱਠੀ ਕਰਕੇ ਲਿਆਉਣ ਲਈ ਜਾ ਰਿਹਾ ਹੈ। ਉਹ ਆਪਣੇ ਵਕੀਲ ਅਤੇ ਪੁੱਤਰ ਨੂੰ ਲਾਹੌਰ ਛੱਡ ਕੇ ਚੱਲਿਆ ਗਿਆ। ਕੁਝ ਦਿਨਾਂ ਪਿੱਛੋਂ ਵਕੀਲ ਤੇ ਰਾਜੇ ਦਾ ਪੁੱਤਰ ਵੀ ਵਾਪਸ ਚਲੇ ਗਏ। ਗੁਰੂ ਹਰ ਰਾਏ ਵੀ ਆਪਣੀ ਫੌਜ ਦੇ ਨਾਲ ਵਾਪਸ ਆ ਗਏ। ਇੰਦੂ ਭੂਸ਼ਣ ਬੈਨਰਜੀ ਅਨੁਸਾਰ ਗੁਰੂ ਜੀ ਨੇ ਦਾਰੇ ਦੀ ਸਹਾਇਤਾ ਤਾਂ ਕੀਤੀ ਸੀ ਪਰ ਜਦੋਂ ਦਾਰਾ ਆਪ ਹੀ ਨਿਰਾਸ਼ ਹੋ ਕੇ ਬੈਠ ਗਿਆ ਤਾਂ ਗੁਰੂ ਜੀ ਵੀ ਉਸ ਤੋਂ ਵੱਖ ਹੋ ਗਏ ਅਤੇ ਮਾਝੇ ਵਿਚ ਸਿੱਖੀ ਦੇ ਪ੍ਰਚਾਰ ਲਈ ਚਾਲੇ ਪਾ ਦਿੱਤੇ।

ਇਹ ਕਹਿਣਾ ਕਿ ਇਨ੍ਹਾਂ ਵਿੱਚੋਂ ਕਿਹੜਾ ਵਿਚਾਰ ਠੀਕ ਹੈ, ਮੁਸ਼ਕਿਲ ਹੈ। ਕੀ

ਗੁਰੂ ਹਰਿ ਰਾਇ ਜੀ ਨੇ ਰਾਜਪੂਤ ਰਾਜਿਆਂ ਦੀ ਤਰ੍ਹਾਂ ਦਾਰਾ ਸ਼ਿਕੋਹ ਦੀ ਲਾਹੌਰ ਉਡੀਕ ਕੀਤੀ ਅਤੇ ਤਖ਼ਤ-ਨਸ਼ੀਨੀ ਦੀ ਲੜਾਈ ਵਿੱਚ ਫੌਜਾਂ ਸਮੇਤ ਸ਼ਾਮਿਲ ਹੋ ਗਏ ? ਗੁਰੂ ਹਰ ਰਾਇ ਜੀ ਸੁਭਾਅ ਪੱਖੋਂ ਸ਼ਾਂਤ ਸਨ ਅਤੇ ਲੜਾਈ ਕਰਨ ਦੇ ਵਿਰੁੱਧ ਸਨ। ਇਸ ਤੋਂ ਬਿਨਾਂ ਉਹ ਆਪਣੇ ਦਾਦਾ-ਗੁਰੂ ਹਰਿਗੋਬਿੰਦ ਸਾਹਿਬ ਦੀ ਦਿੱਤੀ ਨਸੀਹਤ ਨੂੰ ਕਦੇ ਵੀ ਉਲੰਘ ਨਹੀਂ ਸਕਦੇ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਕਿਹਾ ਸੀ ਕਿ ਉਹ ਮੁਗ਼ਲ ਬਾਦਸ਼ਾਹ ਦੀ ਅੰਦਰੂਨੀ ਲੜਾਈ ਵਿੱਚ ਕਿਸੇ ਵੀ ਹਾਲਤ ਵਿੱਚ ਦਖਲ ਨਹੀਂ ਦੇਣਗੇ ਅਤੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਹਿੰਦੂ ਰਾਜਿਆਂ ਦੀ ਲੜਾਈ ਵਿੱਚ ਵੀ ਕਦੇ ਸ਼ਾਮਲ ਨਹੀਂ ਹੋਣਗੇ।

ਇੰਦੂ ਭੂਸ਼ਣ ਬੈਨਰਜੀ ਆਪਣੀ ਪੁਸਤਕ 'ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ' ਵਿੱਚ ਲਿਖਦੇ ਹਨ ਕਿ ਗੱਲ ਗੁਰੂ ਹਰ ਰਾਏ ਦੇ ਗੁਰਗੱਦੀ ਸੰਭਾਲਣ ਤੋਂ ਲੈ ਕੇ ਇਸ ਸਮੇਂ ਤੱਕ ਉਨ੍ਹਾਂ ਦੇ ਆਦਰਸ਼ਾਂ ਅਤੇ ਨੀਤੀਆਂ ਜੋ ਉਨ੍ਹਾਂ ਨੇ ਅਪਣਾਇਆ ਉਨ੍ਹਾਂ ਦੇ ਵਿਰੁੱਧ ਹੈ। ਤਰਲੋਚਨ ਸਿੰਘ ਦਾ ਵੀ ਇਹੀ ਵਿਚਾਰ ਹੈ ਕਿ ਕਿਸੇ ਵੀ ਫ਼ਾਰਸੀ ਜਾਂ ਪੰਜਾਬੀ ਸਰੋਤ ਵਿੱਚ ਅਸਪੱਸ਼ਟ ਵਿਚਾਰ ਵੀ ਨਹੀਂ ਹੈ ਕਿ ਗੁਰੂ ਹਰ ਰਾਏ ਨੇ ਔਰੰਗਜ਼ੇਬ ਤੇ ਦਾਰਾ ਸ਼ਿਕੋਹ ਦੀ ਲੜਾਈ ਵਿੱਚ ਸ਼ਮੂਲੀਅਤ ਕੀਤੀ ਹੋਵੇ। ਇਨ੍ਹਾਂ ਅਲੱਗ ਅਲੱਗ ਰਾਵਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਦਾਰਾ ਲੜਾਈ ਦੇ ਸਮੇਂ ਗੁਰੂ ਜੀ ਕੋਲ ਆਇਆ ਹੋ ਸਕਦਾ ਹੈ ਤੇ ਗੁਰੂ ਜੀ ਨੇ ਉਸ ਨੂੰ ਅਸ਼ੀਰਵਾਦ ਦਿੱਤਾ ਹੋਵੇ। ਹੋ ਸਕਦਾ ਹੈ ਕਿ ਕੁਝ ਚਿਰ ਉਸਦੀ ਰੱਖਿਆ ਕੀਤੀ ਹੋਵੇ ਜਾਂ ਵੱਧ ਤੋਂ ਵੱਧ ਇਹ ਹੋਵੇਗਾ ਕਿ ਉਨ੍ਹਾਂ ਨੇ ਆਪਣੀ ਸੈਨਾ ਨੂੰ ਔਰੰਗਜ਼ੇਬ ਦੀ ਸੈਨਾ ਨੂੰ ਕੁਝ ਸਮਾਂ ਰੋਕਣ ਲਈ ਕਿਹਾ ਹੋਵੇ ਜੋ ਬੁਰੀ ਤਰ੍ਹਾਂ ਦਾਰੇ ਦੇ ਮਗਰ ਆ ਰਹੀ ਸੀ। ਸਰੂਪ ਦਾਸ ਭੱਲਾ ਵੀ 'ਮਹਿਮਾ ਪ੍ਰਕਾਸ਼' ਵਿੱਚ ਲਿਖਦੇ ਹਨ ਕਿ ਦਾਰੇ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਜਿੰਨਾਂ ਚਿਰ ਲਾਹੌਰ ਨਹੀਂ ਪਹੁੰਚ ਜਾਂਦਾ ਉਹ ਔਰੰਗਜ਼ੇਬ ਦੀ ਫ਼ੌਜ ਨੂੰ ਸੁਲਤਾਨਪੁਰ ਤੋਂ ਗੋਇੰਦਵਾਲ ਤੱਕ ਦਰਿਆ ਨਾ ਪਾਰ ਕਰਨ ਦੇਣ। ਗੁਰੂ ਜੀ ਸਹਿਮਤ ਹੋ ਗਏ ਤੇ ਉਨ੍ਹਾਂ ਨੇ ਆਪਣੇ ਤੋਪਚੀ ਅਤੇ ਘੋੜ ਸਵਾਰਾਂ ਨੂੰ ਬਿਆਸ ਦਰਿਆ ਦੇ ਦੋਹੀਂ ਪਾਸੀ ਤੈਨਾਤ ਕਰ ਦਿੱਤਾ ਅਤੇ ਕਿਸੇ ਨੂੰ ਵੀ ਦਰਿਆ ਪਾਰ ਨਹੀਂ ਕਰਨ ਦਿੱਤਾ ਜਦੋਂ ਤੱਕ ਉਨ੍ਹਾਂ ਨੂੰ ਇਹ ਖਬਰ ਨਹੀਂ ਮਿਲੀ ਕਿ ਦਾਰਾ ਲਾਹੌਰ ਸੁਰੱਖਿਅਤ ਪਹੁੰਚ ਗਿਆ ਸੀ।

ਪਰ ਇਹ ਮਦਦ ਭਾਵੇਂ ਕਿਸੇ ਵੀ ਰੂਪ ਵਿੱਚ ਕੀਤੀ ਗਈ ਪਰ ਇਸ ਨੇ ਗੁਰੂ ਜੀ ਅਤੇ ਔਰੰਗਜ਼ੇਬ ਦੇ ਰਿਸ਼ਤਿਆਂ ਵਿੱਚ ਤਣਾਅ ਲੈ ਆਂਦਾ। ਔਰੰਗਜ਼ੇਬ ਦਿੱਲੀ ਦਾ ਬਾਦਸ਼ਾਹ ਬਣ ਗਿਆ। ਉਹ ਸ਼ੱਕੀ ਮਿਜਾਜ, ਗੁਸੈਲ ਤੇ ਕੱਟੜ ਮੁਸਲਿਮ ਸ਼ਾਸਕ ਸੀ। ਦਿੱਲੀ ਦੀ ਬਾਦਸ਼ਾਹਤ ਤੇ ਕਾਬਜ਼ ਹੋਣ ਤੋਂ ਜਲਦੀ ਬਾਅਦ ਹੀ ਉਸਨੇ ਗੁਰੂ ਹਰ ਰਾਇ ਜੀ ਨੂੰ ਦਿੱਲੀ ਤੋਂ ਬੁਲਾਵਾ ਭੇਜਿਆ। ਗੁਰੂ ਜੀ ਦੇ ਪਿਛਲੇ

ਕੁਝ ਸਾਲ ਔਰੰਗਜ਼ੇਬ ਮੁਗ਼ਲ ਬਾਦਸ਼ਾਹ ਦੇ ਸਿੱਖ ਭਾਈਚਾਰੇ ਨਾਲ ਕੀਤੀਆਂ ਬੇਇਨਸਾਫੀਆਂ ਤੇ ਦਖਲਅੰਦਾਜ਼ੀ ਕਰਕੇ ਸੌਖੇ ਨਹੀਂ ਸਨ ਗੁਜ਼ਰੇ। ਦੋ ਤਰ੍ਹਾਂ ਦੀਆਂ ਧਾਰਨਾਵਾਂ ਤੇ ਆਧਾਰਤ ਔਰੰਗਜੇਬ ਨੇ ਗੁਰੂ ਜੀ ਨਾਲ ਮੱਤਭੇਦ ਰੱਖੇ ਅਤੇ ਉਨ੍ਹਾਂ ਨੂੰ ਤੇ ਸਿੱਖਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਪਹਿਲੀ ਗੱਲ ਤਾਂ ਇਹ ਕਿ ਔਰੰਗਜੇਬ ਨੇ ਉੱਤਰ ਅਧਿਕਾਰੀ ਦੀ ਜੰਗ 1658 ਈਸਵੀ ਵਿੱਚ ਆਪਣੇ ਸਾਰੇ ਭਰਾਵਾਂ ਨੂੰ ਮਾਰ ਕੇ ਅਤੇ ਪਿਤਾ ਨੂੰ ਕੈਦ ਕਰਕੇ ਜਿੱਤੀ ਸੀ। ਉਹ ਕੱਟੜ ਸੁੰਨੀ ਮੁਸਲਮਾਨ ਸੀ ਅਤੇ ਨਕਸ਼ਬੰਦੀ ਬ੍ਰਾਂਡ ਦੀ ਹੈਦਰਾਬਾਦੀ ਪੁਰਾਣੀ ਵਿਚਾਰਧਾਰਾ ਦਾ ਪੈਰੋਕਾਰ ਸੀ। ਜਿਸ ਅਨੁਸਾਰ ਦੇਸ਼ ਵਿੱਚ ਹਿੰਦੂ ਲਹਿਰ ਦਾ ਉਠਾਨ ਮੁਸਲਿਮ ਰਾਜ ਲਈ ਖਤਰਨਾਕ ਹੈ ਇਸ ਲਈ ਇਸ ਲਹਿਰ ਨੂੰ ਜਲਦੀ ਹੀ ਦਬਾ ਦੇਣਾ ਚਾਹੀਦਾ ਹੈ। ਉਹ ਇਹ ਵੀ ਸਮਝਦਾ ਸੀ ਕਿ ਭਾਰਤ ਵਿੱਚ ਇਸਲਾਮਿਕ ਰਾਜ ਦੀ ਸਥਾਪਨਾ ਮੁਸਲਮਾਨ ਧਰਮ ਦੀ ਬੇਹੱਦ ਜ਼ਰੂਰੀ ਲੋੜ ਹੈ। ਇਸ ਨੂੰ ਉਹ ਰਾਜਨੀਤਕ ਤੌਰ ਤੇ ਜ਼ਰੂਰੀ ਸਮਝਦਾ ਸੀ। ਕੁਦਰਤੀ ਗੱਲ ਸੀ ਕਿ ਸਿੱਖ ਧਰਮ ਪ੍ਰਤੀ ਉਸ ਨੂੰ ਕੋਈ ਇੱਜ਼ਤ ਨਹੀਂ ਸੀ, ਜਿਸ ਦੀਆਂ ਪੰਜਾਬ ਵਿੱਚ ਡੂੰਘੀਆਂ ਜੜ੍ਹਾਂ ਲੱਗ ਚੁੱਕੀਆਂ ਸਨ। ਫੌਜਾ ਸਿੰਘ ਇਤਿਹਾਸਕਾਰ 'ਡਿਵੈਲਪਮੈਂਟ ਆਫ ਸਿੱਖਇਜ਼ਮ' ਅੰਡਰ ਦਾ ਗੁਰੂ ਵਿੱਚ ਇਸੇ ਕਥਨ ਦੀ ਪ੍ਰੋੜਤਾ ਕਰਦੇ ਹਨ। ਸਿੱਖ ਧਰਮ ਹੁਣ ਪੂਰੀ ਤਰ੍ਹਾਂ ਵੱਧ ਫੁੱਲ ਰਿਹਾ ਸੀ। ਫੌਜਾ ਸਿੰਘ ਇਹ ਵੀ ਲਿਖਦੇ ਹਨ ਕਿ ਦੂਜੀ ਗੱਲ ਔਰੰਗਜੇਬ ਗੁਰੂ ਸਾਹਿਬ ਨਾਲ ਇਸ ਗੱਲੋਂ ਗੁੱਸੇ ਸੀ ਕਿ ਉਨ੍ਹਾਂ ਨੇ ਉਸ ਦੇ ਵੱਡੇ ਭਰਾ ਦਾਰਾ ਸ਼ਿਕੋਹ ਦੀ ਸਹਾਇਤਾ ਕੀਤੀ ਸੀ, ਜੋ ਉਸ ਦਾ ਵਿਰੋਧੀ ਸੀ। ਔਰੰਗਜ਼ੇਬ ਦੀਆਂ ਫੌਜਾਂ ਨੂੰ ਦਾਰੇ ਦੇ ਲਾਹੌਰ ਤੱਕ ਪੁੱਜਣ ਤੱਕ ਬਿਆਸ ਦਰਿਆ ਤੇ ਰੋਕਿਆ ਸੀ। ਫੌਜਾ ਸਿੰਘ ਵੀ ਇਹ ਦਲੀਲ ਦਿੰਦੇ ਹਨ ਕਿ ਇਹ ਸਾਰੀ ਕਹਾਣੀ ਵੀ ਠੀਕ ਨਹੀਂ ਲੱਗਦੀ ਕਿਉਂਕਿ ਜੇ ਸੱਚੀ ਹੁੰਦੀ ਤਾਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਕਰੜੀ ਕਾਰਵਾਈ ਕਰਨੀ ਸੀ। ਸਿਰਫ ਗੁਰੂ ਜੀ ਨੂੰ ਦਿੱਲੀ ਹੀ ਨਹੀਂ ਬੁਲਾਉਣਾ ਸੀ ਇਹ ਵੀ ਇੱਕ ਸੱਚਾਈ ਹੈ ਕਿ ਰਾਜ ਗੱਦੀ ਸੰਭਾਲਣ ਤੋਂ ਜਲਦੀ ਬਾਅਦ ਹੀ ਸਿੱਖ ਮਾਮਲਿਆਂ ਵਿੱਚ ਉਲਝਣਾ ਬਾਦਸ਼ਾਹ ਦੀ ਇਸ ਲਹਿਰ ਪ੍ਰਤੀ ਕੋਈ ਇਕੱਲੀ ਘ੍ਰਿਣਾ ਨਹੀਂ ਸੀ ਹੋਰ ਕੁਝ ਵੀ ਇਸ ਵਿੱਚ ਹੋਵੇਗਾ।

ਇਹ ਵੀ ਮੰਨਿਆ ਜਾਂਦਾ ਹੈ ਕਿ ਜਦੋਂ ਔਰੰਗਜ਼ੇਬ ਨੂੰ ਲੱਗਿਆ ਕਿ ਹੁਣ ਉਸ ਦਾ ਰਾਜ ਸੁਰੱਖਿਅਤ ਹੈ ਦਿੱਲੀ ਦੇ ਤਖ਼ਤ ਤੇ ਉਹਦੀ ਪਕੜ ਮਜ਼ਬੂਤ ਹੈ ਤਾਂ ਗੁਰੂ ਜੀ ਦੇ ਵਿਰੋਧੀਆਂ ਨੇ ਬਾਦਸ਼ਾਹ ਨੂੰ ਸ਼ਿਕਾਇਤਾਂ ਕੀਤੀਆਂ ਹੋਣਗੀਆਂ ਕਿ ਦਾਰੇ ਨੇ ਗੁਰੂ ਜੀ ਨੂੰ ਮਿਲ ਕੇ ਆਸ਼ੀਰਵਾਦ ਲਿਆ ਸੀ ਅਤੇ ਉਸ ਦੀ ਬਾਦਸ਼ਾਹਤ ਵਿਰੁੱਧ ਮਦਦ ਵੀ ਕੀਤੀ ਸੀ। ਇਹ ਵੀ ਸ਼ਿਕਾਇਤ ਗਈ ਹੋਵੇਗੀ ਗੁਰੂ ਹਰ ਰਾਇ ਮੁਸਲਿਮ ਧਰਮ ਤੋਂ ਅਲੱਗ ਇੱਕ ਹੋਰ ਧਰਮ ਦਾ ਪ੍ਰਚਾਰ ਕਰ ਰਹੇ ਹਨ ਅਤੇ ਆਪਣੀਆਂ

ਦੈਵੀ ਸ਼ਕਤੀਆਂ ਨਾਲ ਜਾਦੂ ਕਰ ਰਹੇ ਹਨ। ਔਰੰਗਜ਼ੇਬ ਨੂੰ ਇਹ ਵੀ ਸਲਾਹ ਮਿਲੀ ਹੋਵੇਗੀ ਕਿ ਗੁਰੂ ਜੀ ਨੂੰ ਸੱਦ ਕੇ ਉਸ ਨੂੰ ਇਸਲਾਮ ਕਬੂਲ ਕਰਵਾ ਲਵੋ ਨਹੀਂ ਤਾਂ ਉਹ ਆਪਣੀਆਂ ਕਰਾਮਾਤਾਂ ਨਾਲ ਧਾਰਮਿਕ ਰਾਜ ਸਥਾਪਤ ਕਰ ਲਵੇਗਾ ।ਇਸ ਤਰ੍ਹਾਂ ਔਰੰਗਜ਼ੇਬ ਜਿਹੜਾ ਆਪਣੀ ਹਿੰਦੂ ਵਿਰੋਧੀ ਧਾਰਮਿਕ ਕੱਟੜਤਾ ਦਾ ਮੁਦਈ ਸੀ, ਉਹ ਗੁਰੂ ਜੀ ਤੋਂ ਬਦਲਾ ਵੀ ਲੈਣਾ ਚਾਹੁੰਦਾ ਸੀ ਅਤੇ ਦਾਰੇ ਦੀ ਮਦਦ ਵਾਲੀ ਗੱਲ ਉਸ ਦੇ ਹਜ਼ਮ ਨਹੀਂ ਹੋ ਰਹੀ ਸੀ। ਉਸ ਨੇ ਅਨੁਭਵ ਕੀਤਾ ਕਿ ਜੇਕਰ ਉਹ ਗੁਰੂ ਨੂੰ ਇਸਲਾਮ ਧਰਮ ਕਬੂਲ ਕਰਵਾ ਦਿੰਦਾ ਹੈ ਤਾਂ ਸੈਂਕੜੇ ਹਿੰਦੂ ਆਪਣੇ ਆਪ ਹੀ ਮੁਸਲਮਾਨ ਬਣਾ ਦਿੱਤੇ ਜਾਣਗੇ। ਕਿਉਂਕਿ ਉਹ ਗੁਰੂ ਉਨ੍ਹਾਂ ਸਾਹਮਣੇ ਉਦਾਹਰਣ ਹੋਵੇਗਾ। ਦਾਰਾ ਸ਼ਿਕੋਹ ਦਾ ਮਿੱਤਰ ਗੁਰੂ ਹਰ ਰਾਇ ਕਦੇ ਵੀ ਔਰੰਗਜ਼ੇਬ ਦਾ ਮਿੱਤਰ ਨਹੀਂ ਹੋ ਸਕਦਾ ਸੀ ।

ਗੁਰਪ੍ਰਤਾਪ ਸੂਰਜ ਗ੍ਰੰਥ ਦੇ ਰਚੇਤਾ ਸੰਤੋਖ ਸਿੰਘ ਅਨੁਸਾਰ ਗੁਰੂ ਹਰ ਰਾਇ ਜੀ ਨੇ ਇਸ ਮਸਲੇ ਤੇ ਸਿੱਖਾਂ ਨਾਲ ਸਲਾਹ ਕੀਤੀ ਕਿ ਔਰੰਗਜੇਬ ਦੇ ਬੁਲਾਵੇ ਤੇ ਦਿੱਲੀ ਜਾਇਆ ਜਾਵੇ ਕਿ ਨਾ ਜਾਇਆ ਜਾਵੇ। ਕਾਫੀ ਸਲਾਹ ਮਸ਼ਵਰੇ ਪਿੱਛੋਂ ਸਿੱਖ ਧਰਮ ਦੇ ਸਿਆਣੇ ਤੇ ਵਡੇਰੇ ਸਿੱਖਾਂ ਨੇ ਸਲਾਹ ਦਿੱਤੀ ਕਿ ਗੁਰੂ ਜੀ ਨੂੰ ਦਿੱਲੀ ਜਾਣਾ ਚਾਹੀਦਾ ਹੈ ਅਤੇ ਬਾਦਸ਼ਾਹ ਅੱਗੇ ਆਪਣਾ ਪੱਖ ਰੱਖਣਾ ਚਾਹੀਦਾ ਹੈ, ਕਿ ਬਾਬੇ ਨਾਨਕ ਦਾ ਦਰ ਮੁਗਲ ਸਾਸਕਾਂ ਦੇ ਅੰਦਰੂਨੀ ਝਗੜਿਆਂ ਅਤੇ ਤਾਕਤਾਂ ਦੀ ਵੰਡ ਦੇ ਮੁੱਦੇ ਤੇ ਕੋਈ ਸਬੰਧ ਨਹੀਂ ਰੱਖਦਾ ਹੈ। ਪ੍ਰੰਤੂ ਸੂਰਜ ਪ੍ਰਕਾਸ਼ ਗ੍ਰੰਥ ਦੇ ਆਧਾਰ ਤੇ ਤਰਲੋਚਨ ਸਿੰਘ ਸੁਝਾਅ ਦਿੰਦੇ ਹਨ ਕਿ ਸਿੱਖ ਦਰਬਾਰ ਦੇ ਵਡੇਰਿਆਂ ਦਾ ਇਹ ਪੱਕਾ ਤੇ ਦ੍ਰਿੜ ਵਿਚਾਰ ਸੀ ਕਿ ਔਰੰਗਜ਼ੇਬ ਨੂੰ ਸਮਝਾਉਣ ਲਈ ਇੱਕ ਪੱਤਰ ਭੇਜਿਆ ਜਾਵੇ ਅਤੇ ਜੇਕਰ ਇਸ ਤੋਂ ਪਿੱਛੋਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਫੌਜ ਭੇਜਦਾ ਹੈ ਤਾਂ ਸਿੱਖ ਫ਼ੌਜ ਯੁੱਧ ਕਰੇ ਅਤੇ ਗੁਰੂ ਦਾ ਦਰਬਾਰ ਸ਼ਿਵਾਲਕ ਦੀਆਂ ਪਹਾੜੀਆਂ ਵਿੱਚ ਭੇਜ ਦਿੱਤਾ ਜਾਵੇ ਅਤੇ ਗੁਰੂ ਜੀ ਨੂੰ ਔਰੰਗਜ਼ੇਬ ਦੀ ਪਹੁੰਚ ਤੋਂ ਬਾਹਰ ਰੱਖਿਆ ਜਾਵੇ ।

ਜਦੋਂ ਇਹ ਬਹਿਸ ਚੱਲ ਰਹੀ ਸੀ ਤਾਂ ਗੁਰੂ ਹਰ ਰਾਏ ਦਾ ਵੱਡਾ ਸਪੁੱਤਰ ਰਾਮ ਰਾਇ ਵੀ ਇਸ ਚਰਚਾ ਵਿੱਚ ਹਿੱਸਾ ਲੈਣ ਲਈ ਆ ਪਹੁੰਚਿਆ। ਛੋਟਾ ਪੁੱਤਰ ਹਰਕ੍ਰਿਸ਼ਨ ਪਹਿਲਾਂ ਹੀ ਉੱਥੇ ਮੌਜੂਦ ਸੀ ਜੋ ਆਪਣੇ ਪਿਆਰੇ ਪਿਤਾ ਦੇ ਬਹੁਤ ਹੀ ਗੁੰਝਲਦਾਰ ਮਸਲੇ ਤੇ ਰੱਖੇ ਵਿਚਾਰਾਂ ਨੂੰ ਉਡੀਕ ਰਿਹਾ ਸੀ, ਕਿ ਕਿਵੇਂ ਬਾਬੇ ਨਾਨਕ ਦੇ ਘਰ ਦੀ ਏਕਤਾ ਅਤੇ ਆਜ਼ਾਦੀ ਬਰਕਰਾਰ ਰੱਖੀ ਜਾ ਸਕਦੀ ਹੈ। ਗੁਰੂ ਪ੍ਰਤਾਪ ਸੂਰਜ ਗ੍ਰੰਥ ਦੇ ਅਨੁਸਾਰ ਗੁਰੂ ਜੀ ਨੇ ਧੀਮੀ ਆਵਾਜ਼ ਵਿਚ ਕਿਹਾ ਕਿ ਉਹ ਪਹਿਲਾਂ ਹੀ ਆਪਣਾ ਫੈਸਲਾ ਕਰ ਚੁੱਕੇ ਹਨ ਕਿ ਉਹ ਕਦੇ ਵੀ ਔਰੰਗਜ਼ੇਬ ਦੇ ਦਰਬਾਰ ਵਿੱਚ ਨਹੀਂ ਜਾਣਗੇ। ਉਹ ਸ਼ਾਸਕ ਦਾ ਕਦੇ ਮੂੰਹ ਨਹੀਂ ਦੇਖਣਗੇ ਜਿਸ

ਨੇ ਸਰਮਦ ਵਰਗੇ ਫ਼ਕੀਰਾਂ ਦਾ ਕਤਲ ਕਰਵਾਇਆ ਹੈ ਅਤੇ ਆਪਣੇ ਭਰਾਵਾਂ ਤੇ ਪਿਤਾ ਨੂੰ ਵੀ ਨਹੀਂ ਬਖਸ਼ਿਆ। ਮੇਰੀ ਉਸ ਪ੍ਰਤੀ ਕੋਈ ਧਾਰਮਿਕ ਜਾਂ ਰਾਜਨੀਤਿਕ ਵਫਾਦਾਰੀ ਨਹੀਂ। ਮੈਂ ਉਸ ਦੇ ਮੰਨਣ ਵਾਲਿਆਂ ਨਾਲ ਵੀ ਕੋਈ ਸਬੰਧ ਨਹੀਂ ਚਾਹੁੰਦਾ। ਮੇਰੇ ਦਾਦਾ ਜੀ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀਆਂ ਹਦਾਇਤਾਂ ਬਿਲਕੁਲ ਸਾਫ ਤੇ ਸਹੀ ਹਨ। ਉਨ੍ਹਾਂ ਨੇ ਹੁਕਮ ਦਿੱਤਾ ਸੀ ਕਦੇ ਵੀ ਧਮਕੀਆਂ ਤੇ ਡਰਾਵਿਆਂ ਅੱਗੇ ਨਹੀਂ ਝੁਕਣਾ। ਉਸ ਸਮੇਂ ਕਰਤਾਰਪੁਰ ਤੋਂ ਆਏ ਬੇਦੀ ਵੰਸ਼ ਦੇ ਵਡੇਰਿਆਂ ਵਿੱਚੋਂ ਇੱਕ ਨੇ ਸਲਾਹ ਦਿੱਤੀ ਕਿ ਜੇਕਰ ਗੁਰੂ ਜੀ ਦਿੱਲੀ ਨਹੀਂ ਜਾਣਾ ਚਾਹੁੰਦੇ ਤਾਂ ਗੁਰੂ ਘਰ ਦਾ ਕੋਈ ਨੁਮਾਇੰਦਾ ਦਿੱਲੀ ਭੇਜ ਦਿੱਤਾ ਜਾਵੇ ਤਾਂ ਕਿ ਗੁਰੂ ਜੀ ਦੇ ਜਾਣ ਤੋਂ ਇਨਕਾਰ ਕਰਨ ਨੂੰ ਮੁਗਲਾਂ ਦੀ ਸ਼ਾਹੀ ਤਾਕਤ ਅਤੇ ਰਾਜਨੀਤਕ ਸੱਤਾ ਨੂੰ ਵੰਗਾਰ ਸਮਝਿਆ ਜਾਵੇ। ਰਾਮ ਰਾਇ ਛੋਟੀ ਉਮਰ ਹੋਣ ਦੇ ਬਾਵਜੂਦ ਇਸ ਗੱਲ ਤੋਂ ਪ੍ਰਭਾਵਿਤ ਹੋਏ ਅਤੇ ਇਸ ਵਿਚਾਰ ਦੀ ਹਮਾਇਤ ਕੀਤੀ ਕਿ ਕਿਸੇ ਨੂੰ ਦਿੱਲੀ ਦਰਬਾਰ ਜਾਣਾ ਚਾਹੀਦਾ ਹੈ ਅਤੇ ਬਾਦਸਾਹ ਨੂੰ ਆਪਣੀ ਵਿਦਵਤਾ ਅਤੇ ਧਾਰਮਿਕ ਤੇ ਅਧਿਆਤਮਕ ਸਿਆਣਪ ਰਾਹੀਂ ਪ੍ਰਭਾਵਿਤ ਕਰਨਾ ਚਾਹੀਦਾ ਹੈ। ਮੈਕਾਲਿਫ਼ ਲਿਖਦਾ ਹੈ ਕਿ ਸਭਾ ਵਿੱਚ ਜੁੜੇ ਹੋਏ ਲੋਕਾਂ ਨੇ ਆਪਣਾ ਧਿਆਨ ਰਾਮ ਰਾਇ ਵੱਲ ਸੇਧਿਤ ਕੀਤਾ ਅਤੇ ਕਿਹਾ ਤੁਸੀਂ ਗੁਰੂ ਜੀ ਦੇ ਵੱਡੇ ਪੁੱਤਰ ਹੋ ਅਤੇ ਯੋਗ ਹੋ, ਇਸ ਲਈ ਤੁਸੀਂ ਜਾ ਕੇ ਮਸਲਾ ਹੱਲ ਕਰੋ ਨਹੀਂ ਤਾਂ ਵੱਡੀ ਮੁਸੀਬਤ ਖੜ੍ਹੀ ਹੋ ਜਾਵੇਗੀ। ਔਰੰਗਜ਼ੇਬ ਨੇ ਪੱਕਾ ਇਰਾਦਾ ਕਰ ਲਿਆ ਹੈ ਅਤੇ ਉਹ ਆਪਣੇ ਭੈੜੇ ਵਿਚਾਰਾਂ ਨੂੰ ਜ਼ਰੂਰ ਅਮਲੀ ਰੂਪ ਦੇਵੇਗਾ, ਤੁਸੀਂ ਜੇਕਰ ਨਹੀਂ ਗਏ ਤਾਂ ਵੱਡਾ ਝਮੇਲਾ ਹੋ ਜਾਵੇਗਾ। ਰਾਮ ਰਾਇ ਉਹਨਾਂ ਨਾਲ ਸਹਿਮਤ ਹੋ ਗਿਆ ਕਿ ਉਹ ਬਾਦਸਾਹ ਦੇ ਦਰਬਾਰ ਜਾਵੇਗਾ ਅਤੇ ਉਸ ਦੇ ਨਾਲ ਸੰਤੋਖਜਨਕ ਸੰਧੀ ਕਰੇਗਾ। ਗੁਰੂ ਜੀ ਨੇ ਉਸ ਨੂੰ ਜਾਣ ਦੀ ਆਗਿਆ ਦੇ ਦਿੱਤੀ।

ਰਾਮ ਰਾਇ ਜਦ ਦਿੱਲੀ ਵੱਲ ਤੁਰਨ ਲੱਗਾ ਤਾਂ ਗੁਰੂ-ਪਿਤਾ ਨੇ ਉਸ ਨੂੰ ਕੁਝ ਜ਼ਰੂਰੀ ਹਦਾਇਤਾਂ ਦਿੱਤੀਆਂ। 'ਪੁੱਤਰ ਕੁੱਝ ਜਰੂਰੀ ਹਦਾਇਤਾਂ ਸੁਣੋ ਜਦੋਂ ਤੁਸੀਂ ਦਿੱਲੀ ਦਰਬਾਰ ਵਿੱਚ ਜਾਓਗੇ ਅਤੇ ਬਾਦਸ਼ਾਹ ਨੂੰ ਮਿਲੋਗੇ ਤਾਂ ਮੈਂ ਤੁਹਾਡੇ ਦਿਲ ਦੇ ਨਜ਼ਦੀਕ ਹੀ ਹੋਵਾਂਗਾਂ। ਮੁਗਲ ਦਰਬਾਰ ਦਾ ਆਪਣੇ ਦਿਮਾਗ਼ ਵਿੱਚ ਕੋਈ ਡਰ ਨਹੀਂ ਰੱਖਣਾ। ਆਪਣੀਆਂ ਅਧਿਆਤਮਕ ਅਤੇ ਧਾਰਮਿਕ ਪ੍ਰਪੱਕਤਾ ਅਤੇ ਆਤਮਾ ਤੇ ਕੋਈ ਸ਼ੱਕ ਸੰਦੇਹ ਨਹੀਂ ਕਰਨਾ। ਜਿੰਨਾ ਤੁਸੀਂ ਮਹਾਨ ਬਾਬਾ ਨਾਨਕ ਨੂੰ ਯਾਦ ਰੱਖੋਗੇ ਅਤੇ ਉਸ ਦੇ ਧਰਮ ਅਤੇ ਆਦਰਸ਼ਾਂ ਨੂੰ ਸੱਚਾਈ ਨਾਲ ਬਿਆਨ ਕਰੋਗੇ ਉਨ੍ਹਾਂ ਚਿਰ ਕੋਈ ਵੀ ਤੁਹਾਡੇ ਤੋਂ ਵੱਧ ਤਾਕਤਵਰ ਨਹੀਂ। ਜੇਕਰ ਉਹ ਔਰੰਗਜੇਬ ਸਿੱਖ ਧਰਮ ਦੇ ਬਾਰੇ ਕੋਈ ਪ੍ਰਸ਼ਨ ਕਰਦਾ ਹੈ ਤਾਂ ਸੱਚੋ ਸੱਚ ਉੱਤਰ ਦੇਣ ਤੋਂ ਝਿਜਕਣਾ ਨਹੀਂ। ਸਿੱਖ ਧਰਮ ਦੀ ਸ਼ਾਨ ਅਤੇ ਸੱਚਾਈ ਦੀ ਮਰਿਆਦਾ ਨੂੰ ਕਾਇਮ

ਰੱਖਣਾ ਹੈ ਧਮਕੀਆਂ ਅੱਗੇ ਨਹੀਂ ਝੁਕਣਾ। ਆਪਣੇ ਧਰਮ ਅਤੇ ਮਰਿਆਦਾ ਨੂੰ ਕੋਈ ਠੇਸ ਨਹੀਂ ਪਹੁੰਚਣੀ ਚਾਹੀਦੀ।' ਮਹਿਮਾ ਪ੍ਰਕਾਸ਼ ਵਿੱਚੋਂ ਉਪਰੋਕਤ ਵਿਚਾਰ ਲਿਖੇ ਹੋਏ ਹਨ ਕਿ ਗੁਰੂ ਜੀ ਨੇ ਰਾਮਰਾਇ ਨੂੰ ਹਰ ਤਰ੍ਹਾਂ ਤਿਆਰ ਕਰਕੇ ਮੁਗ਼ਲ ਦਰਬਾਰ ਭੇਜਿਆ ਸੀ।

ਰਾਮ ਰਾਇ ਦੇ ਦਿੱਲੀ ਪਹੁੰਚਣ ਤੇ ਦਰਬਾਰੀਆਂ ਨੇ ਔਰੰਗਜ਼ੇਬ ਨੂੰ ਸੂਚਿਤ ਕੀਤਾ ਕਿ ਗੁਰੂ ਹਰ ਰਾਇ ਆਪ ਨਹੀਂ ਆਏ ਸਗੋਂ ਆਪਣੇ ਪੁੱਤਰ ਨੂੰ ਮੁਗ਼ਲ ਦਰਬਾਰ ਵਿੱਚ ਭੇਜਿਆ ਹੈ। ਇਸ ਲਈ ਉਸ ਤੋਂ ਵੀ ਉਸੇ ਤਰ੍ਹਾਂ ਪੁੱਛ ਗਿੱਛ ਕੀਤੀ ਜਾਵੇ ਜਿਵੇਂ ਕਿ ਉਸਦੇ ਪਿਤਾ ਤੋਂ ਕਰਨੀ ਸੀ। ਬਾਦਸ਼ਾਹ ਨੇ ਫੈਸਲਾ ਕੀਤਾ ਕਿ ਜੇਕਰ ਰਾਮ ਰਾਇ ਦ ਪੇਸ਼ੀ ਵਿੱਚ ਪੁੱਛੇ ਗਏ ਸਵਾਲਾਂ ਤੋਂ ਉਸ ਦੀ ਤਸੱਲੀ ਨਹੀਂ ਹੁੰਦੀ ਤਾਂ ਗੁਰੂ ਜੀ ਨੂੰ ਵੀ ਸੱਦਿਆ ਜਾਵੇਗਾ। ਰਾਮ ਰਾਇ ਨੂੰ ਬਾਦਸ਼ਾਹ ਸਾਹਮਣੇ ਲਿਆਂਦਾ ਗਿਆ।

ਦਿੱਲੀ ਦਰਬਾਰ ਵਿੱਚ ਰਾਮ ਰਾਇ ਨੇ ਕਰਾਮਾਤਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਮਹਿਮਾ ਪ੍ਰਕਾਸ਼ ਦੇ ਅਨੁਸਾਰ ਬਾਦਸ਼ਾਹ ਨੇ ਉਸ ਨੂੰ ਇੱਕ ਮਹਿੰਗੀ ਅਤੇ ਜ਼ਹਿਰੀਲੀ ਪੁਸ਼ਾਕ ਭੇਟ ਕੀਤੀ। ਜਿਸ ਨਾਲ ਆਦਮੀ ਜੋ ਉਸ ਨੂੰ ਪਹਿਨਦਾ ਸੀ ਖਤਮ ਹੋ ਸਕਦਾ ਸੀ। ਇਹ ਰਾਮ ਰਾਇ ਦੀ ਕਰਾਮਾਤੀ ਸ਼ਕਤੀ ਦੀ ਪਰਖ ਕਰਨ ਲਈ ਕੀਤਾ ਗਿਆ ਕੰਮ ਸੀ। ਰਾਮ ਰਾਇ ਨੇ ਇਸ ਵੱਲ ਦੇਖਿਆ ਤੇ ਕਿਹਾ 'ਜੇਕਰ ਸੱਪ ਨੂੰ ਸੰਦਲ ਦੇ ਦਰੱਖਤ ਨੇੜੇ ਰੱਖ ਦਿੱਤਾ ਜਾਵੇ ਤਾਂ ਸੱਪ ਦੀ ਜ਼ਹਿਰ ਸੰਦਲ ਦੀ ਖੁਸ਼ਬੂ ਨੂੰ ਖਤਮ ਨਹੀਂ ਕਰ ਸਕਦੀ। ਇਸ ਲਈ ਜ਼ਹਿਰਲੀ ਪੁਸ਼ਾਕ ਮੈਨੂੰ ਮਾਰ ਨਹੀਂ ਸਕਦੀ ਸਗੋਂ ਮੈਂ ਇਸ ਦੇ ਜ਼ਹਿਰੀਲੇ ਪਨ ਨੂੰ ਦੂਰ ਕਰ ਸਕਦਾ ਹਾਂ।' ਮੈਕਾਲਿਫ ਦੇ ਅਨੁਸਾਰ ਵੀ ਇੱਕ ਹੋਰ ਸਮੇਂ ਬਾਦਸ਼ਾਹ ਨੇ ਇੱਕ ਖੱਡੇ ਉੱਪਰ ਇੱਕ ਚਟਾਈ ਵਿਛਾ ਦਿੱਤੀ ਤਾਂ ਜੋ ਬੈਠਣ ਸਮੇਂ ਰਾਮ ਰਾਇ ਇਸ ਖੱਡੇ ਵਿੱਚ ਡਿੱਗ ਪਵੇ ਪ੍ਰੰਤੂ ਚਟਾਈ ਆਪਣੀ ਥਾਂ ਤੋਂ ਨਹੀਂ ਹਿੱਲੀ ਅਤੇ ਰਾਮ ਰਾਇ ਜਾਦੂਈ ਢੰਗ ਨਾਲ ਬਚ ਗਿਆ। ਇਸ ਤਰ੍ਹਾਂ ਦਿੱਲੀ ਦਰਬਾਰ ਵਿਚ ਰਾਮ ਰਾਇ ਦੀ ਵਾਹਵਾ ਹੋਣ ਲੱਗੀ ਅਤੇ ਉਸ ਦੀਆਂ ਕਰਾਮਾਤਾਂ ਦੀਆਂ ਗੱਲਾਂ ਹੋਣ ਲੱਗੀਆਂ।

ਹੁਣ ਰਾਮ ਰਾਇ ਇੰਨਾ ਬੇਧਿਆਨਾ ਹੋ ਗਿਆ ਕਿ ਉਸ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਇੱਕ ਤੁਕ ਹੀ ਬਦਲ ਦਿੱਤੀ ਤਾਂ ਕਿ ਬਾਦਸ਼ਾਹ ਨੂੰ ਖੁਸ਼ ਕੀਤਾ ਜਾ ਸਕੇ। ਕਿਹਾ ਜਾਂਦਾ ਹੈ ਕਿ ਬਾਦਸ਼ਾਹ ਨੇ ਰਾਮ ਰਾਏ ਨੂੰ ਆਦਿ ਗ੍ਰੰਥ ਵਿੱਚ ਦਰਜ ਬਾਣੀ ਦੀ ਇੱਕ ਤੁਕ ਦੇ ਅਰਥ ਕਰਨ ਲਈ ਕਿਹਾ ਜੋ ਮੁਸਲਮਾਨਾਂ ਦੇ ਵਿਰੁੱਧ ਸੀ।

'ਮਿੱਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ।।
ਘੜ ਭਾਂਡੇ ਇੱਟਾਂ ਕੀਆ ਜਲਤੀ ਕਰੇ ਪੁਕਾਰ।।
ਜਲਿ ਜਲਿ ਰੋਵੇ ਬਪੁੜੀ ਝੜਿ ਝੜਿ ਪਵਹਿ ਅੰਗਿਆਰ।।
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰ।।'

('ਆਦਿ ਗ੍ਰੰਥ' ਆਸਾ ਦੀ ਵਾਰ ਵਿੱਚੋਂ। )

ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦਾ ਹੈ ਅਤੇ ਆਦਿ ਗ੍ਰੰਥ ਵਿਚ ਆਸਾ ਦੀ ਵਾਰ ਵਿੱਚ ਦਰਜ ਹੈ। ਰਾਮਰਾਇ ਸਮਝ ਗਿਆ ਕਿ ਮੁਸਲਮਾਨਾਂ ਨੂੰ ਇਸ ਸ਼ਬਦ ਵਿੱਚ ਕਿਹੜਾ ਸ਼ਬਦ ਦੁਖੀ ਕਰਦਾ ਸੀ। ਉਸਨੇ ਬੜੀ ਸਾਫ਼ਗੋਈ ਨਾਲ ਉੱਤਰ ਦਿੱਤਾ ਕਿ ਅਣਜਾਣ ਵਿਅਕਤੀ ਤੋਂ ਮੂਲਰੂਪ ਵਿੱਚ ਲਿਖੇ ਸ਼ਬਦ ਦੀ ਤੋੜ-ਫੋੜ ਕੀਤੀ ਗਈ ਹੈ ਅਤੇ ਬੇਈਮਾਨ (ਅਧਰਮੀ) ਸ਼ਬਦ ਦੀ ਥਾਂ ਤੇ ਮੁਸਲਮਾਨ ਲਿਖ ਦਿੱਤਾ ਗਿਆ ਹੈ। ਉਸ ਨੇ ਦੱਸਿਆ ਕਿ ਧਰਮ ਨੂੰ ਨਾ ਮੰਨਣ ਵਾਲੇ ਦੋਨਾਂ ਜਹਾਨਾਂ ਵਿੱਚ ਤ੍ਰਿਸਕਾਰੇ ਜਾਂਦੇ ਹਨ ਨਾ ਕਿ ਮੁਸਲਮਾਨ। ਜਿਉਂਦੇ ਵੀ ਉਹ ਦੁਖੀ ਰਹਿੰਦੇ ਹਨ ਅਤੇ ਮਰ ਕੇ ਵੀ ਉਨ੍ਹਾਂ ਦੀ ਮਿੱਟੀ ਬਲਦੀ ਰਹਿੰਦੀ ਹੈ। ਸੱਚੇ ਮੁਸਲਮਾਨ ਇਸ ਵਿੱਚ ਸ਼ਾਮਿਲ ਨਹੀਂ ਹਨ। ਮਹਿਮਾ ਪ੍ਰਕਾਸ਼ ਵਿੱਚ ਸਪੱਸ਼ਟ ਲਿਖਿਆ ਹੈ-

'ਸ੍ਰੀ ਪ੍ਰਭੂ ਜੀ ਕਹਾ ਸਹਿਜ ਸਭਾਇ।।
ਕਾਹੇ ਸੁਲ ਮਨ ਗਿਲਾ ਕਹਾਇ।।
ਮੁਸਲਮਾਨ ਪਾਕ ਨਹੀਂ ਜਲੇ।।
ਬੇਈਮਾਨ ਜਲ ਖਾਕ ਸੋ ਮਿਲੇ।।'

ਬੇਸ਼ੱਕ ਮੁਸਲਮਾਨ ਕਾਜ਼ੀ ਮੁੱਲਾ ਇਸ ਵਿਆਖਿਆ ਨਾਲ ਸੰਤੁਸਟ ਹੋ ਗਏ। ਪਰ ਇਸ ਤਰ੍ਹਾਂ ਭੁਗਤ ਕੇ ਰਾਮਰਾਇ ਔਰੰਗਜ਼ੇਬ ਦੇ ਗੁੱਸੇ ਤੋਂ ਬਚ ਗਿਆ। ਪਰ ਗੁਰੂ ਹਰ ਰਾਇ ਜੀ ਨੂੰ ਇਹ ਗੱਲ ਬਿਲਕੁਲ ਚੰਗੀ ਨਹੀਂ ਲੱਗੀ। ਗੁਰਬਾਣੀ ਦੀ ਤੁੱਕ ਬਦਲ ਕੇ ਰਾਮਰਾਇ ਨੇ ਗੁਰੂ ਪਿਤਾ ਦਾ ਗੁੱਸਾ ਸਹੇੜ ਲਿਆ। ਜਦੋਂ ਗੁਰੂ ਹਰ ਰਾਇ ਜੀ ਨੂੰ ਇਹ ਸੂਚਨਾ ਮਿਲੀ ਤਾਂ ਗੁਰੂ ਜੀ ਨੇ ਕਿਹਾ ਕਿ ਕੋਈ ਵੀ ਵਿਅਕਤੀ ਗੁਰੂ ਨਾਨਕ ਦੀ ਬਾਣੀ ਨਹੀਂ ਬਦਲ ਸਕਦਾ। ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਦਰਜ ਹੈ ਕਿ ਗੁਰੂ ਜੀ ਨੇ ਕਿਹਾ ਕਿ ਜਿਸ ਮੂੰਹ ਨਾਲ ਰਾਮ ਰਾਇ ਨੇ ਤੁੱਕ ਬਦਲੀ ਹੈ ਉਹ ਉਸ ਮੂੰਹ ਨੂੰ ਤੱਕਣਾ ਨਹੀਂ ਚਾਹੁੰਦੇ। ਉਸ ਤੇ ਝੂਠਾ ਹੋਣ ਦੇ ਦੋਸ਼ ਆਇਦ ਕੀਤੇ ਗਏ। ਮਹਿਮਾ ਪ੍ਰਕਾਸ਼ ਦੇ ਰਚੇਤਾ ਅਨੁਸਾਰ ਗੁਰੂ ਜੀ ਨੇ ਹੁਕਮਨਾਮਾ ਲਿਖ ਕੇ ਲਾਹੌਰ ਭੇਜਿਆ ਕਿ ਮੇਰਾ ਸਿੱਖ ਕਰਤਾ ਪੁਰਖ ਕੋ ਕੌਡੀ, ਦਮੜੀ, ਧੇਲਾ, ਪੈਸਾ ਕੋਈ ਭੇਟਾ ਨਾ ਦੇਵੇ ਜਿਹੜਾ ਸਿੱਖ ਐਸਾ ਕਰੇਗਾ ਉਹ ਮੇਰਾ ਸਿੱਖ ਨਹੀਂ ਰਹੇਗਾ। ਮੈਕਾਲਿਫ ਦੇ ਅਨੁਸਾਰ ਗੁਰੂ ਜੀ ਨੇ ਫਰਮਾਇਆ ਗੁਰੂਤਾ ਸ਼ੇਰਨੀ ਦੇ ਦੁੱਧ ਵਾਂਗ ਹੈ

ਇਸ ਨੂੰ ਸੁਨਹਿਰੀ ਪਿਆਲੇ ਵਿੱਚ ਹੀ ਪੀਤਾ ਜਾ ਸਕਦਾ ਹੈ ਜੋ ਆਪਣੀ ਜ਼ਿੰਦਗੀ ਗੁਰੂ ਨੂੰ ਸ਼ਰਧਾ ਨਾਲ ਦੇਣ ਲਈ ਤਿਆਰ ਹੈ ਸਿਰਫ ਹੀ ਇਸ ਗੁਰੂਤਾ ਦੇ ਯੋਗ ਹੈ। ਉਸ ਨੂੰ ਔਰੰਗਜ਼ੇਬ ਦਾ ਹੁਕਮ ਮੰਨਣ ਦਿਓ ਅਤੇ ਉਸ ਦੇ ਦਰਬਾਰ ਵਿੱਚ ਧਨ ਇਕੱਠਾ ਕਰ ਲੈਣ ਦਿਓ।

ਰਾਮ ਰਾਇ ਨੇ ਮਾਫੀ ਮੰਗੀ ਅਤੇ ਕੀਰਤਪੁਰ ਆਪਣੇ ਪਿਤਾ ਜੀ ਕੋਲ ਜਾਣਾ ਚਾਹਿਆ। ਆਪਣੇ ਤਾਏ ਧੀਰ ਮੱਲ ਨੂੰ ਵੀ ਕਿਹਾ ਕਿ ਆਪਣੇ ਤੌਰ ਤੇ ਇਸ ਮਸਲੇ ਵਿੱਚ ਦਖਲ ਦੇਵੇ। ਪਰ ਗੁਰੂ ਨੇ ਉਸ ਦੀ ਮੁਆਫ਼ੀ ਸਵੀਕਾਰ ਨਹੀਂ ਕੀਤੀ। ਇਥੋਂ ਤੱਕ ਕਿ ਗੁਰੂ ਜੀ ਉਸ ਨੂੰ ਇੱਕ ਵਾਰ ਵੀ ਮਿਲਣ ਲਈ ਤਿਆਰ ਨਹੀਂ ਹੋਏ। ਉਨ੍ਹਾਂ ਨੇ ਕਿਹਾ ਕਿ ਉਸੇ ਸਮੇਂ ਕੀਰਤਪੁਰ ਤੋਂ ਚਲਾ ਜਾਵੇ। ਉਸੇ ਰਸਤੇ ਸਿੱਧਾ ਚੱਲਿਆ ਜਾਵੇ ਜਿਧਰ ਉਸ ਦਾ ਮੂੰਹ ਸੀ। ਇਸ ਤਰ੍ਹਾਂ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਪੁੱਤਰ ਹਰਿਕ੍ਰਿਸ਼ਨ ਨੂੰ ਬਣਾਇਆ ਅਤੇ ਵੱਡੇ ਪੁੱਤਰ ਰਾਮ ਰਾਏ ਨੂੰ ਅਯੋਗ ਕਰ ਕਰਾਰ ਦੇ ਦਿੱਤਾ। ਇਸ ਦੇ ਨਤੀਜੇ ਵਜੋਂ ਰਾਮ ਰਾਏ ਆਪਣੇ ਛੋਟੇ ਭਰਾ ਹਰਕ੍ਰਿਸਨ ਦਾ ਵੈਰੀ ਬਣ ਗਿਆ ਤੇ ਸਮੇਂ ਅਨੁਸਾਰ ਸਿੱਖ ਧਰਮ ਦਾ ਵੀ ਵਿਰੋਧੀ ਹੋ ਗਿਆ। ਆਪਣੇ ਤਾਏ ਧੀਰਮੱਲ ਵਾਂਗ ਉਸ ਨੇ ਵੀ ਵਿਰੋਧੀ ਧਰਮ ਦੀ ਨੀਂਹ ਰੱਖੀ ਅਤੇ ਮੁਗਲਾਂ ਨਾਲ ਮਿਲ ਕੇ ਸਿੱਖ ਧਰਮ ਨੂੰ ਨੁਕਸਾਨ ਕਰਨ ਦੀਆਂ ਵਿਉਤਾਂ ਬਣਾਉਣ ਲੱਗਾ। ਉਸ ਸਮੇਂ ਚੱਲਦੀ ਉੱਤਰ ਅਧਿਕਾਰੀਆਂ ਦੀ ਰੀਤ ਕਰਕੇ ਸਿੱਖਾਂ ਵਿੱਚ ਕਈ ਵਿਰੋਧੀ ਸਮੂਹ ਬਣੇ ਸਨ। ਗੁਰੂ ਰਾਮਦਾਸ ਦੀ ਚੌਥੇ ਗੁਰੂ ਦੇ ਵੱਡੇ ਪੁੱਤਰ ਪਿਰਥੀ ਚੰਦ ਦੀ ਸੰਤਾਨ ਨੂੰ ਗੁਰਗੱਦੀ ਨਾ ਮਿਲਣ ਕਰਕੇ ਵਿਰੋਧੀ ਗਰੁੱਪ ਮੀਣਾ ਕਰਕੇ ਜਾਣੇ ਜਾਂਦੇ ਸਨ। ਗੁਰੂ ਹਰ ਰਾਇ ਦੇ ਵੱਡੇ ਭਰਾ ਧੀਰ ਮੱਲ ਨੇ ਵੀ ਇਸੇ ਕਰਕੇ ਧੀਰ ਮੱਲੀਏ ਨਾਂ ਦਾ ਸਮੂਹ ਬਣਾਇਆ ਸੀ। ਉਹ ਆਪਣੀਆਂ ਗੱਦੀਆਂ ਤੇ ਆਪਣੇ ਢੰਗ ਨਾਲ ਪ੍ਰਚਾਰ ਕਰ ਰਹੇ ਸਨ। ਹੁਣ ਰਾਮ ਰਾਇ ਵੀ ਗੁਰਗੱਦੀ ਨਾ ਮਿਲਣ ਕਰਕੇ ਖਫ਼ਾ ਹੋ ਗਿਆ ਅਤੇ ਡੇਹਰਾਦੂਨ ਜਾ ਕੇ ਨਵੀਂ ਅਲੱਗ ਗੱਦੀ ਸਥਾਪਤ ਕਰ ਲਈ ਉਸ ਦੇ ਅਨੁਆਈਆਂ ਨੂੰ ਰਾਮ ਰਾਈਏ ਕਿਹਾ ਜਾਂਦਾ ਹੈ।

ਰਾਮ ਰਾਇ ਆਪਣੇ ਚਰਿੱਤਰ ਦੀ ਪਕਿਆਈ ਦਿਖਾਉਣ ਵਿੱਚ ਅਸਫਲ ਰਿਹਾ ਅਤੇ ਬਾਦਸ਼ਾਹ ਕੋਲ ਪ੍ਰਸ਼ਨਾਂ ਦੇ ਉੱਤਰ ਆਪਣੀ ਮਰਜੀ ਅਨੁਸਾਰ ਦਿੰਦਾ ਰਿਹਾ ਜਿਹਨਾਂ ਨਾਲ ਬਾਦਸ਼ਾਹ ਤਾਂ ਖੁਸ਼ ਹੋ ਗਿਆ ਅਤੇ ਸੋਚਣ ਲੱਗਾ ਕਿ ਗੁਰੂ ਜੀ ਦਾ ਇਹ ਵੱਡਾ ਪੁੱਤਰ ਰਾਮ ਰਾਇ ਗੁਰਗੱਦੀ ਦਾ ਅਗਲਾ ਵਾਰਸ ਹੋਵੇਗਾ, ਇਸ ਦਾ ਦਿਲ ਜਿੱਤਣਾ ਜਰੂਰੀ ਹੈ। ਫੌਜਾ ਸਿੰਘ ਲਿਖਦੇ ਹਨ ਕਿ ਰਾਮ ਰਾਇ ਨੂੰ ਖੁਸ਼ ਕਰਕੇ ਬਾਦਸ਼ਾਹ ਔਰੰਗਜੇਬ ਗੁਰੂ ਜੀ ਨੂੰ ਆਪਣੇ ਝੰਡੇ ਥੱਲੇ ਲਿਆਉਣ ਦੀ ਸਕੀਮ ਸੋਚੀ ਬੈਠਾ ਸੀ। ਪਰੰਤੂ ਗੁਰੂ ਹਰ ਰਾਇ ਆਪਣੇ ਸਿੱਖਾਂ ਨੂੰ ਆਪਣੇ ਉਤਰਧਿਕਾਰੀਆਂ ਦੇ ਪਦ-ਚਿਨ੍ਹਾਂ 'ਤੇ ਚੱਲ ਕੇ ਸੱਚਾਈ ਅਤੇ ਠੀਕ ਸੋਚ ਤੇ

ਪਹਿਰਾ ਦੇਣ ਲਈ ਤਿਆਰ ਕਰ ਰਹੇ ਸਨ। ਉਹ ਸਿੱਖਾਂ ਨੂੰ ਨਿਡਰ, ਬਹਾਦਰ ਅਤੇ ਨੈਤਿਕ ਕਦਰਾਂ-ਕੀਮਤਾਂ 'ਤੇ ਚੱਲਣ ਲਈ ਪ੍ਰੇਰ ਰਹੇ ਸਨ। ਉਹਨਾਂ ਨੂੰ ਰਾਮ ਰਾਏ ਦਾ ਡਰਪੋਕਤਾ ਭਰਿਆ ਕੰਮ ਚੰਗਾ ਨਾ ਲੱਗਿਆ। ਗੁਰੂ ਜੀ ਨੇ ਰਾਮ ਰਾਇ ਨੂੰ ਬੇਦਖਲ ਕਰ ਦਿੱਤਾ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਗੁਰੂ ਜੀ ਸਿੱਖਾਂ ਦੇ ਮਨ ਤੋਂ ਮੁਗਲਾਂ ਦਾ ਭੈ ਦੂਰ ਕਰ ਰਹੇ ਸਨ ਅਤੇ ਉਹਨਾਂ ਨੂੰ ਬਹਾਦਰੀ ਨਾਲ ਕਿਸੇ ਵੀ ਸੰਕਟ ਦਾ ਟਾਕਰਾ ਕਰਨ ਲਈ ਸਿੱਖਿਆ ਦੇ ਰਹੇ ਸਨ ਜਿਹੋ ਜਿਹੇ ਹਾਲਤ ਬਣੇ ਹੋਏ ਸਨ, ਇਹੋ ਜਿਹੇ ਸਮੇਂ ਸਿੱਖਾਂ ਦੀ ਤਾਕਤ ਅਤੇ ਸਰੀਰਕ ਹੌਂਸਲਾ ਅਫਜ਼ਾਈ ਜ਼ਰੂਰੀ ਸੀ। ਅੱਗੇ ਜਾ ਕੇ ਸਿੱਖ ਕੌਮ ਨੂੰ ਜਿੰਨਾ ਸੰਘਰਸ਼ ਕਰਨਾ ਪਿਆ, ਉਹਦੇ ਵਿੱਚ ਉਹ ਜੇਤੂ ਹੋ ਕੇ ਨਿਕਲੇ। ਰਾਮ ਰਾਇ ਦੇ ਖਿਲਾਫ ਇੰਨਾ ਜਬਰਦਸਤ ਫੈਸਲਾ ਕਿ ਉਸ ਨੂੰ ਗੁਰਗੱਦੀ ਤੋਂ ਵੰਚਿਤ ਕਰ ਦਿੱਤਾ ਗਿਆ, ਇੱਕ ਵੱਡਾ ਕਦਮ ਸੀ। ਹਰ ਕ੍ਰਿਸ਼ਨ ਜੀ ਨੂੰ ਗੁਰਗੱਦੀ ਦੇਣ ਲਈ ਗੁਰੂ ਹਰ ਰਾਇ ਨੇ ਸੰਗਤਾਂ ਦਾ 23 ਸਤੰਬਰ 1661 ਈ. ਨੂੰ ਇਕੱਠ ਕੀਤਾ। ਗੁਰੂ ਹਰ ਰਾਇ ਸਾਹਿਬ ਉਥੇ ਆਸਾ ਦੀ ਵਾਰ ਕੀਰਤਨ ਉਪਰੰਤ ਆਪ ਸਿੰਘਾਸਨ ਤੋਂ ਉੱਠ ਖੜੇ ਹੋਏ ਅਤੇ ਹਰ ਕ੍ਰਿਸ਼ਨ ਨੂੰ ਉੱਪਰ ਬਿਠਾਇਆ ਅਤੇ ਤਿੰਨ ਪ੍ਰਕਰਮਾਂ ਕੀਤੀਆਂ,ਮੱਥਾ ਟੇਕਿਆ। ਬਾਬਾ ਬੁੱਢਾ ਜੀ ਦੀ ਵੰਸ਼ ਵਿੱਚੋਂ ਭਾਈ ਗੁਰਦਿੱਤਾ ਨੇ ਗੁਰਗੱਦੀ ਸਮਰਪਨ ਦੀ ਰੀਤ ਨਿਭਾਈ। ਇਸ ਤਰਾਂ ਉਹਨਾਂ ਨੇ ਸਭ ਤੋਂ ਉੱਚੇ ਤੇ ਯੋਗ ਵਿਅਕਤੀ ਗੁਰਗੱਦੀ ਦੇ ਕੇ ਸਿੱਖ ਸੰਗਤਾਂ ਨੂੰ ਹਕੀਕੀ ਗੁਰੂ ਦੇ ਲੜ ਲਾਇਆ। ਉਹਨਾਂ ਨੇ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਕਿ ਉਹ ਹਰ ਕ੍ਰਿਸ਼ਨ ਨੂੰ ਅੱਠਵਾਂ ਗੁਰੂ ਸਮਝਣ-

'ਸ੍ਰੀ ਹਰ ਕ੍ਰਿਸ਼ਨ ਨਿਜ ਰੂਪ ਮਮ, ਤਿਨ ਚਰਨਣ ਰਸ ਲਾਗ।।'

ਗੁਰੂ ਹਰ ਰਾਇ ਜੀ ਨੇ ਸਿੱਖ ਸੰਗਤ ਨੂੰ ਸਮਝਾਇਆ ਕਿ ਉਹ ਹਰ ਕ੍ਰਿਸ਼ਨ ਮੇਰੇ ਸਮਾਨ ਹੀ ਹਨ। ਲੋਕ ਪ੍ਰਲੋਕ ਦੇ ਇਹੀ ਮਾਲਕ ਹਨ। ਇਹਨਾਂ ਪਾਸ ਹੀ ਮੁਕਤੀ ਦੀ ਕੁੰਜੀ ਹੈ। ਜੋ ਵਿਅਕਤੀ ਸ਼ਰਧਾ ਧਾਰ ਕੇ ਇਹਨਾਂ ਦਾ ਲੜ ਫੜੇਗਾ ਉਸਨੂੰ ਸਭ ਫਲ ਪ੍ਰਾਪਤ ਹੋਣਗੇ ।

ਗੁਰਗੱਦੀ ਦੀ ਜ਼ਿੰਮੇਵਾਰੀ ਹਰ ਕ੍ਰਿਸ਼ਨ ਨੂੰ ਸੌਂਪ ਕੇ ਗੁਰੂ ਹਰ ਰਾਇ ਜੀ ਨੇ ਆਪਣਾ ਸਮਾਂ ਪਾਠ ਕਰਨ ਤੇ ਕੀਰਤਨ ਕਰਨ ਵਿੱਚ ਹੀ ਬਤੀਤ ਕੀਤਾ। ਗੁਰੂ ਜੀ ਅਕਤੂਬਰ 1661 ਈ. ਵਿੱਚ ਜੋਤੀ ਜੋਤ ਸਮਾ ਗਏ। ਇਸ ਸਮੇਂ ਉਹਨਾਂ ਦੀ ਉਮਰ ਸਿਰਫ 31 ਸਾਲ 8 ਮਹੀਨੇ 17 ਦਿਨ ਸੀ। ਇੰਨੀ ਛੋਟੀ ਉਮਰ ਵਿੱਚ ਜੋਤੀ ਜੋਤ ਸਮਾਉਣ ਪਿੱਛੇ ਕਈ ਤਰਾਂ ਦੀਆਂ ਮਨਘੜਤ ਕਹਾਣੀਆਂ ਬਣਾਈਆਂ ਗਈਆਂ ਹਨ। ਜਿਹਨਾਂ ਉੱਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਕਰਾਮਾਤਾਂ ਤੇ ਟੋਟਕਿਆਂ ਨਾਲ ਜੋੜੀਆਂ ਇਹ ਗੱਲਾਂ ਸਿੱਖਾਂ ਸਿਧਾਤਾਂ 'ਤੇ ਖਰੀਆਂ ਨਹੀਂ ਉਤਰਦੀਆਂ। ਸਾਰੇ ਸਿੱਖ ਗੁਰੂਆਂ ਨੇ ਸਮੇਂ-ਸਮੇਂ ਤੇ ਕਰਾਮਾਤਾਂ ਦੇ ਵਿਰੁੱਧ ਆਵਾਜ਼ ਉਠਾਈ ਅਤੇ

ਸਿੱਖਾਂ ਨੂੰ ਖਬਰਦਾਰ ਕੀਤਾ। ਛੋਟੀ ਉਮਰ ਵਿੱਚ ਅਕਾਲ ਚਲਾਣਾ ਕਰਨ ਦਾ ਕਾਰਣ ਕੋਈ ਸਰੀਰਕ ਰੋਗ ਵੀ ਹੋ ਸਕਦਾ ਹੈ।

ਖ਼ਾਸ ਗੱਲ ਇਹ ਹੈ ਕਿ ਇੰਨੀ ਛੋਟੀਉਮਰ ਵਿੱਚ ਹੀ ਗੁਰੂ ਜੀ ਨੇ ਬੜੇ ਹੀ ਵੱਡੇ ਕੰਮ ਕੀਤੇ। ਜਿੱਥੇ ਆਪ ਘੁੰਮ ਫਿਰ ਕੇ ਸਿੱਖੀ ਦਾ ਪ੍ਰਚਾਰ ਕੀਤਾ, ਦੂਰ-ਦੂਰ ਤੋਂ ਵੱਡੇ ਘਰਾਣਿਆਂ ਨੂੰ ਸਿੱਖ ਧਰਮ ਵਿੱਚ ਲਿਆਂਦਾ ਉਥੇ ਹਮੇਸ਼ਾ ਸੱਚਾਈ ਤੇ ਨਿਮਰਤਾ ਦਾ ਪੱਲਾ ਫੜੀ ਰੱਖਿਆ, ਲੋਕ ਭਲਾਈ ਦੇ ਕੰਮਾਂ ਵਿੱਚ ਲੱਗੇ ਰਹੇ ਅਤੇ ਭ੍ਰਿਸ਼ਟਾਚਾਰ ਤੇ ਅਨਿਆਂ ਖਿਲਾਫ ਲੜਨ ਲਈ ਸਿੱਖ ਕੌਮ ਨੂੰ ਪ੍ਰੇਰਿਤ ਕੀਤਾ।

ਗੁਰੂ ਜੀ ਦੇ ਨਿਮਰ ਸੁਭਾਅ, ਸੁਹਿਰਦਤਾ ਤੇ ਸਹਿਜ ਕਾਰਣ ਜੋ ਵੀ ਵਿਅਕਤੀ ਉਹਨਾਂ ਦੇ ਸੰਪਰਕ ਵਿੱਚ ਆਉਂਦਾ ਸੀ, ਉਹ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ। ਗੁਰੂ ਗੋਬਿੰਦ ਸਿੰਘ ਨੇ ਉਹਨਾਂ ਦੇ ਵਿਅਕਤੀਤਵ ਦੀ ਵਡਿਆਈ ਕਰਦੇ ਹੋਏ ਲਿਖਿਆ ਹੈ-

'ਸਿਮਰੋ ਸ੍ਰੀ ਹਰ ਰਾਇ।।'

ਗੁਰੂ ਹਰ ਰਾਇ ਜੀ ਨੇ ਸਿੱਖੀ ਦਾ ਪ੍ਰਚਾਰ ਦੇ ਨਾਲ-ਨਾਲ ਦੁਖੀਆਂ ਤੇ ਬਿਮਾਰਾਂ ਲਈ ਮੁਫਤ ਇਲਾਜ ਦਾ ਪ੍ਰਬੰਧ ਕੀਤਾ। ਜਿੱਥੇ ਬਾਦਸ਼ਾਹ ਤੇ ਕੀ ਦਰਵੇਸ਼, ਅਮੀਰ ਤੇ ਕੀ ਗਰੀਬ ਸਭ ਇਲਾਜ ਕਰਵਾ ਸਕਦੇ ਸਨ। ਸਹਿਜ਼ਾਦਾ ਦਾਰਾ ਸ਼ਿਕੋਹ ਵੀ ਗੁਰੂ ਹਰ ਰਾਇ ਦੇ ਦਵਾਖਾਨੇ ਤੋਂ ਜੜੀ ਬੂਟੀਆਂ ਦੀ ਦਵਾ ਨਾਲ ਹੀ ਠੀਕ ਹੋਇਆ ਸੀ।

ਗੁਰੂ ਜੀ ਨਿਡਰ ਤੇ ਦਲੇਰ ਸ਼ਖਸੀਅਤ ਸਨ। ਜੋ ਵੀ ਸ਼ਰਨ ਵਿੱਚ ਆਇਆ। ਉਸ ਦੀ ਜ਼ਰੂਰ ਮਦਦ ਕੀਤੀ। ਰਾਮ ਰਾਇ ਨੂੰ ਅਯੋਗ ਕਰਾਰ ਦਿੱਤਾ। ਬੇਸ਼ੱਕ ਉਹ ਔਰੰਗਜੇਬ ਦੇ ਸੰਪਰਕ ਵਿੱਚ ਸੀ ਅਤੇ ਮੁਗਲ ਬਾਦਸ਼ਾਹ ਬਹੁਤ ਸ਼ਕਤੀਸ਼ਾਲੀ ਸੀ। ਪਰ ਗੁਰੂ ਜੀ ਅਡੋਲ ਰਹੇ ਅਤੇ ਆਪਣੇ ਧਰਮ ਨਾਲ ਤੇ ਆਤਮਾ ਨਾਲ ਕੋਈ ਸਮਝੌਤਾ ਨਹੀਂ ਕੀਤਾ। ਉਹਨਾਂ ਦੀ ਆਤਮਾ ਹੀ ਉਹਨਾਂ ਦੀ ਸ਼ਕਤੀ ਦਾ ਸੋਮਾ ਸੀ। ਉਹ ਜੋ ਗੱਲ ਦੂਸਰਿਆਂ 'ਤੇ ਲਾਗੂ ਕਰਦੇ ਸਨ, ਪਹਿਲਾਂ ਆਪਣੇ 'ਤੇ ਫੌਜ਼ੀ ਜ਼ਬਤ ਵਾਂਗ ਲਾਗੂ ਕਰਦੇ ਸਨ। ਉਹ ਉਹੀ ਗੱਲ ਮੰਨਦੇ ਸਨ ਜੋ ਉਹਨਾਂ ਦੀ ਅੰਤਰ-ਆਤਮਾ ਮੰਨਦੀ ਸੀ। ਗੁਰੂ ਜੀ ਦੀ ਵਡਿਆਈ ਉਹਨਾਂ ਦੀ ਸੱਚਾਈ ਵਿੱਚ ਸੀ, ਨਿਰਪੱਖਤਾ ਵਿੱਚ ਸੀ ਤੇ ਨਿਰਭੈਤਾ ਵਿੱਚ ਸੀ। ਉਹ ਬਾਦਸ਼ਾਹ ਸਨ, ਦਰਵੇਸ਼ ਸਨ। ਉਹ ਕਮਜ਼ੋਰਾਂ ਅਤੇ ਨਿਆਸਰਿਆਂ ਦੇ ਆਸਰੇ ਤੇ ਸਹਾਰਾ ਵੀ ਬਣੇ। ਉਹਨਾਂ ਨੇ ਜ਼ਿੰਦਗੀ ਭਰ ਕਿਸੇ ਪਸ਼ੂ-ਪੰਛੀ, ਫੁੱਲ-ਬੂਟੇ ਦਾ ਨਿਰਾਦਰ ਨਹੀਂ ਕੀਤਾ, ਉਹਨਾਂ ਨੂੰ ਦੁੱਖ ਨਹੀਂ ਦਿੱਤਾ। ਆਪਣੇ ਧਰਮ ਦੀ ਪਾਲਣਾ ਬੇਖੌਫ ਹੋ ਕੇ ਸੱਚਾਈ ਦੇ ਮਾਰਗ 'ਤੇ ਚੱਲਦਿਆਂ ਕੀਤੀ। ਉਹਨਾਂ ਦਾ ਉੱਚਾ-ਸੁੱਚਾ ਤੇ ਬੇਦਾਗ ਜੀਵਨ ਕਾਲ ਉਹਨਾਂ ਦੀ ਮਹਾਨਤਾ ਦੀ ਸ਼ਾਹਦੀ ਭਰਦਾ ਹੈ।

# ਸ਼੍ਰੀ ਗੁਰੂ ਹਰ ਕ੍ਰਿਸ਼ਨ ਜੀ

'ਹਰਿ ਕ੍ਰਿਸ਼ਨ ਧਿਆਈਏ ਜਿਸ ਡਿਠੈ ਸਭ ਦੁੱਖ ਜਾਇ।।'

ਸਿੱਖ ਧਰਮ ਦੇ ਅੱਠਵੇਂ ਗੁਰੂ ਹਰ ਕ੍ਰਿਸ਼ਨ ਗੁਰੂ ਹਰ ਰਾਇ ਦੇ ਛੋਟੇ ਸਪੁੱਤਰ ਸਨ। ਉਹਨਾਂ ਦਾ ਜਨਮ 7 ਜੁਲਾਈ 1656 ਈ. ਕੀਰਤਪੁਰ ਸਾਹਿਬ ਵਿਖੇ ਹੋਇਆ। ਉਹਨਾਂ ਦੇ ਜਨਮ ਦਿਨ ਬਾਰੇ ਇੱਕ ਦਿਨ ਬਾਅਦ ਜਾਂ ਪਹਿਲਾਂ (ਸਰਵਣ ਵਦੀ 9 ਜਾਂ 10) ਥੋੜਾ ਵਿਵਾਦ ਹੈ। ਇਤਿਹਾਸਕਾਰ ਮੈਕਾਲਿਫ ਦੇ ਅਨੁਸਾਰ ਸਰਵਣ ਸਦੀ 9 ਹੈ ਜਦੋਂ ਕਿ ਕੇਸਰ ਸਿੰਘ ਛਿੱਬਰ ਅਤੇ ਗੁਲਾਬ ਸਿੰਘ ਅਤੇ ਗਿਆਨ ਸਿੰਘ ਗਿਆਨੀ ਇਹ ਵਿਚਾਰ ਰੱਖਦੇ ਹਨ ਕਿ ਗੁਰੂ ਜੀ ਦਾ ਜਨਮ ਸਰਵਣ ਵਦੀ 10 ਨੂੰ ਹੀ ਹੋਇਆ। ਇਹੀ ਤਰੀਕ ਜ਼ਿਆਦਾ ਮੰਨਣਯੋਗ ਹੈ। ਗੰਡਾ ਸਿੰਘ ਤੇਜਾ ਸਿੰਘ, ਤਰਲੋਚਨ ਸਿੰਘ, ਹਰੀ ਰਾਮ ਗੁਪਤਾ ਅਤੇ ਸਾਹਿਬ ਸਿੰਘ ਆਦਿ ਇਤਿਹਾਸਕਾਰ ਇਸ ਤਰੀਕ ਨੂੰ ਹੀ ਗੁਰੂ ਜੀ ਦਾ ਜਨਮ ਹੋਇਆ ਤਸਦੀਕ ਕਰਦੇ ਹਨ। ਜਿਸ ਥਾਂ 'ਤੇ ਗੁਰੂ ਹਰ ਕ੍ਰਿਸ਼ਨ ਜੀ ਦਾ ਜਨਮ ਹੋਇਆ ਉਸਨੂੰ 'ਸੀਸ ਮਹੱਲ' ਕਿਹਾ ਜਾਂਦਾ ਹੈ। ਕਿਉਂਕਿ ਇਹ ਜੈਪੁਰ ਦੇ ਸੀਸ ਮਹੱਲ ਦਾ ਹੀ ਇੱਕ ਨਮੂਨਾ ਹੈ ਇੱਥੇ ਗੁਰੂ ਹਰ ਰਾਇ ਜੀ ਦੀ ਰਿਹਾਇਸ਼ ਸੀ।

ਸਿੱਖ ਇਤਿਹਾਸ ਵਿੱਚ ਗੁਰੂ ਹਰ ਕ੍ਰਿਸਨ ਜੀ ਦੀ ਮੁੱਢਲੀ ਸਿੱਖਿਆ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਫਿਰ ਵੀ ਇਹ ਕਿਹਾ ਜਾਂਦਾ ਹੈ ਕਿ ਗੁਰੂ ਜੀ ਦੇ ਮਾਤਾ ਸੁਲੱਖਣੀ ਬਹੁਤ ਹੀ ਮੋਹ ਭਰੇ ਅਤੇ ਸੰਜੀਦਾ ਸੁਭਾਅ ਦੇ ਮਾਲਕ ਸਨ। ਉਹ ਆਪਣੇ ਵਿਸ਼ਵਾਸ ਤੇ ਪਵਿੱਤਰਤਾ ਕਰਕੇ ਸਿੱਖ ਧਰਮ ਵਿੱਚ ਸਤਿਕਾਰੇ ਜਾਂਦੇ ਸਨ। ਉਹਨਾਂ ਨੇ ਜ਼ਰੂਰ ਹੀ ਗੁਰਬਾਣੀ ਨਾਲ ਪਿਆਰ, ਸਬਰ, ਸ਼ਹਿਨਸ਼ੀਲਤਾ ਨਿਮਰਤਾ ਤੇ ਆਗਿਆ ਮੰਨਣ ਦੇ ਗੁਣ ਹਰ ਕ੍ਰਿਸ਼ਨ ਜੀ ਵਿੱਚ ਭਰੇ ਹੋਣਗੇ। ਉਹ ਉਹਨਾਂ ਦੇ ਨਾਲ ਉਹਨਾਂ ਦੀ ਜ਼ਿੰਦਗੀ ਵਿੱਚ ਸਭ ਤੋਂ ਵੱਧ ਸਮਾਂ ਰਹੇ। ਜਨਮ ਤੋਂ ਲੈ ਕੇ ਉਹਨਾਂ ਦੀ ਸਮੇਂ ਤੋਂ ਪਹਿਲਾਂ ਹੋਈ ਉਹਨਾਂ ਦੀ ਮੌਤ ਦੌਰਾਨ- ਕੀਰਤਪੁਰ ਤੋਂ ਦਿੱਲੀ ਤੱਕ ਮਾਤਾ ਜੀ ਹਰ ਕ੍ਰਿਸ਼ਨ ਦੇ ਨਾਲ ਰਹੇ। ਇਤਿਹਾਸਕਾਰ ਤਰਲੋਚਨ ਸਿੰਘ ਵੀ ਇਸ ਗੱਲ ਦੀ ਪ੍ਰੋੜਤਾ ਕਰਦੇ ਹੋਏ ਲਿਖਦੇ ਹਨ ਕਿ ਮਾਤਾ ਸੁਲੱਖਣੀ ਨੇ ਇਸ ਗੱਲ ਨੂੰ ਆਪਣਾ ਫਰਜ਼ ਸਮਝਿਆ ਸੀ ਕਿ ਉਹ ਆਪਣੇ ਪੁੱਤਰਾਂ ਨੂੰ ਜ਼ਿੰਦਗੀ ਵਿੱਚ ਆਉਣ ਵਾਲੀ ਹਰ ਵੰਗਾਰ ਦਾ ਟਾਕਰਾ ਕਰਨ ਦੇ ਯੋਗ ਬਣਾਉਣ । ਡੰਕਨ ਗਰੀਨਲੈਸ ਦਾ ਵਿਚਾਰ ਹੈ।" ਛੋਟਾ ਬੱਚਾ ਪਹਿਲਾਂ ਹੀ ਮਿਠਾਸ ਭਰੀ ਤੇ ਚੜਦੀ

ਕਲਾ ਦੀ ਭਾਵਨਾ ਦੀ ਮੂਰਤ ਲੱਗਦਾ ਸੀ। ਉਸਦੀ ਸੋਚ ਸਾਫ ਤੀਖਣ ਬੁੱਧੀ ਅਤੇ ਧਾਰਮਿਕਤਾ ਦੂਰ ਅੰਦੇਸ਼ੀ ਵਾਲੀ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਉਹ ਛੋਟੀ ਉਮਰ ਵਿੱਚ ਹੀ ਲੋਕਾਂ ਦੇ ਸ਼ੰਕੇ ਦੂਰ ਕਰ ਸਕਦੇ ਸਨ ਅਤੇ ਅਗਵਾਈ ਦੇ ਸਕਦੇ ਸਨ। ਇਸ ਗੱਲੋਂ ਸਿੱਧ ਹੁੰਦਾ ਹੈ ਕਿ ਹਰ ਕ੍ਰਿਸ਼ਨ ਜੀ ਨੇ ਨਿਰਪੱਖ ਸੋਚ ਰੱਖਣ ਵਾਲੀ ਤੇ ਸਮਝਣ ਵਾਲੀ, ਅਧਿਆਤਮਕ ਸੁਰ ਵਾਲੀ ਸਿੱਖਿਆ ਹੋਰ ਕਿਸੇ ਤੋਂ ਨਹੀਂ ਸਗੋਂ ਗੁਰੂ-ਪਿਤਾ ਹਰ ਰਾਇ ਤੋਂ ਹੀ ਲਈ ਹੋਵੇਗੀ ਅਤੇ ਇਸ ਤਰਾਂ ਪੰਜ ਸਾਲ ਦੀ ਨਰਮ ਉਮਰ ਵਿੱਚ ਹੀ ਪਰਪੱਕ ਹੋ ਗਏ ਹੋਣਗੇ। ਗੁਰੂ ਹਰ ਰਾਇ ਸਿੱਖ ਧਰਮ ਦੇ ਬਹੁਤ ਵੱਡੇ ਰਹਿਬਰ ਸਨ ਸੋ ਉਹਨਾਂ ਨੇ ਆਪਣੇ ਪੁੱਤਰ ਨੂੰ ਸ਼ੁਰੂ ਤੋ ਹੀ ਧਾਰਮਿਕ ਅਤੇ ਅਧਿਆਤਮਕ ਸਿੱਖਿਆ ਦਿੱਤੀ ਹੋਵੇਗੀ। ਗੁਰੂ ਹਰ ਕ੍ਰਿਸ਼ਨ ਜੀ ਦਾ ਜਨਮ ਤੇ ਪਾਲਣ ਪੋਸ਼ਣ ਹੀ ਧਾਰਮਿਕ ਫਿਜ਼ਾ ਵਿੱਚ ਹੋਇਆ ਸੀ। ਉਹ ਸ਼ੁਰੂ ਤੋਂ ਹੀ ਆਪਣੇ ਅੰਦਰੋਂ ਸਿੱਖ ਧਰਮ ਅਤੇ ਸਿੱਖੀ ਰੂਹ-ਗੀਤਾਂ ਦੇ ਅੰਗ-ਸੰਗ ਵਿਚਰੇ ਸਨ। ਗੁਰੂ ਪੁੱਤਰ ਹੋਣ ਦੇ ਨਾਤੇ ਧਾਰਮਿਕ ਰੰਗਣ ਉਹਨਾਂ ਦਾ ਇੱਕ ਅੰਗ ਹੀ ਸੀ। ਇਸ ਤੱਥ ਨੂੰ ਤਰਲੋਚਨ ਸਿੰਘ ਵੀ ਸਵੀਕਾਰਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਗੁਰੂ ਹਰ ਰਾਏ ਗੁਰੂ ਹਰਿ ਕ੍ਰਿਸ਼ਨ ਜੀ ਦੇ ਧਾਰਮਿਕ ਰਹਿਬਰ ਅਤੇ ਅਧਿਆਤਮਕ ਗੁਰੂ ਸਨ। ਕਿਉਂਕਿ ਉਹਨਾਂ ਨੇ ਹੀ ਹਰ ਕ੍ਰਿਸ਼ਨ ਨੂੰ 'ਚਰਨ-ਪਾਹੁਲ' ਸਿੱਖ ਧਾਰਮਿਕ ਗੀਤ ਅਨੁਸਾਰ ਪਾਣ ਕਰਾਇਆ ਸੀ ਅਤੇ "ਨਾਮ-ਦੀਕਸ਼ਾ" ਨਾਂ ਦੇ ਦੈਵੀ ਸ਼ਬਦ ਬਾਰੇ ਵਰਨਣ ਕੀਤਾ ਸੀ। ਗੁਰੂ ਹਰ ਰਾਇ ਨੇ ਬੱਚੇ ਦੇ ਦਿਲ ਵਿੱਚ ਰੌਸ਼ਨੀ ਕੀਤੀ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਉਮਰ ਵਿੱਚ ਹਰ ਕ੍ਰਿਸ਼ਨ 'ਜਪੁ ਜੀ ਸਾਹਿਬ, ਆਨੰਦ ਸਾਹਿਬ ਅਤੇ ਸੁਖਮਣੀ ਸਾਹਿਬ ਦਾ ਜ਼ੁਬਾਨੀ ਪਾਠ ਕਰ ਸਕਦੇ ਸਨ। ਉਹ ਪ੍ਰਸਿੱਧ ਸਿੱਖ ਵਿਦਵਾਨਾਂ ਅਤੇ ਗੁਰੂ ਦਰਬਾਰ ਦੇ ਵਡੇਰੇ ਸਿੱਖਾਂ ਦੀ ਸੰਗਤ ਕਰਦੇ ਸਨ ਅਤੇ ਆਪਣੇ ਵੱਡੇ ਵਡੇਰਿਆਂ ਦੀਆਂ ਅਧਿਆਤਮਕ ਅਤੇ ਧਾਰਮਿਕ ਕਥਾਵਾਂ ਖੁਦ ਸੁਣਦੇ ਸਨ। ਇਸ ਤਰਾਂ ਉਹਨਾਂ ਨੇ ਆਪਣੇ ਵਿਚਾਰਸ਼ੀਲ ਅਤੇ ਸੰਵੇਦਨਸ਼ੀਲ ਮਨ ਵਿੱਚ ਇਹ ਸਾਰਾ ਗਿਆਨ ਸਮੋ ਲਿਆ ਸੀ। ਮੈਕਾਲਿਫ ਦੇ ਅਨੁਸਾਰ 'ਇਸ ਬੱਚੇ ਨੇ ਛੋਟੀ ਉਮਰ ਹੀ ਇਸ਼ਾਰਾ ਕਰ ਦਿੱਤਾ ਕਿ ਉਹ ਗੁਰਗੱਦੀ ਦਾ ਵਾਰਸ ਬਣ ਸਕਣ ਦੇ ਕਾਬਲ ਹੈ।

ਇਸ ਤਰਾਂ ਹਰ ਕ੍ਰਿਸ਼ਨ ਗੁਰੂ ਹਰ ਰਾਇ ਦੇ ਛੋਟੇ ਸਪੁੱਤਰ ਨੇ ਸਿੱਖਾਂ ਦੇ ਪੁਰਾਤਨ ਗ੍ਰੰਥਾਂ ਅਤੇ ਸਿੱਖ ਧਰਮ ਵਿੱਚ ਨਿਪੁੰਨਤਾ ਹਾਸਲ ਕਰ ਲਈ ਅਤੇ ਇਹ ਗੱਲ ਇੱਕ ਪ੍ਰੀਖਿਆ ਤੋਂ ਸਪੱਸ਼ਟ ਹੋ ਜਾਂਦੀ ਹੈ ਜੋ ਗੁਰੂ ਹਰ ਰਾਇ ਜੀ ਨੇ ਆਪਣੇ ਦੋਨਾਂ ਪੁੱਤਰਾਂ ਤੋਂ ਲਈ ਤਾਂ ਜੋ ਫੈਸਲਾ ਹੋ ਸਕੇ ਕਿ ਦੋਹਾਂ ਵਿੱਚੋਂ ਕਿਹੜਾ ਵੱਧ ਗੁਣੀ ਗਿਆਨੀ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਸੰਤੋਖ ਸਿੰਘ ਕਵੀ ਇੱਕ ਸਾਖੀ ਬ੍ਰਿਤਾਂਤ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਹਰ ਰਾਏ ਨੇ ਦੋਹਾਂ ਭਰਾਵਾਂ- ਰਾਮ

ਰਾਇ ਤੇ ਹਰ ਕ੍ਰਿਸ਼ਨ ਨੂੰ ਵਾਰੋ ਵਾਰੀ ਗੁਰੂ ਗਰੰਥ ਸਾਹਿਬ ਵਿੱਚੋਂ ਇੱਕ ਸ਼ਬਦ ਦੀ ਵਿਆਖਿਆ ਕਰਨ ਲਈ ਕਿਹਾ। ਸਾਰੀ ਸਿੱਖ ਸੰਗਤ ਹਾਜ਼ਿਰ ਸੀ। ਪਹਿਲਾਂ ਹਰ ਕ੍ਰਿਸ਼ਨ ਜੀ ਨੂੰ ਸ਼ਬਦ ਦੇ ਅਰਥ ਕਰਨ ਦੀ ਜ਼ਿੰਮੇਵਾਰੀ ਮਿਲੀ। ਸਿੱਖ ਸੰਗਤਾਂ ਨੇ ਜਦੋਂ ਇਹ ਸ਼ਬਦ ਦੀ ਵਿਆਖਿਆ ਹਰ ਕ੍ਰਿਸ਼ਨ ਤੋਂ ਸੁਣੀ ਤਾਂ ਉਹ ਉਹਨਾਂ ਦੀ ਮਧੁਰ ਅਵਾਜ਼ ਅਤੇ ਬਾਣੀ ਵਿੱਚ ਪ੍ਰਪੱਕਤਾ ਨੂੰ ਦੇਖ ਕੇ ਮੰਤਰ ਮੁਗਧ ਹੋ ਗਈਆਂ। ਫਿਰ ਉਹੀ ਸ਼ਬਦ ਗੁਰੂ ਜੀ ਨੇ ਰਾਮ ਰਾਇ ਨੂੰ ਵੀ ਵਿਆਖਿਆ ਕਰਨ ਲਈ ਦਿੱਤਾ। ਪਰ ਦਰਸ਼ਕ ਉਨੇ ਕੀਲੇ ਨਾ ਗਏ। ਜਿਸ ਤੋਂ ਪਤਾ ਚੱਲਦਾ ਹੈ ਕਿ ਗੁਰੂ ਹਰਕ੍ਰਿਸ਼ਨ ਜੀ ਦੇ ਨਿੱਕੀ ਉਮਰ ਵਿੱਚ ਵੀ ਸੰਪੂਰਣਤਾ ਦੇ ਗੁਣ ਸਨ। ਉਹਨਾਂ ਨੇ ਗੁਰੂ-ਪਿਤਾ ਨੂੰ ਆਪਣੀਆਂ ਅਧਿਆਤਮਕ ਪ੍ਰਾਪਤੀਆਂ ਅਤੇ ਸੰਤ ਸੁਭਾਅ ਨਾਲ ਪ੍ਰਭਾਵਿਤ ਕਰ ਦਿੱਤਾ ਸੀ।

ਦੂਜੇ ਪਾਸੇ ਉਹਨਾਂ ਦਾ ਵੱਡਾ ਭਰਾ ਰਾਮ ਰਾਇ ਸੀ। ਜਿਸਨੇ ਔਰੰਗਜੇਬ ਬਾਦਸ਼ਾਹ ਦੇ ਸਾਹਮਣੇ ਕਾਇਰਤਾ ਦਾ ਸਬੂਤ ਦਿੱਤਾ ਸੀ ਅਤੇ ਇਸ ਤਰਾਂ ਗੁਰੂ-ਪਿਤਾ ਦੀ ਨਰਾਜ਼ਗੀ ਸਹੇੜ ਲਈ ਸੀ। ਉਸਨੇ ਆਦਿ ਗ੍ਰੰਥ ਦੀ ਇੱਕ ਤੁਕ ਦੇ ਅਰਥ ਬਦਲ ਦਿੱਤੇ ਸਨ। ਗੁਰੂ ਜੀ ਨੇ ਉਸਨੂੰ ਬੇਦਖਲ ਕਰਕੇ ਉਤਰਾਧਿਕਾਰੀ ਤੋਂ ਵੰਚਿਤ ਕਰ ਦਿੱਤਾ ਸੀ। ਗੁਰੂ ਜੀ ਨੇ ਉਸਨੂੰ ਮੱਥੇ ਲਾਉਣ ਤੋਂ ਵੀ ਇਨਕਾਰ ਕਰ ਦਿੱਤਾ ਸੀ।

ਆਪਣਾ ਅੰਤ ਸਮਾਂ ਆਇਆ ਦੇਖ ਕੇ ਗੁਰੂ ਹਰ ਰਾਇ ਨੇ ਹਰ ਕ੍ਰਿਸ਼ਨ ਨੂੰ 23 ਸਤੰਬਰ 1661 ਈ. ਗੁਰਗੱਦੀ ਸੌਂਪ ਦਿੱਤੀ। ਆਪ ਗੁਰੂ ਜੀ ਗੁਰਬਾਣੀ ਦੇ ਜਾਪ ਵਿੱਚ ਲੀਨ ਹੋ ਗਏ। ਸਿੱਖ ਵਿਦਵਾਨ ਤਰਲੋਚਨ ਸਿੰਘ ਅਨੁਸਾਰ ਗੁਰਗੱਦੀ ਦੇਣ ਤੋਂ ਚੌਦਾਂ ਦਿਨ ਤੱਕ ਗੁਰੂ ਹਰ ਰਾਇ ਸੰਗਤਾਂ ਦੀ ਆਮਦ ਨੂੰ ਤੱਕਦੇ ਰਹੇ ਜੋ ਨਵੇਂ ਗੁਰੂ ਤੋਂ ਸੇਧ ਲੈਣ ਲਈ ਆਉਂਦੇ ਸਨ। ਉਹ ਗੁਰੂ ਹਰ ਕ੍ਰਿਸ਼ਨ ਜੀ ਨੂੰ ਗੁਰਗੱਦੀ ਦੀ ਜਿੰਮੇਵਾਰੀ ਸੰਭਾਲ ਕੇ ਅਨੰਦਿਤ ਸਨ ਕਿਉਂਕਿ ਬਾਲ ਗੁਰੂ ਬਹੁਤ ਹੀ ਵਧੀਆ ਤੇ ਸ਼ਾਨਮੱਤੇ ਢੰਗ ਨਾਲ ਕੰਮ ਕਰ ਰਹੇ ਸਨ। ਉਹ ਮਿੱਠੀ ਤੇ ਰਸਭਰੀ ਆਵਾਜ਼ ਵਿੱਚ ਉਪਦੇਸ਼ ਦਿੰਦੇ ਅਤੇ ਹਰ ਬੱਚੇ ਬੁੱਢੇ ਨੂੰ ਧਾਰਮਿਕ ਨਸੀਹਤਾਂ ਦਿੰਦੇ।

ਚੌਦਵੇਂ ਦਿਨ ਗੁਰੂ ਜੀ ਨੇ ਸਾਰੀਆਂ ਪ੍ਰਸਿੱਧ ਸਿੱਖ ਸ਼ਖਸੀਅਤਾਂ ਨੂੰ ਬੁਲਾਇਆ ਅਤੇ ਪ੍ਰਚਾਰਕਾਂ ਨੂੰ ਵੀ ਦਰਬਾਰ ਵਿੱਚ ਪਹੁੰਚਣ ਲਈ ਕਿਹਾ। ਉਹਨਾਂ ਨੂੰ ਕਿਹਾ ਕਿ ਹੁਣ ਉਹਨਾਂ ਨੇ ਗੁਰੂ ਹਰ ਕ੍ਰਿਸ਼ਨ ਦੀ ਆਗਿਆ ਦਾ ਪਾਲਣ ਕਰਨਾ ਹੈ। ਮੇਰਾ ਪ੍ਰਤੀਬਿੰਬ ਹਰ ਕ੍ਰਿਸ਼ਨ ਵਿੱਚ ਹੋਵੇਗਾ। ਜੋ ਗੁਰੂ ਵਿੱਚ ਵਿਸ਼ਵਾਸ ਰੱਖੇਗਾ, ਉਸਨੂੰ ਗੁਰੂ ਦਾ ਅਸ਼ੀਰਵਾਦ ਪ੍ਰਾਪਤ ਹੋਵੇਗਾ। ਉਹਨਾਂ ਨੇ ਆਪਣੇ 2200 ਘੋੜ ਸਵਾਰਾਂ ਤੇ ਤੋਪਚੀਆਂ ਨੂੰ ਤੋਹਫੇ ਦਿੱਤੇ ਅਤੇ ਗੁਰੂ ਹਰ ਕ੍ਰਿਸ਼ਨ ਦਾ ਹੁਕਮ ਮੰਨਣ ਲਈ ਕਿਹਾ। ਉਹਨਾਂ ਨੇ ਕਿਹਾ ਕਿ ਗੁਰੂ ਹਰ ਕ੍ਰਿਸ਼ਨ ਹੀ ਹੁਣ ਤੁਹਾਡੇ ਲੋਕ ਅਤੇ ਪ੍ਰਲੋਕ

ਦੇ ਸੁਹੇਲੇ ਹੋਣਗੇ। ਉਹਨਾਂ ਨੇ ਉਸ ਸਮੇਂ ਕੁਝ ਨਸੀਹਤਾਂ ਗੁਰੂ ਹਰ ਕ੍ਰਿਸ਼ਨ ਜੀ ਨੂੰ ਵੀ ਦਿੱਤੀਆਂ ਤਾਂ ਜੋ ਆਉਣ ਵਾਲੀ ਜ਼ਿੰਦਗੀ ਵਿੱਚ ਉਹਨਾਂ ਦਾ ਮਾਰਗ ਦਰਸ਼ਕ ਕਰ ਸਕਣ। ਗੁਰੂ ਜੀ ਨੇ ਕਿਹਾ,

'ਤੁਹਾਡੇ ਨਿੱਕੇ ਮੋਢਿਆਂ ਤੇ ਪ੍ਰਮਾਤਮਾ ਦੀ ਮਰਜ਼ੀ ਅਤੇ ਬਾਬੇ ਨਾਨਕ ਦੀ ਮੇਹਰ ਹੈ। ਬਾਬਾ ਨਾਨਕ ਪੂਰੇ ਗੁਰੂ, ਸਿਆਣਪ ਦੀ ਮੂਰਤ, ਅਧਿਆਤਮਕਤਾ ਦੀ ਰੌਸ਼ਨੀ ਵਾਲੇ ਮਹਾਂਪੁਰਖ ਸਨ। ਪ੍ਰਮਾਤਮਾ ਕਰੇ ਬਾਬੇ ਨਾਨਕ ਦੀ ਜੋਤ ਤੁਹਾਡੇ ਦਿਲ ਵਿੱਚ ਵੀ ਪੂਰੀ ਰੌਸ਼ਨੀ ਨਾਲ ਬਲੇ ਅਤੇ ਹਰ ਕਦਮ ਤੇ ਤੁਹਾਡੀ ਰਹਿ-ਨੁਮਾਈ ਕਰੇ। ਸੂਰਜ ਪ੍ਰਕਾਸ਼ ਵਿੱਚ ਵੀ ਵਰਨਣ ਕੀਤਾ ਗਿਆ ਹੈ ਕਿ ਗੁਰੂ ਰਾਇ ਜੀ ਨੇ ਹਰ ਕ੍ਰਿਸ਼ਨ ਨੂੰ ਅੰਤਿਮ ਨਸੀਹਤ ਇਹ ਦਿੱਤੀ।' ਬਾਦਸ਼ਾਹ ਔਰੰਗਜੇਬ ਨੂੰ ਮਿਲਣ ਤੋਂ ਪ੍ਰਹੇਜ ਕਰਨਾ ਅਤੇ ਕਦੇ ਵੀ ਕਿਸੇ ਲਾਲਚ ਵਿੱਚ ਨਹੀਂ ਆਉਣਾ। ਦੁਨਿਆਵੀ ਰਾਜੇ ਤੋਂ ਡਰਨ ਦੀ ਕੋਈ ਲੋੜ ਨਹੀਂ ਉਹ ਵੀ ਔਰੰਗਜੇਬ ਵਰਗੇ ਤੋਂ ਬਿਲਕੁਲ ਨਹੀਂ ਘਬਰਾਉਣਾ। ਸਿਰਫ ਪ੍ਰਮਾਤਮਤਾ ਨੂੰ ਸਭ ਤੋਂ ਵੱਡਾ ਬਾਦਸ਼ਾਹ ਸਮਝਣਾ ਹੈ।'

ਗੁਰੂ ਹਰ ਕ੍ਰਿਸ਼ਨ ਜੀ ਨੇ ਨਿਮਰਤਾ ਪੂਰਬਕ ਗੁਰੂ-ਪਿਤਾ ਦੀ ਨਸੀਹਤ ਨੂੰ ਪ੍ਰਵਾਨ ਕਰ ਲਿਆ ਅਤੇ ਵਾਇਦਾ ਕੀਤਾ ਕਿ ਉਹ ਕਦੇ ਵੀ ਕਿਸੇ ਸੰਸਾਰਿਕ ਬਾਦਸ਼ਾਹ ਦੀ ਤਾਕਤ ਅਤੇ ਧਮਕੀਆਂ ਤੋਂ ਨਹੀਂ ਡਰਨਗੇ ਅਤੇ ਨਾ ਹੀ ਝੁਕਣਗੇ। ਜਦੋਂ ਤੱਕ ਉਹ ਜਿਉਂਦੇ ਰਹੇ ਉਹ ਔਰੰਗਜੇਬ ਜਾਂ ਕਿਸੇ ਹੋਰ ਦਾ ਭੈ ਨਹੀਂ ਮੰਨਣਗੇ। ਉਹ ਹਮੇਸ਼ਾ ਆਪਣੇ ਧਰਮ ਅਤੇ ਮਾਣ-ਮਰਿਆਦਾ ਦੀ ਨਿਡਰ ਹੋ ਕੇ ਪਵਿੱਤਰਤਾ ਤੇ ਇੱਜ਼ਤ ਨੂੰ ਬਣਾਈ ਰੱਖਣਗੇ। ਇਸਤੋਂ ਪਿੱਛੋਂ ਗੁਰੂ ਹਰ ਰਾਇ ਨੇ ਆਪਣੇ ਸਰੀਰ 'ਤੇ ਸਫੈਦ ਚਾਦਰ ਲੈ ਲਈ ਅਤੇ ਅੱਖਾਂ ਬੰਦ ਕਰਕੇ ਪ੍ਰਭੂ ਨਾਲ ਬਿਰਤੀ ਲਗਾ ਲਈ। 6 ਅਕਤੂਬਰ 1661 ਈ. ਨੂੰ ਉਹਨਾਂ ਅੰਤਿਮ ਵਿਦਾਈ ਲੈ ਲਈ।

ਇਸ ਮੌਕੇ ਸੰਗਤਾਂ ਬੇਹੱਦ ਉਦਾਸ ਹੋ ਗਈਆਂ। ਗੁਰੂ ਹਰ ਕ੍ਰਿਸ਼ਨ ਨੇ ਸਭ ਨੂੰ ਧੀਰਜ ਦਿੱਤਾ । ਗੁਰਬਾਣੀ ਦੀਆਂ ਤੁਕਾਂ ਰਾਹੀਂ ਸਰੀਰ ਦੀ ਨਾਸ਼ਵਾਨਤਾ ਦੱਸੀ। ਸਿੱਖਾਂ ਸੰਗਤਾਂ ਨੂੰ ਚਾਨਣ ਹੋ ਗਿਆ ਕਿ ਗੁਰੂ ਕ੍ਰਿਸ਼ਨ ਜੀ ਪੰਜ ਭੌਤਿਕ ਸਰੀਰ ਵਿੱਚ ਬ੍ਰਹਮ ਗਿਆਨੀ ਹਨ। ਸੰਗਤਾਂ ਨੂੰ ਜਿਵੇਂ ਉਹਨਾਂ ਨੇ ਧੀਰਜ ਦਿੱਤਾ, ਸ਼ਬਦ ਬੋਲ ਕੇ ਬਚਨ ਕਰ ਕੇ ਮਨ ਨੂੰ ਰੌਸ਼ਨ ਕੀਤਾ ਕਾਬਿਲੇ ਗੌਰ ਹੈ। ਗੁਰੂ ਜੀ ਦੇ ਮਿੱਠੇ ਬਚਨ ਸੁਣ ਕੇ ਸਭ ਧੰਨ ਹੋ ਗਏ। ਹਰ ਇੱਕ ਦੇ ਹਿਰਦੇ ਤੇ ਨਾਮ ਦੇ ਜਲ ਦੇ ਛਿੱਟੇ ਮਾਰ ਕੇ ਸਭ ਨੂੰ ਠੰਡੇ ਚਿੱਤ ਕਰ ਦਿੱਤਾ। ਉਹਨਾਂ ਨੇ ਕਿਹਾ ਕਿ ਗੁਰੂ-ਪਿਤਾ ਨੇ ਸੱਚ ਨੂੰ ਹਮੇਸ਼ਾ ਉੱਚਾ ਰੱਖਿਆ। ਮੋਹ-ਮਮਤਾ ਤੋਂ ਪਰੇ ਹੋ ਕੇ ਵਿਚਰੇ, ਸ਼ਾਹਾਂ ਤੋਂ ਬੇਪ੍ਰਵਾਹ ਹੋ ਕੇ ਸਿੱਖੀ ਨੂੰ ਬੁਲੰਦ ਕੀਤਾ, ਆਪਣੇ ਪੁੱਤਰ ਦੀ ਗਲਤੀ ਲਈ ਉਸਨੂੰ ਸ਼ਜਾ ਦਿੱਤੀ, ਇਹੋ ਜਿਹੇ ਆਦਰਸ਼ ਕੋਈ ਮਹਾਂਪੁਰਖ ਹੀ ਨਿਭਾ ਸਕਦਾ ਸੀ। ਬਾਣੀ

ਨੂੰ ਸਰਵ ਉੱਤਮ ਥਾਂ ਦਿੱਤੀ, ਆਪ ਬਾਣੀ ਦਾ ਸਤਿਕਾਰ ਕੀਤਾ, ਲੋਕਾਂ ਨੂੰ ਸ਼ਬਦ-ਗੁਰੂ ਦੇ ਲੜ ਲਾਇਆ। ਉਹ ਤਾਂ ਨਿਰਭਉ ਨਿਰਵੈਰ ਸਨ। ਸਿੱਖ ਸੰਗਤਦੀ ਇਹ ਬਚਨ ਸੁਣਕੇ ਤਸੱਲੀ ਹੋ ਗਈ।

ਇਸ ਤਰਾਂ ਸਪੱਸਟ ਹੀ ਹੈ ਕਿ ਗੁਰੂ ਹਰ ਕ੍ਰਿਸ਼ਨ ਜੀ ਨੇ 23 ਸਤੰਬਰ 1661 ਈ. ਨੂੰ ਪੰਜ ਸਾਲ ਦੋ ਮਹੀਨੇ ਅਤੇ ਸੋਲਾਂ ਦਿਨ ਦੀ ਉਮਰ ਵਿੱਚ ਗੁਰਗੱਦੀ ਸੰਭਾਲੀ। ਉਹਨਾਂ ਦੀ ਗੁਰੂਤਾ ਦਾ ਸਮਾਂ ਬਹੁਤ ਥੋੜ੍ਹਾ ਸੀ ਕਿਉਂਕਿ 1664 ਈ. ਵਿੱਚ ਹੀ ਉਹ ਅਕਾਲ ਚਲਾਣਾ ਕਰ ਗਏ ਸਨ। ਉਸ ਸਮੇਂ ਉਹਨਾਂ ਦੀ ਉਮਰ ਸਿਰਫ ਅੱਠ ਸਾਲ ਦੀ ਹੀ ਸੀ। ਇਹੀ ਕਾਰਣ ਹੈ ਕਿ ਗੁਰੂ ਹਰ ਕ੍ਰਿਸ਼ਨ ਜੀ ਨੂੰ ਬਾਲਾ ਗੁਰੂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਤ੍ਰਿਲੋਚਨ ਸਿੰਘ ਲਿਖਦੇ ਹਨ ਕਿ ਗੁਰੂ ਹਰਕ੍ਰਿਸ਼ਨ ਦੇ ਗੁਰੂਤਾ ਕਾਲ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਦਾ ਸਮਾਂ ਗੁਰਿਆਈ ਲੈਣ ਦੇ ਸਮੇਂ 23 ਸਤੰਬਰ 1661 ਈ. ਤੋਂ ਸ਼ੁਰੂ ਹੁੰਦਾ ਹੈ। ਇਹ ਉਹ ਸਮਾਂ ਹੈ ਜਦੋਂ ਸੱਤਵੇਂ ਗੁਰੂ ਨੇ ਉਹਨਾਂ ਨੂੰ ਗੁਰਗੱਦੀ ਬਖਸ਼ ਕੇ ਅੱਠਵੀਂ, ਨਾਨਕ ਜੋਤ ਬਣਾਇਆ ਸੀ। ਇਹ ਸਮਾਂ ਦਸੰਬਰ 1665 ਈ. ਨੂੰ ਬੇਵਕਤੀ ਅਤੇ ਅਚਨਚੇਤ ਮੌਤ ਨਾਲ ਖ਼ਤਮ ਹੋ ਜਾਂਦਾ ਹੈ। ਗੁਰਗੱਦੀ ਦੇ ਪਹਿਲੇ ਕਾਲ ਵਿੱਚ ਗੁਰੂ ਹਰ ਕ੍ਰਿਸ਼ਨ ਜੀ ਬਹੁਤ ਸਮਾਂ ਕੀਰਤਪੁਰ ਸਾਹਿਬ ਹੀ ਟਿਕੇ ਰਹੇ। ਇਤਿਹਾਸ ਵਿੱਚ ਇਸ ਸਮੇਂ ਕੋਈ ਮੌਖਿਕ ਜਾਂ ਲਿਖਤ ਸਬੂਤ ਨਹੀਂ ਮਿਲਦਾ ਕਿ ਗੁਰੂ ਜੀ ਕੀਰਤਪੁਰ ਛੱਡ ਕੇ ਕਿਤੇ ਨੇੜੇ ਜਾਂ ਦੂਰ ਦੇ ਇਲਾਕੇ ਵਿੱਚ ਧਰਮ ਪ੍ਰਚਾਰ ਜਾਂ ਕਿਸੇ ਹੋਰ ਉਦੇਸ਼ ਲਈ ਗਏ ਹੋਣ।

ਕੀਰਤਪੁਰ ਸਾਹਿਬ ਵਿਖੇ ਗੁਰੂ ਹਰ ਕ੍ਰਿਸ਼ਨ ਜੀ ਨੇ ਆਪਣੇ ਗੁਰੂ-ਪਿਤਾ ਵਾਲੀ ਰੀਤ ਨੂੰ ਜਾਰੀ ਰੱਖਿਆ। ਉਹ ਦਿਨ ਵਿੱਚ ਦੋ ਵਾਰ ਧਾਰਮਿਕ ਸਭਾ ਜਾਂ ਦੀਵਾਨ ਲਾਉਂਦੇ। ਸਤਬੀਰ ਸਿੰਘ ਆਪਣੀ ਕਿਤਾਬ 'ਅਸ਼ਟਮ ਬਲਬੀਰਾ' ਵਿੱਚ ਲਿਖਦੇ ਹਨ ਕਿ 'ਆਪ ਜੀ ਅੰਮ੍ਰਿਤ ਵੇਲੇ ਉੱਠਦੇ। ਸੋਚਾਚਾਰ ਤੋਂ ਪਿੱਛੋਂ ਸਮਾਧੀ ਵਿੱਚ ਲੀਨ ਹੋ ਜਾਂਦੇ। ਫਿਰ ਪਾਠ ਕਰਦੇ ਤੇ ਸੰਗਤ ਵਿੱਚ ਆ ਕੇ ਪਾਠ ਸੁਣਦੇ। ਇਸ ਪਿੱਛੋਂ ਕੀਰਤਨ ਸ਼ੁਰੂ ਹੋ ਜਾਂਦਾ ਹੈ। ਕੀਰਤਨ ਦੀ ਸਮਾਪਤੀ ਉਪਰੰਤ ਗੁਰੂ ਜੀ ਬਚਨ ਸੁਣਾਉਂਦੇ। ਗੁਰਬਾਣੀ ਦੀ ਕਥਾ ਹੁੰਦੀ ਉਸ ਤੋਂ ਪਿੱਛੋਂ ਲੰਗਰ ਵਰਤਾਇਆ ਜਾਂਦਾ। ਸੰਗਤਾਂ ਨਾਲ ਬਚਨ ਬਿਲਾਸ ਕਰਦੇ। ਪਸ਼ੂਆਂ ਪੰਛੀਆਂ ਦੀ ਰੱਖ ਵਿੱਚ ਜਾ ਕੇ ਦੇਖ-ਰੇਖ ਕਰਦੇ। ਸਫਾਖਾਨੇ ਵੀ ਹਰ ਰੋਜ਼ ਜਾਂਦੇ ਅਤੇ ਰੋਗੀਆਂ ਦੇ ਦੁੱਖ ਦੂਰ ਕਰਨ ਲਈ ਦਵਾ ਵੀ ਦਿੰਦੇ। ਸ਼ਾਮ ਨੂੰ ਵੀ ਦੀਵਾਨ ਲਾਇਆ ਜਾਂਦਾ। ਯੋਧੇ ਨੇਜ਼ਾ-ਬਾਜ਼ੀ, ਘੋੜ ਸਵਾਰੀ ਤੇ ਜੰਗੀ ਕਰਤੱਬ ਦਿਖਾਉਂਦੇ ਅਤੇ ਯੋਧਿਆਂ ਦੀ ਵਾਰਾਂ ਗਾਈਆਂ ਜਾਂਦੀਆਂ। ਸ਼ਾਮ ਦੇ ਵੇਲੇ ਗੁਰੂ ਜੀ ਆਪਣੇ ਵਡੇਰੇ ਗੁਰੂਆਂ ਦੀ ਜ਼ਿੰਦਗੀ ਤੇ ਸਿੱਖਿਆਵਾਂ ਤੇ ਅਧਾਰਿਤ ਕਥਾ ਕਰਦੇ। ਗੁਰੂ ਦਰਬਾਰ ਆਤਮਿਕ

ਰੰਗ ਵਿੱਚ ਰੰਗਿਆ ਜਾਂਦਾ ਅਤੇ ਇਸ ਸਮੇਂ 'ਸੋਦਰ' ਦੀ ਚੌਂਕੀ ਲੱਗਦੀ। ਇਹਨਾਂ ਦੀਵਾਨਾਂ ਵਿੱਚ ਧਾਰਮਿਕ ਸੇਧ ਦੇਣ ਦੇ ਨਾਲ ਗੁਰੂ ਜੀ ਸਿੱਖ ਸੰਗਤ ਦੇ ਸ਼ੰਕੇ ਵੀ ਨਿਰਮੂਲ ਕਰਦੇ ਅਤੇ ਉਹਨਾਂ ਨੂੰ ਮੁਕਤੀ ਦੇ ਮਾਰਗ ਤੇ ਚੱਲਣ ਲਈ ਅਗਵਾਈ ਕਰਦੇ। ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ ਕਿ 'ਸਿੱਖ ਸੰਗਤ ਚਾਰ ਚੁਫੇਰਿਉਂ' ਗੁਰੂ ਜੀ ਤੋਂ ਅਸ਼ੀਰਵਾਦ ਲੈਣ ਆਉਂਦੀ ਅਤੇ ਗੁਰੂ ਜੀ ਉਹਨਾਂ ਦੇ ਦੁੱਖ ਦਰਦਾਂ ਨੂੰ ਦੂਰ ਕਰਨ ਲਈ ਯਤਨ ਕਰਦੇ, ਉਹ ਉਹਨਾਂ ਦੀਆਂ ਆਸਾ-ਮੁਰਾਦਾਂ ਪੂਰੀਆਂ ਕਰਦੇ ਅਤੇ ਨਸੀਹਤ ਦਿੰਦੇ ਕਿ ਦੁੱਖਾਂ ਤਕਲੀਫਾਂ ਤੋਂ ਛੁਟਕਾਰਾ ਪਾਉਣ ਅਤੇ ਮੁਕਤੀ ਪ੍ਰਾਪਤ ਕਰਨ ਲਈ ਗੁਰਬਾਣੀ ਦਾ ਜਾਪ ਕਰਨਾ ਜ਼ਰੂਰੀ ਹੈ। ਉਹ ਉਹਨਾਂ ਦੇ ਮਨ ਤੋਂ ਭਰਮ-ਭੁਲੇਖੇ, ਅਤੇ ਮਨ ਦੀ ਮੈਲ ਦੂਰ ਕਰਦੇ ਅਤੇ ਉਹਨਾਂ ਨੂੰ ਪ੍ਰੇਰਿਤ ਕਰਦੇ ਕਿ ਸ਼ਹਿਨਸ਼ੀਲਤਾ, ਦਾਨ, ਸੱਚਾਈ ਅਤੇ ਚੰਗੇ ਕਰਮ ਹੀ ਸਹਾਈ ਹੁੰਦੇ ਹਨ। ਉਹ ਉਹਨਾਂ ਲੋਕਾਂ ਨੂੰ ਖੁਸ਼ੀ ਬਖਸ਼ਦੇ ਅਤੇ ਪ੍ਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਲਈ ਪ੍ਰੇਰਦੇ।

ਸਤਵੀਰ ਸਿੰਘ ਦੇ ਅਨੁਸਾਰ ਗਰੂ, ਹਰ ਕ੍ਰਿਸ਼ਨ ਜੀ ਨੇ ਕੀਰਤਪੁਰ ਵਿਖੇ 'ਗੁਰੂ ਕਾ ਲੰਗਰ' ਆਪਣੇ ਵਡੇਰੇ ਗੁਰੂਆਂ ਦੇ ਤਰਾਂ ਹੀ ਚਾਲੂ ਰੱਖਿਆ ਅਤੇ ਵਧੀਆ ਸਹੀ ਢੰਗ ਨਾਲ ਚਲਾਇਆ। ਇਸ ਦਾ ਪ੍ਰਬੰਧ ਗੁਰੂ ਦੇ ਸਿੱਖ ਇੰਨੀ ਸ਼ਰਧਾ ਅਤੇ ਸੇਵਾ-ਭਾਵ ਨਾਲ ਕਰਦੇ ਸਨ ਕਿ ਦੀਵਾਨ ਪਰਸ ਰਾਮ ਵੀ ਬਹੁਤ ਪ੍ਰਭਾਵਿਤ ਹੋਇਆ । ਉਹ ਗੁਰੂ ਜੀ ਦੇ ਦਰਸ਼ਨਾਂ ਹਿਤ ਕੀਰਤਪੁਰ ਆਇਆ ਸੀ। ਗੁਰੂ ਹਰਕ੍ਰਿਸ਼ਨ ਜੀ ਜਦੋਂ ਦਿੱਲੀ ਜਾ ਰਹੇ ਸਨ ਉਦੋਂ ਵੀ ਉਹਨਾਂ ਨੇ ਲੰਗਰ ਦੀ ਰੀਤ ਚਾਲੂ ਰੱਖੀ। ਸਾਰਿਆਂ ਨੂੰ ਭੋਜਨ ਬਿਨਾਂ ਕਿਸੇ ਵਿਤਕਰੇ, ਜਾਤ, ਧਰਮ ਤੋਂ ਅਤੇ ਹਰ ਉਸ ਵਿਅਕਤੀ ਲਈ ਜੋ ਗੁਰੂ ਦੇ ਦਰਸ਼ਨਾਂ ਨੂੰ ਆਉਂਦਾ ਸੀ, ਗੁਰੂ ਕਾ ਲੰਗਰ ਖੁੱਲ੍ਹਾ ਸੀ। ਨਾਲ ਦੀ ਨਾਲ ਉਹ ਹਰ ਮਿਲਣ ਵਾਲੇ ਸ਼ਰਧਾਲੂ ਨੂੰ ਅਸ਼ੀਰਵਾਦ ਵੀ ਦਿੰਦੇ।

ਤਰਲੋਚਨ ਸਿੰਘ ਇਹ ਵੀ ਲਿਖਦੇ ਹਨ ਕਿ ਗੁਰੂ ਹਰ ਕ੍ਰਿਸ਼ਨ ਜੀ ਨੇ ਆਪਣੇ ਪਿਤਾ ਗੁਰੂ ਵਾਂਗ ਫੌਜ ਵੀ ਰੱਖੀ ਹੋਈ ਸੀ ਅਤੇ ਜਦੋਂ ਗੁਰੂ ਦਿੱਲੀ ਗਏ ਤਾਂ ਇਹ ਫੌਜ ਕੀਰਤਪੁਰ ਹੀ ਰਹੀ ਸੀ। ਗੁਰੂ ਜੀ ਦੇ ਛੋਟੇ ਜਿਹੇ ਕਾਰਜਕਾਲ ਵਿੱਚ ਇਹ ਫੌਜ ਕੀਰਤਪੁਰ ਵਿਖੇ ਹੀ ਸ਼ਾਸਤਰ ਅਭਿਆਸ, ਘੋੜ-ਸਵਾਰੀ ਤੇ ਸ਼ਿਕਾਰ ਆਦਿ ਕੰਮਾਂ ਨਾਲ ਆਪਣੇ ਆਪ ਨੂੰ ਤਰੋ-ਤਾਜ਼ਾ ਰੱਖਦੀ। ਬੀਰ ਰਸੀ ਰਚਨਾਵਾਂ ਤੇ ਵਾਰਾਂ ਗਾ ਕੇ ਸਿੱਖਾਂ ਵਿੱਚ ਜੋਸ਼ ਭਰਿਆ ਜਾਂਦਾ।

ਸਿੱਖ ਰਵਾਇਤਾਂ, ਸਿੱਖ ਸੰਸਥਾਵਾਂ ਜਾਰੀ ਰੱਖਣ ਤੋਂ ਇਲਾਵਾ ਗੁਰੂ ਹਰ ਕ੍ਰਿਸ਼ਨ ਜੀ ਨੇ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਸਲਾਹੁਤਾ ਯੋਗ ਕੰਮ ਕੀਤਾ। ਅਤੇ ਵਧੀਆ ਪਿਰਤ ਪਾਈ। ਇਸ ਪਿਰਤ ਨੂੰ ਅੱਗੇ ਜਾ ਕੇ ਗੁਰੂ ਗੋਬਿੰਦ ਸਿੰਘ ਜੀ

ਨੇ ਅਮਲੀ ਜਾਮਾ ਪਹਿਨਾਇਆ। ਪਰ ਇਹ ਗੁਰੂ ਹਰ ਕ੍ਰਿਸ਼ਨ ਜੀ ਨੇ ਸ਼ੁਰੂਆਤ ਕਰ ਦਿੱਤੀ ਸੀ। ਗੁਰੂ ਹਰ ਕ੍ਰਿਸ਼ਨ ਜੀ ਨੇ 'ਆਦਿ ਗਰੰਥ' ਨੂੰ 'ਗੁਰ' ਨਾਲੋਂ ਬਹੁਤ ਉੱਚਾ ਦਰਜਾ ਦਿੱਤਾ। ਮੈਕਾਲਿਫ ਦੇ ਅਨੁਸਾਰ ਗੁਰੂ ਜੀ ਨੇ ਕਿਹਾ, 'ਗੁਰੂ ਦੀ ਮੌਤ ਹੋ ਸਕਦੀ ਹੈ। ਪਰੰਤੂ ਉਹਨਾਂ ਦਾ ਦਿਲ, 'ਗੁਰੂ ਗਰੰਥ ਸਾਹਿਬ' ਹਮੇਸ਼ਾ ਤੁਹਾਡੇ ਕੋਲ ਰਹੇਗਾ। ਜਿਸ ਵਿੱਚ ਆਦੇਸ਼ ਦਿੱਤੇ ਗਏ ਹਨ, ਦੈਵੀ ਗਿਆਨ ਹੈ ਅਤੇ ਗੁਰ ਬਾਣੀ ਹੈ। ਇਹ ਤੁਹਾਡੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਕਰੇਗਾ। ਇਸਦਾ ਪਾਠ ਕਰੋ, ਇਸ ਦੀਆਂ ਸਿੱਖਿਆਵਾਂ 'ਤੇ ਅਮਲ ਕਰੋ, ਗੁਰੂ ਨਾਨਕ ਹਮੇਸ਼ਾ ਤੁਹਾਡੇ ਅੰਗ-ਸੰਗ ਸਹਾਈ ਹੋਣਗੇ। ਗੁਰੂ ਨਾਨਕ ਦਾ ਨਾਮ ਜਪ ਕੇ ਮੁਕਤੀ ਮਿਲ ਸਕਦੀ ਹੈ। ਨਾਮ ਵਿੱਚ ਵਿਸ਼ਵਾਸ ਰੱਖੋ ਅਤੇ ਬਾਣੀ ਦਾ ਜਾਪ ਕਰੋ। ਇਹ ਕਿਹਾ ਜਾਂਦਾ ਹੈ ਕਿ ਉਹਨਾਂ ਨੇ 'ਆਦਿ ਗ੍ਰੰਥ' ਨੂੰ ਸਰਵਜਨਕ ਸੰਸਥਾ ਐਲਾਨ ਕੀਤਾ ਅਤੇ ਇਸਦਾ ਦਰਜ ਗੁਰੂ ਤੋਂ ਉੱਚਾ ਕਰ ਦਿੱਤਾ। ਉਨਾਂ ਨੇ ਸਿੱਖਾਂ ਨੂੰ ਸਿੱਖ ਧਰਮ ਦਾ ਮੁੱਢਲਾ ਸਿਧਾਂਤ-

'ਪੋਥੀ ਪ੍ਰਮੇਸ਼ਰ ਕਾ ਥਾਨ।।'

(ਆਦਿ ਗਰੰਥ, ਸਾਰੰਗ ਮਹੱਲਾ 5 ਸਫਾ, 1226)

ਵੀ ਯਾਦ ਕਰਵਾ ਦਿੱਤਾ। ਸੱਚੇ ਪ੍ਰਭੂ ਦਾ ਸਵਰੂਪ ਜਿਵੇਂ ਭਗਤਾਂ ਅਤੇ ਗੁਰੂਆਂ ਨੇ ਆਦਿ ਗ੍ਰੰਥ ਵਿੱਚ ਦਿੱਤਾ ਹੋਇਆ ਹੈ, ਗੁਰੂ ਹਰ ਕ੍ਰਿਸ਼ਨ ਜੀ ਨੇ ਸੰਗਤਾਂ ਨੂੰ 'ਸ਼ਬਦ ਗੁਰ' ਯਾਦ ਕਰਵਾਇਆ। ਗੁਰੂ ਤਾਂ ਸਾਨੂੰ ਸ਼ਬਦ ਦੇ ਲੜ ਲਾਉਣ ਤੇ ਸ਼ਬਦ ਦੀ ਜ਼ਿੰਮੇਵਾਰੀ ਸੌਂਪਣ ਤੇ ਚੁੱਕਣ ਲਈ ਤਿਆਰ ਕਰਨ ਹਿਤ ਪ੍ਰਗਟੇ ਸਨ। ਸਤਬੀਰ ਸਿੰਘ ਲਿਖਦੇ ਹਨ ਕਿ ਗੁਰੂ ਮਨੁੱਖਤਾ ਲਈ ਨਵੀਆਂ ਲੀਹਾਂ ਪਾਉਂਦਾ ਹੈ। ਪੰਧ ਸਵਾਰਦਾ ਹੈ। ਮਨੁੱਖਤਾ ਦੀ ਭਲਾਈ ਲਈ ਨਵੇਂ ਨਿਸ਼ਾਨੇ ਮਿਥਦਾ ਹੈ ਗੁਰੂ ਗਰੰਥ ਸਾਹਿਬ ਵਿੱਚ ਵੀ ਲਿਖਿਆ ਹੈ ਕਿ ਗੁਰੂ ਪਾਵਨ ਵਹਿੰਦਾ ਐਸਾ ਜ਼ਿੰਦਗੀ ਦਾਤਾ ਦਰਿਆ ਦਾ ਜਲ ਹੈ। ਜਿਸ ਵਿੱਚ ਤਮਾਮ ਸ਼ਕਤੀਆਂ ਹਨ ਕਿ ਮਿਲ ਕੇ ਮਨ ਦੀ ਮੈਲ ਦੂਰ ਹੋ ਜਾਂਦੀ ਹੈ। ਪੂਰਣਤਾ ਪ੍ਰਾਪਤ ਹੁੰਦੀ ਹੈ। ਪੱਕੀ ਓਟ ਬਣ ਰਹਿੰਦੀ ਹੈ ਅਤੇ ਨੀਵੀਆਂ ਮੈਲੀਆਂ ਰੁਚੀਆਂ ਖਤਮ ਹੋ ਜਾਂਦੀਆਂ ਹਨ।

ਰੂਹਾਨੀ ਜ਼ਿੰਦਗੀ ਮਿਲਦੀ ਹੈ-

'ਗੁਰੂ ਦਰਿਆਉ ਸਦਾ ਜਲ ਨਿਰਮਲੁ
ਮਿਲਿਆ ਦੁਰਮਤਿ ਮੈਲ ਹਰੈ।।
ਸਤਿਗੁਰ ਪਾਇਆ ਪੂਰਾ ਨਾਵਣੁ
ਪਸ਼ੂ ਪਰੇਤਹੁ ਦੇਵ ਕਰੈ।।'

(ਪ੍ਰਭਾਤੀ ਮਹੱਲਾ ਪਹਿਲਾ ਪੰਨਾ 1329)

ਇਸ ਤਰਾਂ ਗੁਰੂ ਹਰ ਕ੍ਰਿਸ਼ਨ ਜੀ ਨੇ ਆਦਿ ਗ੍ਰੰਥ ਦੀ ਸੰਸਥਾ ਦਾ, ਆਦਮੀ ਸਰੂਪ ਗੁਰੂ ਨਾਲ ਰਿਸ਼ਤਾ ਜੋੜਿਆ ਤੇ ਪਹਿਚਾਣਿਆ ਹੈ। ਜਿਸ ਵਿੱਚ ਅਧਿਆਤਮਕ ਭਾਵਨਾ ਨੂੰ ਮਹੱਤਤਾ ਦਿੰਦੇ ਹੋਏ ਦੱਸਿਆ ਹੈ ਕਿ ਸ਼ਬਦ ਜਾਂ ਬਾਣੀ ਹੀ ਸਿੱਖ ਧਰਮ ਵਿੱਚ ਗੁਰੂ ਹਨ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ 'ਗੁਰੂ ਗਰੰਥ ਸਾਹਿਬ' ਨੂੰ ਗੁਰੂਆਈ ਦੇ ਦਿੱਤੀ ਅਤੇ ਦੇਹ ਜਾਂ ਆਦਮੀ ਦੇ ਤੌਰ 'ਤੇ ਗੁਰੂਤਾ ਖ਼ਤਮ ਕਰ ਦਿੱਤੀ। ਇਹ ਸਿੱਖ ਧਰਮ ਵਿੱਚ ਇਸਨੂੰ ਅਧਿਆਤਮਕਤਾ ਦੀ ਸਿਖਰ ਸਮਝਿਆ ਜਾਂਦਾ ਹੈ। ਆਦਿ ਗ੍ਰੰਥ ਦੇ ਇਸ ਸੁਭਾਅ ਅਤੇ ਮਹਾਨਤਾ ਨੂੰ ਮੁੱਖ ਰੱਖਦੇ ਹੋਏ ਕੁੱਝ ਵਿਦਵਾਨਾਂ ਨੇ ਵਰਨਣ ਕੀਤਾ ਹੈ ਕਿ ਗੁਰੂ ਹਰ ਕ੍ਰਿਸ਼ਨ ਜੀ ਨੇ ਨਿਪੁੰਨ ਲਿਖਾਰੀਆਂ ਦੀ ਮੀਟਿੰਗ ਕਰਕੇ ਉਹਨਾਂ ਨੂੰ ਆਦਿ ਗ੍ਰੰਥ ਦੀਆਂ ਬੀੜਾਂ ਅਤੇ ਗੁਟਕੇ (ਪ੍ਰਾਰਥਨਾ ਪਤਰਿਕਾਵਾਂ) ਤਿਆਰ ਕਰਨ ਲਈ ਕਿਹਾ। ਉਹਨਾਂ ਨੇ ਇਹ ਗੁਟਕੇ ਸਿੱਖਾਂ ਨੂੰ ਦੇਣ ਲਈ ਕਿਹਾ ਤਾਂ ਜੋ ਉਹ ਪਾਠ ਕਰ ਸਕਣ ਅਤੇ ਪ੍ਰਾਰਥਨਾ ਕਰ ਸਕਣ। ਇਤਿਹਾਸਕਾਰ ਤਰਲੋਚਨ ਸਿੰਘ ਅਨੁਸਾਰ ਅਜਿਹੀ ਇੱਕ ਆਦਿ ਗ੍ਰੰਥ ਦੀ ਬੀੜ ਪਟਨਾ ਸਾਹਿਬ ਦੇ ਤੋਸ਼ਾ ਖਾਨਾ ਪੁਰਾਤਤਵ ਵਿਭਾਗ ਵਿੱਚ ਪਈ ਹੈ। ਇਹ ਕਿਹਾ ਜਾਂਦਾ ਹੈ ਕਿ ਇਹ ਬੀੜ ਗੁਰੂ ਹਰ ਕ੍ਰਿਸ਼ਨ ਜੀ ਨੇ ਆਪ ਪਟਨੇ ਦੀ ਸੰਗਤ ਨੂੰ ਭੇਟ ਕੀਤੀ ਸੀ।

ਗੁਰੂ ਹਰ ਕ੍ਰਿਸ਼ਨ ਜੀ ਨੇ ਆਪਣੀਆਂ ਧਾਰਮਿਕ ਅਤੇ ਅਧਿਆਤਮਕ ਆਗੂ ਦੀਆਂ ਜ਼ਿੰਮੇਵਾਰੀਆਂ ਬਹੁਤ ਹੀ ਪ੍ਰਭਾਵਸ਼ਾਲੀ ਤੇ ਸੁੱਚਜੇ ਢੰਗ ਨਾਲ ਨਿਭਾਈਆਂ। ਪਰ ਉਧਰ ਉਹਨਾਂ ਦਾ ਵੱਡਾ ਭਰਾ ਛੋਟੇ ਭਰਾ ਨਾਲ ਈਰਖਾ ਪਾਲ ਰਿਹਾ ਸੀ। ਹਰ ਕ੍ਰਿਸ਼ਨ ਨੂੰ ਗੁਰਗੱਦੀ ਮਿਲਣ ਤੇ ਉਹ ਅੱਗ ਬਬੂਲਾ ਹੋ ਗਿਆ ਸੀ। ਇਸ ਨਫਰਤ ਤੇ ਸਾੜੇ ਦੇ ਕਾਰਣ ਉਸਨੇ ਮਨ ਵਿੱਚ ਧਾਰ ਲਈ ਸੀ ਕਿ ਗੁਰਗੱਦੀ ਲੈ ਕੇ ਰਹੇਗਾ ਕਿਉਂਕਿ ਵੱਡਾ ਹੋਣ ਦੇ ਨਾਤੇ ਉਹ ਹੀ ਅਸਲੀ ਉਤਰਾਧਿਕਾਰੀ ਸੀ। ਹਿੰਦੂ ਕਾਨੂੰਨ ਵਿੱਚ ਵੀ ਉਤਰਾਧਿਕਰੀ ਵੱਡੇ ਪੁੱਤਰ ਨੂੰ ਹੀ ਮੰਨਿਆ ਜਾਂਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਪਹਿਲਾਂ ਤਾਂ ਉਸ ਨੇ ਮਸੰਦਾਂ ਨੂੰ ਆਪਣੇ ਵੱਲ ਖਿਚਣਾ ਸ਼ੁਰੂ ਕੀਤਾ। ਮੈਕਾਲਿਫ਼ ਦੇ ਅਨੁਸਾਰ ਮਸੰਦਾਂ ਦਾ ਆਗੂ ਗੁਰਦਾਸ ਰਾਮ ਰਾਇ ਨਾਲ ਰਲ ਗਿਆ। ਹੋਰ ਮਸੰਦ ਖਾਸ ਕਰਕੇ, ਉਹ ਜੋ ਭ੍ਰਿਸ਼ਟ ਸਨ ਅਤੇ ਗੁਰੂ ਜੀ ਦੇ ਪਰਿਵਾਰ ਵਿੱਚ ਪਈ ਫੁੱਟ ਤੋਂ ਫਾਇਦਾ ਉਠਾਉਣਾ ਚਾਹੁੰਦੇ ਸਨ, ਉਹਨਾਂ ਨੇ ਰਾਮ ਰਾਇ ਦਾ ਸਾਥ ਦੇਣ ਦੀ ਹਾਮੀ ਭਰੀ। ਉਹਨਾਂ ਨੇ ਐਲਾਨ ਕਰ ਦਿੱਤਾ ਕਿ ਰਾਮ ਰਾਇ ਹੀ ਗੁਰੂ ਹਰ ਰਾਇ ਦਾ ਕਾਨੂੰਨੀ ਉਤਰਧਿਕਾਰੀ ਹੈ। ਰਾਮ ਰਾਇ ਨੇ ਕੁੱਝ ਮਸੰਦਾਂ ਨੂੰ ਸਿੱਖਾਂ ਵੱਲ ਦੂਰ-ਦੂਰ ਤੱਕ ਭੇਜਿਆ ਕਿ ਉਹ ਲੋਕਾਂ ਨੂੰ ਦੱਸਣ ਕਿ ਰਾਮ ਰਾਇ ਹੀ ਗੁਰੂ ਜੀ ਦਾ ਵਾਰਸ ਹੈ। ਉਸਨੇ ਮਸੰਦਾਂ ਨੂੰ ਸੰਗਤਾਂ ਤੋਂ ਦਸਵੰਧ ਵੀ ਇਕੱਠਾ ਕਰਕੇ ਲਿਆਉਣ ਲਈ ਕਿਹਾ। ਮੈਕਾਲਿਫ ਦੇ ਅਨੁਸਾਰ ਮਸੰਦਾਂ ਨੇ ਰਾਮ ਰਾਇ ਦੀ

ਆਗਿਆ ਦਾ ਪਾਲਣ ਕੀਤਾ ਅਤੇ ਉਹ ਧਰਮ ਪ੍ਰਚਾਰ ਕਰਨ ਦੀ ਥਾਂ ਮਾਇਆ ਇਕੱਠੀ ਕਰਨ ਲੱਗ ਪਏ ਅਤੇ ਐਸ਼-ਆਰਾਮ ਦੀ ਜ਼ਿੰਦਗੀ ਬਸਰ ਕਰਨ ਲਗੇ। ਉਹ ਗਰੀਬ ਅਤੇ ਨਿਤਾਣੇ ਸਿੱਖਾਂ ਦੀ ਕੁੱਟਮਾਰ ਕਰਦੇ ਅਤੇ ਲੁੱਟ-ਪਾਟ ਕਰਦੇ ਸਨ। ਜੇਕਰ ਕੋਈ ਉਹਨਾਂ ਦੇ ਖਿਲਾਫ ਅਵਾਜ਼ ਉਠਾਉਂਦਾ ਤਾਂ ਉਹ ਉਹਨਾਂ ਨੂੰ ਗੁਰੂ ਦਾ ਸਰਾਪ ਦਾ ਡਰਾਵਾ ਦਿੰਦੇ। ਉਹ ਹੰਕਾਰ ਗਏ ਸਨ ਅਤੇ ਬਾਗੀ ਹੋ ਗਏ ਸਨ। ਉਹ ਸੰਗਤਾਂ ਦੀ ਮਾਇਆ ਵਿੱਚੋਂ ਬਹੁਤਾ ਧਨ ਆਪਦੇ ਲਈ ਰੱਖ ਲੈਂਦੇ ਸਨ। ਇਹ ਰਾਮ ਰਾਏ ਨੂੰ ਬਿਲਕੁਲ ਨਹੀਂ ਗੌਲਦੇ ਸਨ ਅਤੇ ਇਸ ਤਰਾਂ ਵਿਵਹਾਰ ਕਰਦੇ ਸਨ ਕਿ ਸਾਰੇ ਸਿੱਖ ਉਹਨਾਂ ਦੇ ਅਧੀਨ ਹਨ। ਉਹਨਾਂ ਨੂੰ ਇਹ ਵੀ ਹੰਕਾਰ ਹੋ ਗਿਆ ਸੀ ਕਿ ਉਹ ਜਿਸਨੂੰ ਉਹਨਾਂ ਦਾ ਜੀਅ ਕਰੇ, ਉਸ ਨੂੰ ਗੁਰੂ ਥਾਪ ਸਕਦੇ ਹਨ। ਰਾਮ ਰਾਇ ਬਿਲਕੁਲ ਨਿਹੱਥਾ ਹੋ ਗਿਆ ਸੀ ਅਤੇ ਮਸੰਦ ਉਸ ਉੱਪਰ ਹਾਵੀ ਹੋ ਗਏ ਸਨ। ਮਸੰਦ ਜੋ ਮਰਜੀ ਕਰਨ ਰਾਮਿ ਰਾਇ ਉਹਨਾਂ 'ਤੇ ਹੀ ਨਿਰਭਰ ਸੀ। ਉਹ ਹੁਣ ਉਹਨਾਂ ਦੀ ਦਿੱਤੀਆਂ ਨਸੀਹਤਾਂ 'ਤੇ ਹੀ ਅਮਲ ਕਰਦਾ ਸੀ। ਸਿੱਖਾਂ ਲਈ ਇਹੋ ਜਿਹੇ ਹਾਲਾਤ ਅਸਹਿਣਯੋਗ ਸਨ। ਇਸ ਨਾਲ ਸਿੱਖ ਧਰਮ ਤੇ ਸੰਗਠਨ ਲਈ ਖ਼ਤਰਾ ਖੜਾ ਹੋ ਗਿਆ ਸੀ। ਮਸੰਦ ਦੀਆਂ ਇਹਨਾਂ ਕੁਚਾਲਾਂ ਦੀਆਂ ਕਨਸੋਆਂ ਗੁਰੂ ਹਰ ਕ੍ਰਿਸ਼ਨ ਜੀ ਪਾਸ ਵੀ ਪੁੱਜਣ ਲੱਗੀਆਂ। ਇਹ ਵੀ ਪਤਾ ਲੱਗਾ ਕਿ ਭੇਟਾ ਮਸੰਦ ਉਗਰਾਹ ਕੇ ਨਿਜ ਲਈ ਵਰਤ ਰਹੇ ਹਨ ਜਾਂ ਰਾਮ ਰਾਇ ਨੂੰ ਦੇ ਆਉਂਦੇ ਹਨ। ਮਸੰਦ ਹੁਣ ਪੈਸੇ ਇਕੱਠੇ ਕਰਕੇ ਕਈ ਬੁਰੇ ਕੰਮਾਂ 'ਤੇ ਵੀ ਖਰਚ ਕਰ ਰਹੇ ਸਨ। ਇਹ ਗੱਲਾਂ ਸਿੱਖ ਧਰਮ ਨੂੰ ਢਾਹ ਲਾ ਰਹੀਆਂ ਸਨ। ਮਸੰਦਾਂ ਦੀਆਂ ਜ਼ਿਆਦਤੀਆਂ ਤੇ ਲੁੱਟ-ਖਸੁੱਟ ਦੀਆਂ ਭਰਾਂ ਨੇ ਗੁਰੂ ਕ੍ਰਿਸ਼ਨ ਜੀ ਨੂੰ ਦੁਖੀ ਕਰ ਦਿੱਤਾ। ਉਹਨਾਂ ਨੇ ਸਿੱਖ ਸੰਗਤ ਨੂੰ ਲਿਖ ਕੇ ਹੁਕਮਨਾਮਾ ਭੇਜੇ ਭੇਜੇ ਜਿਸ ਵਿੱਚ ਉਹਨਾਂ ਨੇ ਸਿੱਖ ਸੰਗਤਾਂ ਨੂੰ ਕਿਹਾ ਕਿ ਉਹ ਅਜਿਹੇ ਮਸੰਦਾਂ ਨੂੰ ਮੂੰਹ ਨਾ ਲਾਉਣ, ਕਿਸੇ ਵੀ ਹਾਲਤ ਵਿੱਚ ਉਹਨਾਂ ਨੂੰ ਸਹਿਯੋਗ ਨਾ ਕਰਨ ਅਤੇ ਦਸਵੰਧ ਵੀ ਉਹਨਾਂ ਨੂੰ ਨਾ ਦੇਣ। ਪਾਕਪਟਨ ਦੀ ਸੰਗਤ ਦੇ ਨਾਮ ਲਿਖੇ ਹੁਕਮਨਾਮੇ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਨੇ ਪਹਿਲਾਂ ਵੀ ਹੁਕਮਨਾਮੇ ਭੇਜੇ ਸਨ ਕਿ ਹੁਣ ਕਾਰ ਭੇਟਾ ਮਸੰਦਾਂ ਹੱਥ ਨਹੀਂ ਭੇਜਣੀ। ਇਹੋ ਜਿਹੇ ਮਸੰਦੀਏ ਦੀ ਸੰਗਤ ਨਹੀਂ ਕਰਨੀ। ਧਰਮਸਾਲ ਹੀ ਜਾ ਕੇ ਸ਼ਬਦ ਸੁਣਨਾ, ਆਰਤੀ ਸੋਹਿਲਾ ਕਰਨਾ। ਰਾਮ ਰਾਇ ਦੇ ਜਾਲ ਵਿੱਚ ਨਹੀਂ ਫਸਣਾ। ਸਤਵੀਰ ਸਿੰਘ 'ਅਸ਼ਟਮ ਬਲਬੀਰਾ' ਵਿੱਚ ਲਿਖਦੇ ਹਨ ਕਿ ਜਿਸ ਭਾਈ ਬੱਠੇ ਹੱਥ ਇਸ ਹੁਕਮਨਾਮੇ ਅਨੁਸਾਰ ਭੇਟਾ ਭੇਜਣ ਲਈ ਗੁਰੂ ਸਾਹਿਬ ਨੇ ਲਿਖਿਆ ਹੈ , ਉਹ ਗੁਰੂ ਤੇ ਸਿੱਖ ਦੇ ਰਿਸ਼ਤੇ ਨੂੰ ਉਜਾਗਰ ਕਰਨ ਵਾਲੇ ਸਿਦਕੀ ਸਿੱਖ ਹਨ। ਉਸ ਸਿੱਖ ਨੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵੀ ਸੇਵਾ ਕੀਤੀ ਅਤੇ ਨਾਮ ਕਮਾਇਆ।

ਸਿੱਖ ਵਿਦਵਾਨਾਂ ਤਰਲੋਚਨ ਸਿੰਘ ਅਤੇ 'ਤਵਾਰੀਖ ਗੁਰੂ ਖਾਲਸਾ' ਦੇ ਲੇਖਕ

ਵਰਨਣ ਕਰਦੇ ਹਨ ਕਿ ਗੁਰੂ ਹਰ ਕ੍ਰਿਸ਼ਨ ਜੀ ਨੇ ਕੁਝ ਸਾਧੂ ਬ੍ਰਿਤੀ ਦੇ ਅਤੇ ਗੁਰੂ ਘਰ ਦੇ ਸ਼ਰਧਾਲੂ ਸੇਵਕਾਂ ਨੂੰ ਇਹਨਾਂ ਮਸੰਦਾਂ ਦੀ ਥਾਂ 'ਤੇ ਬਦਲ ਕੇ ਸੰਗਤਾਂ ਕੋਲ ਭੇਜਿਆ। ਇਸ ਤਰਾਂ ਗੁਰੂ ਜੀ ਨੇ ਸਿੱਖਾਂ ਵਿੱਚ ਵਿਸ਼ਵਾਸ ਤੇ ਸਿਖ ਧਰਮ ਦਾ ਆਦਰ ਬਣਾਈ ਰੱਖਣ ਦੀ ਲੀਹ ਤੋਰੀ। ਮਸੰਦਾਂ ਦੇ ਚੁੰਗਲ ਵਿੱਚੋਂ ਸੰਗਤਾਂ ਨੂੰ ਕੱਢਣ ਦਾ ਕੰਮ ਅਤੇ ਸਫ਼ਲ ਯਤਨ ਗੁਰੂ ਹਰ ਕ੍ਰਿਸ਼ਨ ਜੀ ਨੇ ਕੀਤਾ। ਸਿੱਖ ਧਰਮ ਨਾਲ ਧਰੋਹ ਕਮਾਉਣ ਵਾਲੇ ਤੇ ਦੋਖੀ ਹੁਣ ਸਮਝ ਗਏ ਕਿ ਉਹਨਾਂ ਦੀ ਦਾਲ ਨਹੀਂ ਗਲਣੀ। ਸਿੱਖਾਂ ਨੇ ਮਸੰਦਾਂ ਨੂੰ ਭੇਟ ਦੇਣੀ ਬੰਦ ਕਰ ਦਿੱਤੀ। ਉਹ ਗੁਰੂ ਘਰ ਦੀ ਰੀਤ ਨਿਮਰਤਾ, ਸੱਚਾਈ ਅਤੇ ਆਗਿਆ ਪਾਲਣ ਨੂੰ ਭਲੀ ਭਾਂਤ ਜਾਣਦੇ ਸਨ। ਰਾਮ ਰਾਇ ਅਤੇ ਮਸੰਦਾਂ ਦੇ ਕੋਝੇ ਯਤਨ ਅਸਫਲ ਹੋ ਗਏ ਅਤੇ ਸਿੱਖ ਸੰਗਤ ਨੇ ਕਦੇ ਵੀ ਰਾਮ ਰਾਇ ਨੂੰ ਗੁਰੂ ਨਾ ਸਮਝਿਆ।

ਆਪਣੇ ਉਦੇਸ਼ ਦੀ ਪੂਰਤੀ ਵਿੱਚ ਅਸਫ਼ਲ ਰਹਿਣ ਪਿੱਛੋਂ ਵੀ ਰਾਮ ਰਾਇ ਚਾਲਾਂ ਚੱਲਦਾ ਰਿਹਾ। ਮਸੰਦਾਂ ਵਾਲਾ ਕਾਰਨਾਮਾ ਰਾਸ ਨਾ ਆਇਆ ਤਾਂ ਉਸਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਕੋਲ ਨਿਆਂ ਲਈ ਪਹੁੰਚ ਕੀਤੀ। ਔਰਗੰਜ਼ੇਬ ਰਾਮ ਰਾਇ ਉੱਪਰ ਦਿਆਲਤਾ ਦੀ ਨਜ਼ਰ ਰੱਖਦਾ ਸੀ। ਮਹਿਮਾ ਪ੍ਰਕਾਸ਼ ਦੀ ਗਵਾਹੀ ਭਰਦੀ ਹੈ ਕਿ ਔਰੰਗਜੇਬ ਬਾਦਸ਼ਾਹ ਨੇ ਰਾਮ ਰਾਇ ਦੀ ਗੱਦੀ ਤੋਂ ਬੇਦਖਲ ਕਰਨ ਦੀ ਗੱਲ ਬਹੁਤ ਧਿਆਨ ਨਾਲ ਸੁਣੀ ਤੇ ਬੇਚੈਨ ਹੋ ਗਿਆ। ਉਹ ਹੈਰਾਨ ਹੋ ਗਿਆ ਕਿ ਗੁਰੂ ਹਰ ਰਾਏ ਨੇ ਆਪਣੇ ਕਾਨੂੰਨੀ ਵਾਰਸ ਅਤੇ ਆਰਿਫ਼ ਜਾਂ ਦਾਰਸ਼ਨਿਕ ਸੰਤ ਪੁੱਤਰ ਨੂੰ ਗੱਦੀ ਤੋਂ ਵਿਰਵਾ ਕਿਉਂ ਰੱਖਿਆ। ਕਾਮਿਲ-ਕਰਾਮਾਤ-ਔਲੀਆਂ ਮਤਲਬ ਕਰਾਮਾਤਾਂ ਵਿੱਚ ਨਿਪੁੰਨ ਸੰਤ ਨੂੰ ਸਿੱਖਾਂ ਦੀ ਅਗਵਾਈ ਕਰਨ ਤੋਂ ਕਿਉਂ ਰੋਕਿਆ। ਰਾਮ ਰਾਇ ਅਤੇ ਉਸਦੇ ਚੇਲਿਆਂ ਨੇ ਬਾਦਸ਼ਾਹ ਨੂੰ ਇਹ ਵੀ ਅਰਜ਼ ਕੀਤੀ ਕਿ ਉਹ ਹਰ ਕ੍ਰਿਸ਼ਨ ਨੂੰ ਆਪਣੇ ਦਰਬਾਰ ਵਿੱਚ ਬੁਲਾਉਣ। ਗੁਰੂ ਖਾਲਸਾ ਅਨੁਸਾਰ ਰਾਮ ਰਾਇ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਗੁਰੂ ਹਰ ਕ੍ਰਿਸ਼ਨ ਨੂੰ ਬੁਲਾ ਕੇ ਹੁਕਮ ਦੇਵੇ ਕਿ ਗੁਰੂ ਵੀ ਰਾਮ ਰਾਇ ਦੀ ਤਰਾਂ ਕਰਾਮਾਤਾਂ ਦਿਖਾਵੇ।

ਬਾਦਸ਼ਾਹ ਤਾਂ ਇਸ ਮੌਕੇ ਦੀ ਤਾਕ ਵਿੱਚ ਸੀ ਕਿ ਕਦੋਂ ਉਸਨੂੰ ਸਿੱਖ ਧਰਮ ਦੇ ਮਸਲਿਆਂ ਵਿੱਚ ਦਖਲ ਅੰਦਾਜ਼ੀ ਕਰਨ ਦਾ ਅਵਸਰ ਮਿਲੇ। ਉਸਨੂੰ ਬੜੀ ਖੁਸ਼ੀ ਹੋਈ ਕਿ ਉਹ ਹੁਣ ਪੰਜਾਬ ਦੇ ਹਿੰਦੂਆਂ ਨੂੰ ਇਸਲਾਮ ਧਰਮ ਵਿੱਚ ਲਿਆਉਣ ਦਾ ਆਪਣਾ ਉਦੇਸ਼ ਹਾਸਲ ਕਰ ਲਵੇਗਾ। ਉਹ ਸੋਚਦਾ ਸੀ ਕਿ ਜੇਕਰ ਉਹ ਰਾਮ ਰਾਇ ਨੂੰ ਗੁਰਗੱਦੀ ਦਿਵਾ ਦਿੰਦਾ ਹੈ ਤਾਂ ਰਾਮ ਰਾਇ ਉਸਦੇ ਹੱਥਾਂ ਵਿੱਚ ਖਿਲੌਣਾ ਮਾਤਰ ਹੋਵੇਗਾ ਅਤੇ ਉਸ ਰਾਹੀਂ ਪੰਜਾਬ ਵਿੱਚ ਇਸਲਾਮ ਧਰਮ ਦਾ ਪ੍ਰਚਾਰ ਤੇ ਪਸਾਰ ਕਰ ਸਕੇਗਾ। ਉਹ ਇਹ ਵੀ ਸੋਚਦਾ ਸੀ ਕਿ ਜੇਕਰ ਦੋਨੋਂ ਭਰਾ ਇੱਕ ਦੂਜੇ ਨੂੰ ਲੜ ਝਗੜ ਕੇ ਖਤਮ ਕਰਦੇ ਹਨ ਤਾਂ ਇਸਲਾਮ ਤੇਜ਼ੀ ਨਾਲ ਪੰਜਾਬ ਵਿੱਚ ਫੈਲ

ਜਾਵੇਗਾ ਅਤੇ ਇਸ ਤਰਾਂ ਉਸਦਾ ਇਸਲਾਮ ਫੈਲਾਉਣ ਦਾ ਸੁਪਨਾ ਸਾਕਾਰ ਹੋ ਜਾਵੇਗਾ। ਖੁਸ਼ਵੰਤ ਸਿੰਘ 'ਏ ਹਿਸਟਰੀ ਔਫ ਦੀ ਸਿੱਖਸ' ਵਿੱਚ ਲਿਖਦੇ ਹਨ ਕਿ ਬਾਦਸ਼ਾਹ ਸਿੱਖ ਧਰਮ ਦੇ ਮਾਮਲਿਆਂ ਵਿੱਚ ਫੈਸਲਾਕੁੰਨ ਯੋਗਦਾਨ ਪਾਉਣਾ ਚਾਹੁੰਦਾ ਸੀ।

ਇਸ ਤਰਾਂ ਦੇ ਬੁਰੇ ਤੇ ਜ਼ਾਲਮਾਨਾ ਮਨਸੂਬੇ ਬਣਾ ਕੇ ਔਰੰਗਜੇਬ ਬਾਦਸ਼ਾਹ ਨੇ ਅੰਬਰ (ਜੈਪੁਰ) ਦੇ ਰਾਜਾ ਜੈ ਸਿੰਘ ਨੂੰ ਬੁਲਾਇਆ। ਜਦੋਂ ਉਹ ਦਰਬਾਰ ਵਿੱਚ ਹਾਜ਼ਰ ਹੋਇਆ ਤਾਂ ਔਰੰਗਜ਼ੇਬ ਨੇ ਉਸਨੂੰ ਹੁਕਮ ਦਿੱਤਾ ਕਿ ਉਹ ਗੁਰੂ ਹਰ ਕ੍ਰਿਸ਼ਨ ਨੂੰ ਦਿੱਲੀ ਬੁਲਾਵੇ। ਬਾਦਸ਼ਾਹ ਗੁਰੂ ਹਰ ਰਾਇ ਦੇ ਉਤਰਾਧਿਕਾਰੀ ਨੂੰ ਦਿੱਲੀ ਵਿਖੇ ਮਿਲਣਾ ਚਾਹੁੰਦਾ ਹੈ। ਉਸਨੇ ਰਾਜਾ ਨੂੰ ਚੇਤਾਵਨੀ ਦਿੱਤੀ ਕਿ ਉਹ ਧਿਆਨਪੂਰਬਕ

ਤੇ ਇੱਜ਼ਤ ਨਾਲ ਗੁਰੂ ਜੀ ਦੀ ਦਿੱਲੀ ਯਾਤਰਾ ਦਾ ਪ੍ਰਬੰਧ ਕਰੇ।

ਸੋਢੀ ਗੁਰੂਆਂ ਵਾਂਗ ਜੈਪੁਰ ਦੇ ਰਾਜੇ ਵੀ ਇਤਿਹਾਸਕ ਸੂਰਜਵੰਸ਼ੀ ਖਾਨਦਾਨ ਨਾਲ ਸਬੰਧ ਰੱਖਦੇ ਸਨ। ਉਹਨਾਂ ਦੇ ਸਿੱਖ ਗੁਰੂਆਂ ਨਾਲ ਵਧੀਆ ਸਬੰਧ ਸਨ। ਰਾਜਾ ਜੈ ਸਿੰਘ ਨੇ ਪਹਿਲਾਂ ਹੀ ਗੁਰੂ ਜੀ ਦੀ ਵਡਿਆਈ ਸੁਣੀ ਹੋਈ ਸੀ। ਉਹ ਖੁਸ਼ ਸੀ ਕਿ ਉਸਨੂੰ ਗੁਰੂ ਜੀ ਦਾ ਦਰਸ਼ਨ ਹੋਵਗਾ ਅਤੇ ਆਸ਼ੀਰਵਾਦ ਵੀ ਮਿਲੇਗਾ। ਉਸਨੂੰ ਇਸ ਗੱਲ 'ਤੇ ਵੀ ਤਸੱਲੀ ਹੋਈ ਸੀ ਕਿ ਔਰੰਗਜੇਬ ਵਰਗਾ ਕੱਟੜ ਬਾਦਸ਼ਾਹ ਗੁਰੂ ਜੀ ਨੂੰ ਸਨਮਾਨਪੂਰਬਕ ਢੰਗ ਨਾਲ ਬੁਲਾਵਾ ਭੇਜ ਰਿਹਾ ਹੈ। ਉਸ ਨੇ ਸੋਚਿਆ ਇਹ ਸਭ ਗੁਰੂ ਗੁਰੂ ਦੀ ਅਧਿਆਤਮਕ ਸ਼ਕਤੀ ਕਰਕੇ ਹੀ ਸੰਭਵ ਹੋਇਆ ਹੈ। ਜਦੋਂ ਇਸ ਗੱਲ ਦਾ ਦਿੱਲੀ ਦੇ ਸਿੱਖਾਂ ਨੂੰ ਪਤਾ ਲੱਗਾ ਤਾਂ ਉਹਨਾਂ ਨੂੰ ਵੀ ਸੰਤੁਸ਼ਟੀ ਹੋਈ ਕਿ ਹੁਣ ਉਹ ਅਸਲੀ ਦੇ ਦਰਸ਼ਨ ਦੀਦਾਰੇ ਕਰ ਸਕਣਗੇ। ਦਿੱਲੀ ਦੇ ਸਿੱਖ ਰਾਮ ਰਾਏ ਦੀਆਂ ਬਾਦਸ਼ਾਹ ਨਾਲ ਹੋਈਆਂ ਮੁਲਾਕਾਤਾਂ ਤੋਂਨਰਾਜ਼ ਸਨ ਕਿ ਕਿਵੇਂ ਰਾਮ ਰਾਇ ਝੂਠ ਫਰੇਬ ਦੀਆਂ ਕਾਰਵਾਈਆਂ ਕਰ ਰਿਹਾ ਹੈ। ਉਨਾਂ ਨੇ 'ਮਿਰਜ਼ਾ ਰਾਜਾ ਜੈ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਦਿੱਲੀ ਦੀਆਂ ਸੰਗਤਾਂ ਦੀ ਫਰਿਆਦ ਗੁਰੂ ਜੀ ਕੋਲ ਲਾਉਣ ਕਿ ਬਾਦਸ਼ਾਹ ਹੀ ਨਹੀਂ ਸਗੋਂ ਦਿੱਲੀ ਦੀਆਂ ਸੰਗਤਾਂ ਵੀ ਗੁਰੂ ਜੀ ਨੂੰ ਦੇਖਣ ਲਈ ਕਾਹਲੀਆਂ ਹਨ। ਤਵਾਰੀਖ ਗੁਰੂ ਖਾਲਸਾ ਅਨੁਸਾਰ ਰਾਜਾ ਜੈ ਸਿੰਘ ਨੇ ਆਪਣੇ ਖਾਸ ਦੂਤ ਪਰਸ ਰਾਮ ਨੂੰ ਕੀਰਤਪੁਰ ਭੇਜਿਆ। ਉਸ ਨੂੰ ਕਿਹਾ ਗਿਆ ਕਿ ਉਹ ਗੁਰੂ ਜੀ ਨੂੰ ਕਹੇ ਕਿ ਉਹ ਉਹਨਾਂ ਨੂੰ ਬੁਲਾਵਾ ਭੇਜਣ ਨਹੀਂ ਸਗੋਂ ਸੱਦਾ ਪੱਤਰ ਲੈ ਕੇ ਆਏ ਹਨ ਅਤੇ ਗੁਰੂ ਜੀ ਨੂੰ ਖੁਸ਼ੀ ਅਤੇ ਗੀਤ ਅਨੁਸਾਰ ਸੁਰੱਖਿਆ ਨਾਲ ਸ਼ਾਹੀ ਰਾਜਧਾਨੀ ਲੈ ਕੇ ਜਾਣਗੇ।

ਇਸ ਗੱਲ ਦਾ ਪਤਾ ਲੱਗਣ 'ਤੇ ਰਾਮ ਰਾਇ ਨੂੰ ਬਹੁਤ ਅਨੰਦ ਆਇਆ। ਉਸਨੇ ਮਹਿਸੂਸ ਕੀਤੀ ਕਿ ਜੇਕਰ ਉਸਦੇ ਛੋਟੇ ਭਰਾ ਨੇ ਬਾਦਸ਼ਾਹ ਦੀ ਹੁਕਮ ਅਦੂਲੀ ਕੀਤੀ ਤੇ ਦਿੱਲੀ ਨਹੀਂ ਆਏ ਤਾਂ ਬਾਦਸ਼ਾਹ ਆਪਣੀ ਫੌਜ ਭੇਜਕੇ ਉਸ ਨੂੰ

ਤਬਾਹ ਕਰ ਸਕਦਾ ਹੈ। ਜੇਕਰ ਉਹ ਦਿੱਲੀ ਆਉਂਦੇ ਹਨ ਤਾਂ ਇਹ ਗੁਰੂ-ਪਿਤਾ ਦੇ ਅੰਤਮ ਸਮੇਂ ਕੀਤੇ ਹੁਕਮਾਂ ਦੇ ਵਿਰੁੱਧ ਗੱਲ ਜਾਵੇਗੀ। ਗੁਰੂ-ਪਿਤਾ ਹਰ ਰਾਏ ਨੇ ਸਪੱਸ਼ਟ ਸ਼ਬਦਾਂ ਵਿੱਚ ਗੁਰੂ ਹਰ ਕ੍ਰਿਸ਼ਨ ਨੂੰ ਔਰੰਗਜੇਬ ਨੂੰ ਮਿਲਣ ਤੋਂ ਮਨਾ ਕੀਤਾ ਸੀ। ਮੈਕਾਲਿਫ ਲਿਖਦਾ ਹੈ ਕਿ ਗੁਰੂ ਜੀ ਨੇ ਕਿਹਾ ਸੀ ਕਿ ਜੇਕਰ ਹਰ ਕ੍ਰਿਸ਼ਨ ਅਜੇਹਾ ਕਰਦੇ ਹਨ ਤਾਂ ਉਹ ਰਾਮ ਰਾਇ ਤੋਂ ਵੀ ਵੱਧ ਦੋਸ਼ੀ ਹੋਣਗੇ। ਪਰੰਤੂ ਸੂਰਜ ਪ੍ਰਕਾਸ਼ ਦੇ ਲੇਖਕ ਦੇ ਅਨੁਸਾਰ ਰਾਮ ਰਾਇ ਨੂੰ ਪੱਕਾ ਯਕੀਨ ਸੀ ਕਿ ਗੁਰੂ ਹਰ ਕ੍ਰਿਸ਼ਨ ਕਿਸੇ ਵੀ ਸੂਰਤ ਵਿੱਚ ਆਪਣੇ ਪਿਤਾ ਨੂੰ ਦਿੱਤਾ ਹੋਇਆ ਵਚਨ ਨਹੀਂ ਤੋੜਨਗੇ। ਉਹ ਆਪਣੀ ਜ਼ਿੰਦਗੀ ਦੀ ਬਾਜ਼ੀ ਲਾ ਕੇ ਵੀ ਗੁਰੂ-ਪਿਤਾ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਣਗੇ। ਪਰੰਤੂ ਰਾਮ ਰਾਇ ਨੂੰ ਦੋਹੇਂ ਗੱਲਾਂ ਦਾ ਹੀ ਫਾਇਦਾ ਹੋਣਾ ਸੀ, ਭਾਵੇ ਗੁਰੂ ਹਰ ਕ੍ਰਿਸ਼ਨ ਦਿੱਲੀ ਆਉਂਦੇ ਹਨ, ਭਾਵੇਂ ਆਉਣ ਤੋਂ ਇਨਕਾਰ ਕਰਦੇ ਹਨ। ਪਰੰਤੂ ਰਾਮ ਰਾਇ ਇੱਕ ਹੋਰ ਨੁਕਤੇ 'ਤੇ ਵੀ ਵਿਚਾਰ ਕਰ ਰਿਹਾ ਸੀ ਕਿ ਜੇਕਰ ਗੁਰੂ ਹਰ ਕ੍ਰਿਸ਼ਨ ਔਰੰਗਜ਼ੇਬ ਦੇ ਹੁਕਮਾਂ ਨੂੰ ਮੰਨਣ ਤੋਂ ਬਚਣ ਲਈ ਸ਼ਿਵਾਲਿਕ ਪਹਾੜੀਆਂ ਦੇ ਅਪਹੁੰਚ ਜੰਗਲਾਂ ਵਿੱਚ ਚਲੇ ਜਾਂਦੇ ਹਨ ਅਤੇ ਮੁਗਲ ਸੈਨਾ ਤੋਂ ਬਚ ਜਾਂਦੇ ਹਨ ਤਾਂ ਵੀ ਉਸ ਨੂੰ ਫਾਇਦਾ ਹੀ ਹੋਵੇਗਾ। ਉਹ ਕੀਰਤਪੁਰ ਜਾ ਕੇ ਆਪਣੇ ਆਪ ਨੂੰ ਗੁਰੂ ਐਲਾਨ ਕਰ ਦੇਵੇਗਾ।

ਕੀਰਤਪੁਰ ਪਹੁੰਚ ਕੇ ਦੀਵਾਨ ਪਰਸ ਰਾਮ ਦੂਸਰੇ ਦਿਨ ਦੀਵਾਨ ਦੇ ਵਿੱਚ ਗੁਰੂ ਜੀ ਸਾਹਮਣੇ ਪੇਸ਼ ਹੋਏ। ਤਵਾਰੀਖ ਗੁਰੂ ਖਾਲਸਾ ਅਨੁਸਾਰ ਇਹ ਦੀਵਾਨ ਇਸੇ ਆਸ਼ੇ ਨੂੰ ਮੁੱਖ ਰੱਖ ਕੇ ਬੁਲਾਇਆ ਗਿਆ ਸੀ। ਆਪਣੀ ਅਰਦਾਸ ਬੇਨਤੀ ਕਰਨ ਤੋਂ ਬਾਅਦ ਅਤੇ ਆਸ਼ੀਰਵਾਦ ਲੈਣ ਤੋਂ ਬਾਦ ਦੂਤ ਪਰਸ ਰਾਮ ਨੇ ਗੁਰੂ ਜੀ ਨੂੰ ਸੁਨੇਹਾ ਦੇ ਦਿੱਤਾ। ਮੈਕਾਲਿਫ ਦੇ ਲਿਖੇ ਅਨੁਸਾਰ ਗੁਰੂ ਹਰ ਕ੍ਰਿਸ਼ਨ ਨੇ ਦਿੱਲੀ ਔਰੰਗਜੇਬ ਦੀ ਕਚਿਹਰੀ ਵਿੱਚ ਜਾਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਨੇ ਕਿਹਾ, 'ਰਾਜਾ ਜੈ ਸਿੰਘ ਨੂੰ ਕਹੋ ਕਿ ਜੇਕਰ ਦਿੱਲੀ ਦੀ ਸੰਗਤ ਮੈਨੂੰ ਯਾਦ ਕਰਦੀ ਹੈ ਤਾਂ ਮੈਂ ਉਹਨਾਂ ਨੂੰ ਮਿਲਣ ਆਵਾਂਗਾ ਪਰ ਜੇਕਰ ਰਾਜਾ ਮੈਨੂੰ ਔਰੰਗਜੇਬ ਨੂੰ ਮਿਲਣ ਲਈ ਬੁਲਾਉਂਦਾ ਹੈ ਤਾਂ ਮੈ ਇਸ ਸੱਦੇ ਨੂੰ ਠੁਕਰਾਉਂਦਾ ਹਾਂ।' ਦੂਤ ਨੇ ਰਾਜਾ ਜੈ ਸਿੰਘ ਨਾਲ ਸੰਪਰਕ ਕੀਤਾ ਅਤੇ ਬਾਦ ਵਿੱਚ ਗੁਰੂ ਜੀ ਨੂੰ ਦੱਸਿਆ ਕਿ ਰਾਜਾ ਨੇ ਨਿਮਰਤਾ ਸਾਹਿਤ ਗੁਰੂ ਜੀ ਨੂੰ ਦਿੱਲੀ ਆਉਣ ਦਾ ਸੱਦਾ ਦਿੱਤਾ ਹੈ ਤਾਂ ਜੋ ਉਹ ਅਤੇ ਸਿੱਖ ਸੰਗਤਾਂ ਉਹਨਾਂ ਦੇ ਦਰਸ਼ਨ ਕਰ ਸਕਣ। ਮੈਕਾਲਿਫ ਦੇ ਅਨੁਸਾਰ ਇਹ ਵੀ ਗੱਲ ਸਾਫ਼ ਕਰ ਦਿੱਤੀ ਗਈ ਕਿ ਗੁਰੂ ਜੀ ਨੂੰ ਔਰੰਗਜੇਬ ਦੇ ਦਰਬਾਰ ਵਿੱਚ ਜਾਣ ਲਈ ਮਜ਼ਬੂਰ ਨਹੀਂ ਕੀਤਾ ਜਾਵੇਗਾ। ਜੇਕਰ ਬਾਦਸ਼ਾਹ ਉਹਨਾਂ ਨੂੰ ਮਿਲਣ ਲਈ ਮਜ਼ਬੂਰ ਕਰੇਗਾ ਤਾਂ ਰਾਜਾ ਜੈ ਸਿੰਘ ਕੂਟਨੀਤੀ ਵਰਤ ਕੇ ਉਸਦੀ ਚਾਲ ਬੇਕਾਰ ਕਰ ਦੇਵੇਗਾ। ਸੂਰਜ ਪ੍ਰਕਾਸ਼ ਦੇ ਅਨੁਸਾਰ ਗੁਰੂ ਜੀ ਨੂੰ ਵਿਸ਼ਵਾਸ ਦੁਆਇਆ

ਗਿਆ ਕਿ ਉਹ ਦਿੱਲੀ ਵਿੱਚ ਆਪਣੀ ਠਹਿਰ ਦੇ ਸਮੇਂ ਰਾਜਾ ਜੈ ਸਿੰਘ ਦੇ ਖਾਸ ਮਹਿਮਾਨ ਹੋਣਗੇ। ਗੁਰੂ ਹਰ ਕ੍ਰਿਸ਼ਨ ਦਿੱਲੀ ਜਾਣ ਲਈ ਤਿਆਰ ਹੋ ਗਏ ਕਿਉਂਕਿ ਦਿੱਲੀ ਦੀ ਸਿੱਖ ਸੰਗਤ ਨੂੰ ਮਿਲਣਾ ਚਾਹੁੰਦੇ ਸਨ ਅਤੇ ਰਾਮ ਰਾਇ ਅਤੇ ਉਸਦੇ ਭ੍ਰਿਸ਼ਟ ਮਸੰਦਾਂ ਦੁਆਰਾ ਸਿੱਖਾਂ ਵਿੱਚ ਪਾਏ ਭਰਮ-ਭੁਲੇਖਿਆਂ ਨੂੰ ਦੂਰ ਕਰਨਾ ਚਾਹੁੰਦੇ ਸਨ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਗੁਰੂ ਹਰ ਕ੍ਰਿਸ਼ਨ ਫਰਵਰੀ ਦੇ ਦੂਜੇ ਹਫ਼ਤੇ 1664 ਈ. ਨੂੰ ਕੀਰਤਪੁਰ ਤੋਂ ਦਿੱਲੀ ਜਾਣ ਲਈ ਰਵਾਨਾ ਹੋਏ। ਇਸ ਤੋਂ ਪਹਿਲਾਂ ਬਸੰਤ ਪੰਚਮੀ ਦਾ ਤਿਉਹਾਰ ਕੀਰਤਪੁਰ ਵਿਖੇ ਮਨਾਇਆ। ਜਦੋਂ ਸਿੱਖ ਸੰਗਤਾਂ ਨੂੰ ਪਤਾ ਲੱਗਾ ਕਿ ਔਰੰਗਜੇਬ ਨੇ ਗੁਰੂ ਹਰ ਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਇਆ ਹੈ ਤਾਂ ਉਹ ਹਜ਼ਾਰਾਂ ਦੀ ਗਿਣਤੀ ਵਿੱਚ ਗੁਰੂ ਜੀ ਨਾਲ ਚੱਲਣ ਲਈ ਤਿਆਰ ਹੋ ਗਏ। ਔਰੰਗਜੇਬ ਬਾਰੇ ਉਹਨਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਉਹ ਹਿੰਦੂ ਸੰਤਾਂ ਨੂੰ ਇਸਲਾਮ ਕਬੂਲ ਕਰਨ ਲਈ ਦਬਾਅ ਪਾ ਰਿਹਾ ਸੀ। ਇਸ ਕਰਕੇ ਉਹ ਸੋਚਦੇ ਹਨ ਕਿ ਉਹ ਗੁਰੂ ਜੀ ਨਾਲ ਵੀ ਕੋਈ ਅਜੇਹਾ ਹੀ ਵਰਤਾਉ ਕਰੇਗਾ। ਗੁਰੂ ਜੀ ਨੇ ਉਹਨਾਂ ਨੂੰ ਆਪਣੇ ਨਾਲ ਜਾਣ ਤੋ ਂਰੋਕ ਦਿੱਤਾ ਪਰ ਜਦ ਸਿੱਖ ਸੰਗਤਾਂ ਨਾ ਮੰਨੀਆਂ ਤੇ ਨਾਲ ਜਾਣ ਲਈ ਬਜ਼ਿੱਦ ਰਹੀਆਂ ਤਾਂ ਅੰਬਾਲਾ ਜ਼ਿਲੇ ਵਿੱਚ ਪੰਜਖੋਰਾ ਨਾਮੀ ਸਥਾਨ ’ਤੇ ਪਹੁੰਚੇ ਕੇ ਗੁਰੂ ਜੀ ਰੁਕੇ ਅਤੇ ਇਥੇ ਕੁਝ ਸਮਾਂ ਦੂਰੋਂ-ਦੂਰੋਂ ਕਾਬਲ ,ਪਿਛਾਵਰ ਅਤੇ ਕਸ਼ਮੀਰ ਤੋਂ ਆਏ ਸਿੱਖਾਂ ਨੂੰ ਦਰਸ਼ਨ ਦਿੱਤੇ। ਇੱਥੇ ਉਹ ਲਗਭਗ ਇੱਕ ਹਫਤਾ ਰਹੇ। ਦੀਵਾਨ ਲੱਗਦੇ, ਢਾਡੀ ਵਾਰਾਂ ਗਾਉਂਦੇ, ਰਸ ਭਿੰਨਾ ਗੁਰਬਾਣੀ ਦਾ ਕੀਰਤਨ ਹੁੰਦਾ ਅਤੇ ਗੁਰੂ ਕਾ ਲੰਗਰ ਚੱਲਦਾ। ਬਾਲਾ-ਗੁਰੂ ਸੰਗਤਾਂ ਨੂੰ ਅਸ਼ੀਰਵਾਦ ਦਿੰਦੇ। ਕਿਹਾ ਜਾਂਦਾ ਹੈ ਕਿ ਇਸੇ ਥਾਂ ’ਤੇ ਹੀ ਗੁਰੂ ਜੀ ਨੇ ਪੰਡਿਤ ਲਾਲ ਚੰਦ ਦਾ ਹੰਕਾਰ ਤੋੜਿਆ। ਪੰਡਿਤ ਲਾਲ ਚੰਦ ਪੰਜੋਖਰਾ ਦਾ ਨੇੜੇ ਹੀ ਰਹਿੰਦਾ ਸੀ। ਉਸਨੂੰ ਆਪਣੀ ਜਾਤ ਅਤੇ ਵੇਦਾਂ ਦੇ ਗਿਆਨ ਉੱਪਰ ਬਹੁਤ ਮਾਣ ਸੀ। ਉਹ ਗੁਰੂ ਹਰ ਕ੍ਰਿਸ਼ਨ ਜੀ ਦੀ ਪੰਜੋਖਰਾ ਠਹਿਰ ਸਮੇਂ ਉਹਨਾਂ ਕੋਲ ਆਇਆ ਅਤੇ ਪੁੱਛਿਆ ਕਿ ਹਰ ਕ੍ਰਿਸ਼ਨ ਕੌਣ ਹੈ? ਉਸਨੇ ਗੁਰੂ ਜੀ ਨੂੰ ਕਿਹਾ ਕਿ ਉਹ ਗੀਤਾ ਦੇ ਸ਼ਲੋਕ ਦੇ ਅਰਥ ਕਰ ਕੇ ਦਿਖਾਵੇ। ਗੁਰੂ ਜੀ ਨੇ ਉਸਨੂੰ ਨਿਮਰਤਾ ਨਾਲ ਦੱਸਿਆ ਕਿ ਅਧਿਆਤਮਕ ਸਿਆਣਪ ਅਤੇ ਦੈਵੀ ਦ੍ਰਿਸ਼ਟੀ ਨਾਲ ਕਿਸੇ ਵੀ ਜਾਤ ਦਾ ਆਦਮੀ ਇਹ ਕੰਮ ਕਰ ਸਕਦਾ ਹੈ। ਇੱਕ ਝਿਊਰ ਜਾਤ ਦੇ ਛੱਜੂ ਨਾਮਕ ਆਦਮੀ ਨੇ ਪੰਡਿਤ ਲਾਲ ਚੰਦ ਨੂੰ ਬਹੁਤ ਹੀ ਸਿਆਣਪ ਨਾਲ ਉੱਤਰ ਦਿੱਤੇ ਅਤੇ ਪੰਡਿਤ ਹੈਰਾਨ ਰਹਿ ਗਿਆ। ਉਸਨੇ ਗੁਰੂ ਜੀ ਤੋਂ ਮਾਫੀ ਮੰਗੀ। ਗੁਰੂ ਹਰ ਕ੍ਰਿਸ਼ਨ ਨੇ ਉਸਨੂੰ ਸਮਝਾਇਆ ਕਿ ਸਾਰੇ ਮਨੁੱਖ ਬਰਾਬਰ ਹਨ, ਇਕੋ ਪ੍ਰਮਾਤਮਾ ਦੇ ਬੱਚੇ ਹਨ ਅਤੇ ਪ੍ਰਮਾਤਮਾ ਜਿਸਤੇ ਵੀ ਮਿਹਰ ਕਰਦਾ ਹੈ ਉਸਦੇ ਹਿਰਦੇ ਵਿੱਚ

ਚਾਨਣ ਹੋ ਜਾਂਦਾ ਹੈ। ਉਸਨੂੰ ਅੰਦਰੂਨੀ ਰੌਸ਼ਨੀ ਨਾਲ ਗਿਆਨ ਉਪਜਦਾ ਹੈ ਅਤੇ ਉਹ ਪਵਿੱਤਰ ਗ੍ਰੰਥ ਦੇ ਅਰਥ ਕਰ ਸਕਦਾ ਹੈ, ਨੀਵੀਂ ਤੋਂ ਨੀਵੀਂ ਜਾਤ ਦੇ ਆਦਮੀ ਨੂੰ ਵੀ ਸਮਾਜ ਵਿੱਚ ਬਰਾਬਰ ਦੀ ਥਾਂ ਮਿਲਣੀ ਚਾਹੀਦੀ ਹੈ। ਗੁਰੂ ਜੀ ਨੇ ਅਗਾਂਹ ਦਿੱਲੀ ਵੱਲ ਚਾਲੇ ਪਾਉਣ ਤੋਂ ਪਹਿਲਾਂ ਸੰਗਤਾਂ ਨੂੰ ਦਿੱਲੀ ਤੱਕ ਉਹਨਾਂ ਦੇ ਨਾਲ ਜਾਣ ਤੋਂ ਰੋਕਣ ਲਈ ਜ਼ਮੀਨ 'ਤੇ ਇੱਕ ਲਾਈਨ ਖਿੱਚੀ ਤੇ ਕਿਹਾ, "ਜੇਕਰ ਕੋਈ ਸਿੱਖ ਇਸ ਲਕੀਰ ਨੂੰ ਲੰਘ ਕੇ ਸਾਡੇ ਨਾਲ ਜਾਣ ਦੀ ਜਿੱਦ ਕਰਦਾ ਹੈ ਤਾਂ ਉਸਨੂੰ ਗੁਰੂ ਦਾ ਸਿੰਘ ਨਹੀਂ ਸਮਝਿਆ ਜਾਵੇਗਾ।" ਸੰਗਤਾਂ ਨੇ ਗੁਰੂ ਦਾ ਹੁਕਮ ਮੰਨਿਆ। ਗੁਰੂ ਜੀ ਨਾਲ ਉਹਨਾਂ ਦੇ ਮਾਤਾ ਸੁਲੱਖਣੀ ਅਤੇ ਕੁੱਝ ਚੁਣੇ ਹੋਏ ਸਿੰਘ ਹੀ ਪੰਜੋਖਰਾ ਤੋਂ ਦਿੱਲੀ ਲਈ ਰਵਾਨਾ ਹੋਏ।

ਦਿੱਲੀ ਪਹੁੰਚ ਕੇ ਗੁਰੂ ਜੀ ਨੂੰ ਰਾਜਾ ਜੈ ਸਿੰਘ ਦੇ ਮਹਿਲ ਤੱਕ ਬੜੀ ਧੂਮ-ਧਾਮ ਅਤੇ ਸ਼ਾਨੋ-ਸ਼ੌਕਤ ਨਾਲ ਲਿਜਾਇਆ ਗਿਆ। ਸੂਰਜ ਪ੍ਰਕਾਸ਼ ਗ੍ਰੰਥ ਦੇ ਅਨੁਸਾਰ ਗਲੀਆਂ ਦੇ ਦੋਹੀਂ ਪਾਸੀਂ ਆਦਮੀ ਅਤੇ ਇਸਤਰੀਆਂ ਕਤਾਰਾਂ ਵਿੱਚ ਖੜੇ ਸਨ ਤਾਂ ਕਿ ਉਹ ਸਿੱਖ ਗੁਰੂ ਦੀ ਇੱਕ ਝਲਕ ਦੇਖ ਲੈਣ ਮਤਲਬ ਦਰਸ਼ਨ ਕਰ ਸਕਣ। ਗੁਰੂ ਜੀ ਨੂੰ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਠਹਿਰਾਇਆ ਗਿਆ। ਨਵੀਂ ਦਿੱਲੀ ਵਿੱਚ ਸਥਿਤ ਇਸ ਥਾਂ 'ਤੇ ਇਤਿਹਾਸਕ ਗੁਰਦੁਆਰਾ ਬੰਗਲਾ ਸਹਿਬ ਸਥਿਤ ਹੈ ਜੋ ਸਿੱਖੀ ਦਾ ਮਹਾਨ ਤੀਰਥ ਸਥਾਨ ਅਤੇ ਪ੍ਰਸਿੱਧ ਧਾਰਮਕ ਤੇ ਅਧਿਆਤਮਕ ਸਤੁੰਸ਼ਟੀ ਦੇਣ ਵਾਲੀ ਜਗਾ ਹੈ ਜਿੱਥੇ ਬੇਅੰਤ ਸੰਗਤਾਂ ਹਰ ਰੋਜ਼ ਗੁਰੂ ਦਾ ਜਸ ਸਰਵਣ ਕਰਦੀਆਂ ਹਨ।

ਦੱਸਿਆ ਜਾਂਦਾ ਹੈ ਕਿ ਜਦੋਂ ਰਾਜਾ ਜੈ ਸਿੰਘ ਅਤੇ ਸ਼ਹਿਜਾਦਾ ਆਜ਼ਮ ਨੇ ਬਾਲ-ਗੁਰੂ ਦੀਆਂ ਦੈਵੀ-ਸ਼ਕਤੀਆਂ ਦੀ ਪ੍ਰੀਖਿਆ ਲਈ ਤਾਂ ਉਹ ਇਸ ਵਿੱਚੋਂ ਕਾਮਯਾਬ ਹੋਏ। ਰਾਜਾ ਤੇ ਸ਼ਹਿਜ਼ਾਦਾ ਗੁਰੂ ਜੀ ਦੇ ਸਾਧੂ ਸੁਭਾਅ ਅਤੇ ਰੌਸ਼ਨ ਦਿਮਾਗ ਖਿਆਲਾਂ ਤੋਂ ਬਹੁਤ ਹੈਰਾਨ ਵੀ ਹੋਏ। ਤਵਾਰੀਖ ਗੁਰੂ ਖਾਲਸਾ ਦੇ ਅਨੁਸਾਰ ਇੱਕ ਦਿਨ ਰਾਜਾ ਜੈ ਸਿੰਘ ਜੀ ਨੂੰ ਮਹੱਲ ਵਿੱਚ ਅੰਦਰ ਜਿੱਥੇ ਇਸਤਰੀਆਂ ਵੀ ਬੈਠੀਆਂ ਸਨ, ਲੈ ਗਿਆ। ਉੱਥੇ ਜੈ ਸਿੰਘ ਦੀ ਮਹਾਰਾਣੀ ਨੂੰ ਸਧਾਰਣ ਇਸਤਰੀਆਂ ਵਾਲੀ ਪੁਸ਼ਾਕ ਪਵਾ ਕੇ ਵਿਚਕਾਰ ਬਿਠਾਇਆ ਗਿਆ ਸੀ। ਗੁਰੂ ਜੀ ਨੂੰ ਕਿਹਾ ਗਿਆ ਕਿ ਉਹ ਇਨਾਂ ਵਿੱਚੋਂ ਮਹਾਰਾਣੀ ਦੀ ਪਛਾਣ ਕਰਨ। ਗੁਰੂ ਜੀ ਨੇ ਸਧਾਰਣ ਕੱਪੜੇ ਪਹਿਨ ਕੇ ਬੈਠੀ ਮਹਾਰਾਣੀ ਨੂੰ ਪਹਿਚਾਣ ਲਿਆ ਅਤੇ ਉਸਦੀ ਗੋਦ ਵਿੱਚ ਜਾ ਬੈਠੇ। ਜਦੋਂ ਇਸ ਤਰਾਂ ਦੀ ਗੱਲਾਂ ਬਾਰੇ ਰਾਜਾ ਜੈ ਸਿੰਘ ਨੇ ਔਰੰਗਜੇਬ ਨੂੰ ਦੱਸਿਆ ਕਿ ਗੁਰੂ ਜੀ ਵਿੱਚ ਦੈਵੀ ਗੁਣ ਹਨ ਅਤੇ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਹਨ ਤਾਂ ਬਾਦਸ਼ਾਹ ਨੇ ਸ਼ਹਿਜ਼ਾਦਾ ਮੁਅੱਜਮ ਨੂੰ ਤੋਹਫੇ ਦੇ ਕੇ ਗੁਰੂ ਹਰ ਕ੍ਰਿਸ਼ਨ ਜੀ ਕੋਲ ਭੇਜਿਆ। ਗੁਰੂ ਜੀ ਨੇ ਉਹਨਾਂ ਵਿੱਚੋਂ ਇੱਕ ਚੀਜ਼ ਸੇਲੀ 'ਉੱਨ

ਦਾ ਮਾਲਾ' ਚੁੱਕ ਲਈ ਜੋ ਸਾਰੇ ਤੋਹਫਿਆਂ ਦੇ ਥੱਲੇ ਪਈ ਸੀ। ਸ਼ਹਿਜ਼ਾਦਾ ਮੁਅਜ਼ਮ ਇਸ 'ਤੇ ਬੜਾ ਹੈਰਾਨ ਹੋਇਆ ਕਿਉਂਕਿ ਇਹ ਸਭ ਬਾਦਸ਼ਾਹ ਦੀ ਮਰਜੀ ਨਾਲ ਕੀਤਾ ਗਿਆ ਸੀ। ਗੁਰੂ ਜੀ ਦੇ ਦਰਸ਼ਨ ਕਰ ਕੇ ਸ਼ਹਿਜ਼ਾਦਾ ਬਹੁਤ ਪ੍ਰਸੰਨ ਹੋਇਆ ਅਤੇ ਉਸਨੇ ਗੁਰੂ ਜੀ ਨੂੰ ਕਿਹਾ ਕਿ ਬਾਦਸ਼ਾਹ ਵੀ ਉਹਨਾਂ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਮੈਕਾਲਿਫ ਦੇ ਅਨੁਸਾਰ ਗੁਰੂ ਜੀ ਨੇ ਉੱਤਰ ਦਿੱਤਾ ਕਿ ਉਹਨਾਂ ਦਾ ਭਰਾ ਰਾਮ ਰਾਇ ਪਹਿਲਾਂ ਹੀ ਬਾਦਸ਼ਾਹ ਕੋਲ ਹੈ ਅਤੇ ਬਾਦਸ਼ਾਹ ਦਾ ਹਰ ਹੁਕਮ ਮੰਨਦਾ ਹੈ। ਇਸ ਲਈ ਗੁਰੂ ਜੀ ਉਸ ਨੂੰ ਨਹੀਂ ਮਿਲ ਸਕਦੇ। ਇਹ ਤੱਥ ਹੈ ਕਿ ਗੁਰੂ ਜੀ ਨੇ ਪਹਿਲਾਂ ਰਾਜਾ ਜੈ ਸਿੰਘ ਅਤੇ ਫਿਰ ਸ਼ਹਿਜ਼ਾਦਾ ਮਅੱਜ਼ਮ ਨੂੰ ਬਾਰ-ਬਾਰ ਔਰੰਗਜੇਬ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ, ਬਾਦਸ਼ਾਹ ਵੀ ਕੋਈ ਕਦਮ ਕਾਹਲੀ ਵਿੱਚ ਲੈਣ ਲਈ ਅਜੇ ਹਿਚਕਚਾਉਂਦਾ ਸੀ। ਉਹ ਜਿਆਦਾ ਸਮਾਂ ਉਡੀਕ ਕਰ ਰਿਹਾ ਸੀ ਅਤੇ ਉਸਨੂੰ ਯਕੀਨ ਸੀ ਕਿ ਗੁਰੂ ਹਰ ਕ੍ਰਿਸ਼ਨ ਉਸਨੂੰ ਜ਼ਰੂਰ ਮਿਲਣਗੇ।

ਤਵਾਰੀਖ ਗੁਰੂ ਖਾਲਸਾ ਦੇ ਅਨੁਸਾਰ ਉਸ ਸਮੇਂ ਦਿੱਲੀ ਵਿੱਚ ਹੈਜ਼ੇ ਦੀ ਬਿਮਾਰੀ ਫੈਲੀ ਹੋਈ ਸੀ ਅਤੇ ਇਹ ਇੱਕ ਥਾਂ ਤੋਂ ਦੂਜੀ ਥਾਂ ਤੱਕ ਫੈਲ ਰਹੀ ਸੀ। ਦੁੱਖਾਂ, ਤਕਲੀਫਾਂ ਦੇ ਨਾਲ ਨਾਲ ਹਰ ਰੋਜ਼ ਅਨੇਕਾਂ ਮੌਤਾਂ ਵੀ ਹੋ ਰਹੀਆਂ ਸਨ। ਸਰਕਾਰੀ ਮਸ਼ੀਨਰੀ ਵੀ ਇਸ ਬਿਮਾਰੀ ਦੇ ਸਾਹਮਣੇ ਬੇਵੱਸ ਸੀ। ਆਪਣੇ ਚੁਨਿੰਦਾ ਸ਼ਰਧਾਲੂਆਂ ਅਤੇ ਚਕਿਤਸਤਕਾਂ ਦੀ ਟੀਮ ਲੈ ਕੇ ਗੁਰੂ ਹਰ ਕ੍ਰਿਸ਼ਨ ਜੀ ਖੁਦ ਹੈਜ਼ੇ ਦੀ ਬਿਮਾਰੀ ਤੋਂ ਪ੍ਰਭਾਵਿਤ ਖੇਤਰਾਂ ਵਿੱਚ ਗਏ, ਉਹਨਾਂ ਮਰੀਜ਼ਾਂ ਦੀ ਦੇਖ ਭਾਲ ਕੀਤੀ ਅਤੇ ਪਵਿੱਤਰ ਜਲ ਪੀਣ ਨੂੰ ਦਿੱਤਾ। ਸਾਰਿਆਂ ਰੋਗੀਆਂ ਨੂੰ ਪਰਿਵਾਰ ਦੇ ਤੰਦਰੁਸਤ ਲੋਕਾਂ ਨਾਲੋਂ ਅਲੱਗ ਕੀਤਾ। ਜਿਹੜਾ ਵੀ ਮਰੀਜ਼ ਤਕਲੀਫ ਵਿੱਚ ਹੁੰਦਾ, ਗੁਰੂ ਜੀ ਉਸ ਨਾਲ ਮਿਠੇ ਬੋਲ ਸਾਂਝੇ ਕਰਦੇ ਅਤੇ ਬਹੁਤ ਸਾਰੇ ਮਰੀਜ਼ ਉਹਨਾਂ ਦੀ ਨੇੜਤਾ ਕਾਰਨ ਹੀ ਆਪਣੇ ਆਪ ਨੂੰ ਹੌਂਸਲੇ ਵਿੱਚ ਰੱਖਦੇ ਅਤੇ ਤੰਦਰੁਸਤੀ ਦਾ ਰਾਹ ਫੜ ਲੈਂਦੇ। ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਮਰੀਜ਼ ਉਹਨਾਂ ਦੀ ਚੁੰਬਕੀ ਖਿੱਚ ਤੋਂ ਪ੍ਰਭਾਵਿਤ ਹੋ ਕੇ ਪ੍ਰਮਾਤਮਾ ਭਗਤੀ ਵੱਲ ਲੱਗ ਜਾਂਦੇ, ਆਪਣੇ ਆਪ ਨੂੰ ਰੱਬ ਦੇ ਨੇੜੇ ਸਮਝਦੇ ਤੇ ਠੀਕ ਹੋਣ ਲੱਗਦੇ। ਜੋ ਕੋਈ ਗੁਰੂ ਵਿੱਚ ਸ਼ਰਧਾ ਭਾਵਨਾ ਨਾਲ ਅਤੇ ਵਿਸ਼ਵਾਸ ਨਾਲ ਗੁਰੂ ਜੀ ਦੀਆਂ ਦਿੱਤੀਆਂ ਹਿਦਾਇਤਾਂ ਤੇ ਦਵਾਈਆਂ ਵਰਤ ਲੈਂਦਾ ਉਹ ਠੀਕ ਹੋ ਜਾਂਦਾ। ਦੂਸਰੇ ਮੁਹੱਲਿਆਂ ਦੇ ਲੋਕ ਵੀ ਗੁਰੂ ਜੀ ਦੇ ਰੋਗ ਹਰਨ ਵਰਤਾਰੇ ਬਾਰੇ ਸੁਣ ਕੇ ਵਹੀਰਾਂ ਘੱਤ ਕੇ ਆਉਣ ਲੱਗੇ ਤਾਂ ਕਿ ਗੁਰੂ ਜੀ ਦੀ ਛੂਹ ਅਤੇ ਪਵਿੱਤਰ ਜਲ ਲੈ ਸਕਣ। ਕਿਹਾ ਜਾਂਦਾ ਹੈ ਕਿ ਇੱਕ ਟੈਂਕੀ ਬਣਾਈ ਗਈ ਜਿਸ ਵਿੱਚ ਲੋਕਾਂ ਦੀ ਲੋੜ ਪੂਰੀ ਕਰਨ ਹਿਤ ਪਵਿੱਤਰ ਜਲ ਇਕੱਠਾ ਰੱਖਿਆ ਜਾਂਦਾ ਸੀ। ਚਕਿਤਸਕ ਨਾਲ ਦੀ ਨਾਲ

ਲੋਕਾਂ ਨੂੰ ਦਵਾਈ ਵੀ ਦਿੰਦੇ ਜਿਹੜੀ ਜੜੀ-ਬੂਟੀਆਂ ਤੋਂ ਤਿਆਰ ਕੀਤੀ ਜਾਂਦੀ ਸੀ। ਇਸ ਤੋਂ ਲੋਕਾਂ ਨੇ ਬਹੁਤ ਫਾਇਦਾ ਉਠਾਇਆ ਅਤੇ ਨਿਰੋਗ ਹੋ ਗਏ। ਗੁਰੂ ਦਾ ਜਸ ਦੂਰ-ਦੂਰ ਤੱਕ ਫੈਲ ਗਿਆ ਜਿਸਤੋਂ ਰਾਮ ਰਾਇ ਨੂੰ ਉਸ ਨਾਲ ਈਰਖਾ ਹੋ ਗਈ। ਉਹ ਨਿਰਾਸ਼ ਵੀ ਹੋ ਗਿਆ ਜਦੋਂ ਉਸ ਨੂੰ ਪਤਾ ਲੱਗਿਆ ਕਿ ਕਈ ਵਿਰੋਧੀਆਂ ਦਾ ਵੀ ਗੁਰੂ ਜੀ ਨੇ ਦਿਲ ਜਿੱਤ ਲਿਆ ਹੈ। ਜਿੰਨਾ ਉਹ ਗੁਰੂ ਜੀ ਦਾ ਵਿਰੋਧ ਕਰਦਾ ਉਨਾ ਹੀ ਗੁਰੂ ਦਾ ਜਸ ਫੈਲਦਾ। ਰਾਮ ਰਾਇ ਦੀਆਂ ਕਾਰਵਾਈਆਂ ਤੋਂ ਦੁਖੀ ਸਿੱਖ ਸੰਗਤਾਂ ਵੀ ਗੁਰੂ ਹਰ ਕ੍ਰਿਸ਼ਨ ਜੀ ਕੋਲ ਸ਼ਰਨ ਲੈਂਦੀਆਂ। ਦਿੱਲੀ ਦੇ ਸਿੱਖਾਂ ਨੇ ਰਾਮ ਰਾਇ ਨੂੰ ਗੁਰੂ ਦਾ ਦਰਜਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਹ ਉਸਦੀਆਂ ਚਾਲਾਂ ਨੂੰ ਸਮਝ ਗਏ ਸਨ। ਉਹਨਾਂ ਨੇ ਰਾਮ ਰਾਇ ਦੇ ਮਸੰਦਾਂ ਨੂੰ ਵੀ ਮੂੰਹ ਲਾਉਣ ਤੋਂ ਮਨਾ ਕਰ ਦਿੱਤਾ ਸੀ। ਦਿੱਲੀ ਦੇ ਸਿੱਖ ਜਿਸ ਸੱਚੇ ਗੁਰੂ ਦੀ ਭਾਲ ਵਿੱਚ ਸਨ। ਉਹ ਉਹਨਾਂ ਨੂੰ ਗੁਰੂ ਹਰ ਕ੍ਰਿਸ਼ਨ ਦੇ ਰੂਪ ਵਿਚ ਮਿਲ ਗਿਆ ਸੀ ਅਤੇ ਆਪਣੇ ਗੁਰੂ ਦੇ ਹਰ ਵਾਕ ਤੇ ਫੁੱਲ ਚੜ੍ਹਾਉਂਦੇ ਸਨ ਅਤੇ ਹਰ ਹੁਕਮ ਦਾ ਪਾਲਣ ਕਰਦੇ ਸਨ।

ਕੁਝ ਵਿਦਵਾਨਾਂ ਨੇ ਇਹ ਵੀ ਲਿਖਿਆ ਹੈ ਕਿ ਦਿੱਲੀ ਵਿੱਚ ਉਸ ਸਮੇਂ ਚੇਚਕ ਨਾਂ ਦੀ ਬਿਮਾਰੀ ਵੀ ਫੈਲ ਗਈ। ਸ਼ਹਿਰ ਦੇ ਇਕ ਪਾਸੇ ਫੈਲੀ ਇਸ ਬਿਮਾਰੀ ਨੇ ਛੇਤੀ ਹੀ ਮਹਾਂਮਾਰੀ ਦਾ ਰੂਪ ਲੈ ਲਿਆ। ਇਸ ਦੂਜੀ ਭਿਆਨਕ ਬਿਮਾਰੀ ਨੇ ਲੋਕਾਂ ਦਾ ਲੱਕ ਤੋੜ ਦਿੱਤਾ। ਬਾਲਾ-ਗੁਰੂ ਨੂੰ ਕਿਹਾ ਗਿਆ ਕਿ ਉਹ ਚੇਚਕ ਨਿਕਲੇ ਲੋਕਾਂ ਦੇ ਨੇੜੇ ਨਾ ਜਾਣ ਕਿਉਂਕਿ ਚੇਚਕ ਇੱਕ ਛੂਤ ਦੀ ਬਿਮਾਰੀ ਹੈ। ਇਸ ਬਿਮਾਰੀ ਵਿੱਚ ਤੇਜ਼ ਬੁਖਾਰ ਹੋ ਕੇ ਸਰੀਰ ਤੇ ਨਿੱਕੇ-ਨਿੱਕੇ ਦਾਣੇ ਨਿਕਲ ਆਉਂਦੇ ਹਨ ਜੋ ਪੀਕ ਭਰੇ ਹੁੰਦੇ ਹਨ। ਇਹ ਬਹੁਤ ਦਰਦ ਕਰਦੇ ਹਨ। ਕੁਝ ਦਿਨਾਂ ਵਿੱਚ ਇਹ ਦਾਣੇ ਸੁੱਕ ਜਾਂਦੇ ਹਨ ਪਰ ਪਿੱਛੇ ਨਿਸ਼ਾਨ ਛੱਡ ਜਾਂਦੇ ਹਨ। ਲਗਭਗ ਚਾਲੀ ਦਿਨ ਇਸ ਰੋਗ ਨਾਲ ਜੂਝਣਾ ਪੈਂਦਾ ਹੈ। ਨਸੀਹਤਾਂ ਦੇਣ ਦੇ ਬਾਵਜੂਦ ਗੁਰੂ ਜੀ ਨਹੀਂ ਰੁਕੇ। ਉਹ ਲੋਕਾਂ ਦੇ ਮਸੀਹੇ ਸਨ। ਉਹ ਲੋਕਾਂ ਵਿੱਚ ਸ਼ਾਂਤੀ ਤੇ ਦਇਆ ਦੇ ਦੂਤ ਬਣਕੇ ਵਿਚਰੇ। ਰੋਗ ਗ੍ਰਸਤ ਲੋਕਾਂ ਨੂੰ ਅਲੱਗ ਰੱਖਿਆ ਗਿਆ ਅਤੇ ਉਹਨਾਂ ਦੀ ਵਧੀਆ ਦੇਖ ਭਾਲ ਕੀਤੀ ਗਈ। ਤਰਲੋਚਨ ਸਿੰਘ ਲਿਖਦੇ ਹਨ ਕਿ ਲੋਕਾਂ ਦਾ ਇਲਾਜ ਕਰਕੇ ਬਾਲਾ ਗੁਰੂ ਸਵਾਰਥ ਰਹਿਤ ਸੇਵਾ ਭਾਵਨਾ ਦੀ ਉੱਚੀ-ਸੁੱਚੀ ਅਤੇ ਚੰਗੀ ਉਦਾਹਰਣ ਪੇਸ਼ ਕਰ ਰਹੇ ਸਨ। ਦੁਖੀ ਲੋਕਾਂ ਦੀ ਆਪਣੀ ਜਾਨ ਜੋਖਮ ਵਿੱਚ ਪਾ ਕੇ ਕੀਤੀ ਗਈ ਸੇਵਾ ਤੋਂ ਚੰਗੀ ਹੋਰ ਕੋਈ ਮਿਸਾਲ ਹੋ ਹੀ ਨਹੀਂ ਸਕਦੀ। ਗੁਰੂ ਜੀ ਨੇ ਤਾਂ ਬੇ-ਸਹਾਰਾ ਤੇ ਬੇਵੱਸ ਲੋਕਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਆਪਣੇ ਉੱਪਰ ਲੈ ਲਈ ਸੀ। ਉਹਨਾਂ ਨੇ ਸਿੱਖਾਂ ਨੂੰ ਚਿਤਾਇਆ ਕਿ ਪ੍ਰਮਾਤਮਾ ਦੀ ਪ੍ਰਾਪਤੀ ਲਈ ਮਨੁੱਖਤਾ ਦੀ ਨਿਰਸਵਾਰਥ ਸੇਵਾ ਸਭ ਤੋਂ ਉੱਚੀ ਪੂਜਾ ਹੈ।

'ਸੇਵਾ ਕਰਤ ਹੋਇ ਨਹਿਕਾਮੀ, ਤਿਸ ਕੋ ਹੋਤ ਪ੍ਰਾਪਤ ਸਵਾਮੀ।।'

ਆਦਿ ਗ੍ਰੰਥ (ਮਹੱਲਾ 5 ਸੁਖਮਨੀ ਪਉੜੀ)

ਇਸ ਸਮੇਂ ਗੁਰੂ ਹਰ ਕ੍ਰਿਸ਼ਨ ਦੀ ਸੇਵਾ ਭਾਵਨਾ ਅਤੇ ਦੀਨ ਦੁਖੀਆਂ ਤੇ ਗਰੀਬ ਬੇ ਸਹਾਰਾ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਕੇ ਉਹਨਾਂ ਨੇ ਦਿੱਲੀ ਦੇ ਲੋਕਾਂ ਦਾ ਦਿਲ ਜਿੱਤ ਲਿਆ। ਉਹਨਾਂ ਨੇ ਲੋਕਾਂ ਨੂੰ ਸਿੱਖ ਧਰਮ ਵੱਲ ਪ੍ਰੇਰਿਤ ਕੀਤਾ ਤੇ ਲੋਕ ਰਾਮ ਰਾਇ ਤੋਂ ਦੂਰ ਹੋ ਗਏ। ਉਹ ਗੁਰੂ ਹਰ ਕ੍ਰਿਸ਼ਨ ਦੇ ਮੁਰੀਦ ਹੋ ਗਏ। ਇਸ ਬਦਲਾਅ ਆਉਣ ਕਰਕੇ ਰਾਮ ਰਾਇ ਤੇ ਉਸਦੇ ਭ੍ਰਿਸ਼ਟ ਮਸੰਦਾਂ ਨੂੰ ਬਹੁਤ ਆਰਥਿਕ ਨੁਕਸਾਨ ਹੋਇਆ। ਜਿਸ ਕਰਕੇ ਉਹ ਗੁਰੂ ਜੀ ਦੇ ਪੱਕੇ ਵੈਰੀ ਬਣ ਗਏ। ਹੁਣ ਉਹ ਘਟੀਆ ਹਰਕਤਾਂ 'ਤੇ ਉਤਰ ਆਏ। ਉਹਨਾਂ ਨੇ ਲੋਕਾਂ ਵਿੱਚ ਗੁਰੂ ਜੀ ਦੀ ਇੱਜ਼ਤ ਨੂੰ ਢਾਹ ਲਾਉਣ ਲਈ ਇਹ ਗੱਲ ਫੈਲਾ ਦਿੱਤੀ ਕਿ ਗੁਰੂ ਹਰ ਕ੍ਰਿਸ਼ਨ ਗੰਦੇ ਗਰੀਬ ਤੇ ਦੀਨ ਦੁਖੀਆਂ ਦਾ ਗੁਰੂ ਹੈ ਅਤੇ ਕਮਜ਼ੋਰਾਂ ਤੇ ਬੇਸਹਾਰਾ ਲੋਕਾਂ ਦਾ ਪੈਗੰਬਰ ਹੈ। ਉਹਨਾਂ ਨੇ ਇੱਥੋਂ ਤੱਕ ਕੀਤਾ ਕਿ ਗੁਰੂ ਜੀ ਦੀਆਂ ਅਧਿਆਤਮਕ ਸ਼ਕਤੀਆਂ 'ਤੇ ਹੀ ਲੋਕਾਂ ਦੇ ਮਨਾਂ ਵਿੱਚ ਸ਼ੰਕੇ ਪੈਦਾ ਕਰਨੇ ਸ਼ੁਰੂ ਕਰ ਦਿੱਤੇ ਅਤੇ ਕਿਹਾ ਕਿ ਗੁਰੂ ਹਰ ਕ੍ਰਿਸ਼ਨ ਕੋਲ 'ਸਿੱਧੀਆਂ' ਨਹੀਂ ਹਨ ਜਿਹੜੀਆਂ ਰਾਮ ਰਾਇ ਕੋਲ ਭਰਪੂਰ ਮਾਤਰਾ ਵਿੱਚ ਹਨ। ਸਿੱਧੀਆਂ ਜਾਂ ਕਰਾਮਾਤਾਂ ਦਿਖਾਉਣ ਦੀ ਸ਼ਕਤੀ ਸਿੱਧ ਜਾਂ ਜੋਗੀਆਂ ਵਿੱਚ ਮੌਜੂਦ ਸਮਝੀ ਜਾਂਦੀ ਹੈ ਜਿਸਨੂੰ ਉਹ ਕਠਿਨ ਤਪੱਸਿਆ ਕਰਕੇ ਗ੍ਰਹਿਣ ਕਰਦੇ ਹਨ। ਉਹ ਗੁਰੂ ਜੀ ਦੇ ਪੱਕੇ ਇਰਾਦੇ ਕਿ ਉਹ ਕਦੇ ਔਰੰਗਜੇਬ ਦਾ ਮੂੰਹ ਨਹੀਂ ਦੇਖਣਗੇ ਦਾ ਗਲਤ ਅਰਥ ਲੋਕਾਂ ਵਿੱਚ ਫੈਲਾਉਣ ਲੱਗਾ ਕਿ ਸਿੱਧੀਆਂ ਨਾ ਹੋਣ ਕਰਕੇ ਉਹ ਦਿੱਲੀ ਦਰਬਾਰ ਵਿੱਚ ਜਾ ਕੇ ਬਾਦਸ਼ਾਹ ਨੂੰ ਨਹੀਂ ਮਿਲਦੇ। ਇਸ ਤਰਾਂ ਔਰੰਗਜੇਬ ਨੇ ਗੁਰੂ ਹਰ ਕ੍ਰਿਸ਼ਨ ਜੀ ਦੀਆਂ ਅਧਿਆਤਮਕ ਸ਼ਕਤੀਆਂ ਅਤੇ ਸੰਤ ਪ੍ਰਵਿਰਤੀ ਦੀ ਪ੍ਰੀਖਿਆ ਲੈਣ ਲਈ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਉਹ ਗੁਰੂ ਜੀ ਨੂੰ ਸ਼ਾਹੀ ਦਰਬਾਰ ਵਿੱਚ ਪੇਸ਼ ਕਰੇ। ਸੂਰਜ ਪ੍ਰਕਾਸ਼ ਵਿੱਚ ਇਹ ਸਿੱਧ ਹੁੰਦਾ ਹੈ-

"ਰਾਜਾ ਜੈ ਸਿੰਘ ਸੁਣੋ, ਮੈਂ ਫੈਸਲਾ ਕੀਤਾ ਹੈ ਕਿ ਮੈਂ ਗੁਰੂ ਹਰ ਕ੍ਰਿਸ਼ਨ ਨੂੰ ਜ਼ਰੂਰ ਮਿਲਣਾ ਹੈ। ਉਹਨਾਂ ਨੂੰ ਦਰਬਾਰ ਵਿੱਚ ਪੇਸ਼ ਕਰੋ ਕਿਉਂਕਿ ਮੈਂ ਉਸ ਦੀਆਂ ਧਾਰਮਿਕ ਸ਼ਕਤੀਆਂ ਦੀ ਪ੍ਰੀਖਿਆ ਲੈਣੀ ਹੈ।"

ਜੈ ਸਿੰਘ ਨੇ ਕਿਹਾ, 'ਮੈਂ ਪਹਿਲਾਂ ਵੀ ਬਾਲ-ਗੁਰੂ ਨੂੰ ਤੁਹਾਡੀ ਇੱਛਾ ਦੱਸ ਦਿੱਤੀ ਹੈ। ਹੁਣ ਮੈਂ ਤੁਹਾਡਾ ਹੁਕਮ ਪਹੁੰਚਾ ਦਿਆਂਗਾ।"

ਰਾਜਾ ਜੈ ਸਿੰਘ ਨੇ ਬਾਦਸ਼ਾਹ ਦਾ ਸੁਨੇਹਾ ਬੜੀ ਨਿਮਰਤਾ ਨਾਲ ਗੁਰੂ ਹਰ ਕ੍ਰਿਸ਼ਨ ਨੂੰ ਦਿੱਤਾ। ਰਾਜੇ ਨੇ ਆਪਣੀ ਬੇਵਸੀ ਜ਼ਾਹਿਰ ਕਰਦੇ ਹੋਏ ਕਿਹਾ ਕਿ ਉਹ

ਨਾ ਤਾਂ ਬਾਦਸ਼ਾਹ ਦੇ ਹੁਕਮ ਦੀ ਅਵੱਗਿਆ ਕਰ ਸਕਦਾ ਹੈ ਅਤੇ ਨਾਂ ਹੀ ਗੁਰੂ ਜੀ ਨੂੰ ਮਜਬੂਰ ਕਰ ਸਕਦਾ ਹੈ ਕਿ ਉਹ ਬਾਦਸ਼ਾਹ ਨੂੰ ਮਿਲ ਲੈਣ। ਮਿਰਜ਼ਾ ਰਾਜਾ ਜੈ ਸਿੰਘ ਨੇ ਪਹਿਲਾਂ ਹੀ ਇਹ ਮਸਲਾ ਦੀਵਾਨ ਦੂਰਗਾ ਮੱਲ, ਭਾਈ ਗੁਰਦਿੱਤਾ, ਭਾਈ ਦਿਆਲ ਦਾਸ, ਨਾਲ ਵਿਚਾਰ ਲਿਆ ਸੀ। ਇਹ ਤਿੰਨ ਪ੍ਰਸਿਧ ਸਿੱਖ ਸ਼ਖਸ਼ੀਅਤਾਂ ਗੁਰੂ ਜੀ ਨਾਲ ਕੀਰਤਪੁਰ ਤੋਂ ਆਈਆਂ ਹੋਈਆਂ ਸਨ। ਦੀਵਾਨ ਦੂਰਗਾ ਮੱਲ ਪ੍ਰਬੰਧਕ ਸਨ ਤੇ ਅਰਬੀ ਫ਼ਾਰਸੀ ਦੇ ਵਿਦਵਾਨ ਸਨ ਤੇ ਉਹਨਾਂ ਨੇ ਰਾਜਾ ਨੂੰ ਦੱਸ ਦਿੱਤਾ ਕਿ ਗੁਰੂ ਜੀ ਦਾ ਮਨ ਬਦਲਿਆ ਨਹੀਂ ਜਾ ਸਕਦਾ। ਉਹ ਔਰੰਗਜੇਬ ਨੂੰ ਨਹੀਂ ਮਿਲਣਗੇ। ਇਹ ਉਹਨਾਂ ਦਾ ਆਪਣੇ ਪਿਤਾ ਨਾਲ ਵਾਅਦਾ ਹੈ ਜਿਸ ਨੂੰ ਉਹ ਕਦੇ ਵੀ ਨਹੀਂ ਤੋੜ ਸਕਦੇ। ਸਮੱਸਿਆ ਗੰਭੀਰ ਸੀ। ਗੁਰੂ ਹਰ ਕ੍ਰਿਸ਼ਨ ਜੀ ਸਾਰੀ ਸਥਿਤੀ ਸਮਝ ਗਏ ਸਨ। ਉਹ ਅੰਦਰ ਗਏ ਅਤੇ ਮਾਤਾ ਸੁਲੱਖਣੀ ਨਾਲ ਸਲਾਹ ਮਸ਼ਵਰਾ ਕੀਤਾ। ਮਹਿਮਾ ਪ੍ਰਕਾਸ਼ ਦੇ ਲੇਖਕ ਅਨੁਸਾਰ ਗੁਰੂ ਜੀ ਨੇ ਮਾਤਾ ਨੂੰ ਦੱਸ ਦਿੱਤਾ ਕਿ ਉਹ ਔਰੰਗਜੇਬ ਨੂੰ ਮਿਲਣ ਲਈ ਦਰਬਾਰ ਨਹੀਂ ਜਾਣਗੇ। ਇਹ ਵੀ ਕਿਹਾ ਜਾਂਦਾ ਹੈ ਕਿ ਦੀਵਾਨ ਦੂਰਗਾ ਮੱਲ ਨੇ ਗੁਰੂ ਜੀ ਨੂੰ ਮਸਲੇ ਦਾ ਇਕ ਹੱਲ ਵੀ ਦੱਸਿਆ ਕਿ ਉਹਨਾਂ ਨੂੰ ਬਾਦਸ਼ਾਹ ਨੂੰ ਮਿਲਣ ਤੋਂ ਪਹਿਲਾਂ ਹੀ ਦਿੱਲੀ ਤੋਂ ਕੂਚ ਕਰ ਜਾਣਾ ਚਾਹੀਦਾ ਹੈ ਤਾਂ ਕਿ ਇਹ ਨੌਬਤ ਹੀ ਨਾ ਆਵੇ। ਪਰੰਤੂ ਗੁਰੂ ਹਰ ਕ੍ਰਿਸ਼ਨ ਜੀ ਨੇ ਉੱਤਰ ਦਿੱਤਾ ਕਿ ਉਹ ਦਿੱਲੀ ਛੱਡ ਕੇ ਨਹੀਂ ਜਾਣਗੇ। ਉਹ ਤਾਂ ਪ੍ਰਮਾਤਮਾ ਦੀ ਇੱਛਾ ਦਾ ਪਾਲਣ ਕਰਨਗੇ ਬੇਸ਼ੱਕ ਉਹਨਾਂ ਦੀ ਜਾਨ ਚਲੀ ਜਾਵੇ। ਉਹਨਾਂ ਨੇ ਰਾਜਾ ਜੈ ਸਿੰਘ ਦੇ ਫਿਕਰ ਨੂੰ ਭਾਂਪਦਿਆ ਉਸਨੂੰ ਭਰੋਸਾ ਦਿੱਤਾ ਕਿ ਉਹ ਉਹਨਾਂ ਦਾ ਬਾਦਸ਼ਾਹ ਤੋਂ ਕੋਈ ਨੁਕਸਾਨ ਨਹੀਂ ਹੋਣ ਦੇਣਗੇ। ਰਾਜਾ ਨੇ ਡੇਢ ਮਹੀਨਾ ਉਹਨਾਂ ਨੂੰ ਆਪਣੀ ਹਵੇਲੀ ਵਿੱਚ ਰੱਖਿਆ ਹੈ, ਮਾਣ-ਤਾਣ ਬਖਸ਼ਿਆ ਹੈ, ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਹਨ, ਉਹ ਰਾਜਾ ਜੈ ਸਿੰਘ ਜਿਹੇ ਸ਼ਰਧਾਲੂ ਸਿੱਖ ਨੂੰ ਕਿਸੇ ਮੁਸ਼ਕਿਲ ਵਿੱਚ ਨਹੀਂ ਪਾਉਣਾ ਚਾਹੁੰਦੇ। ਪਰ ਉਹ ਬਾਦਸ਼ਾਹ ਦੇ ਡਰ ਨਾਲ ਦਿੱਲੀ ਨਹੀਂ ਛੱਡਣਗੇ।

ਅਗਲੇ ਦੋ ਤਿੰਨ ਦਿਨ ਗੁਰੂ ਹਰ ਕ੍ਰਿਸ਼ਨ ਸ਼ਹਿਰ ਦੇ ਵੱਖ-ਵੱਖ ਭਾਗਾਂ ਵਿੱਚ ਫਿਰ ਤੁਰ ਕੇ ਚੇਚਕ ਦੇ ਰੋਗੀਆਂ ਦਾ ਇਲਾਜ ਕਰਦੇ ਰਹੇ। ਇੱਕ ਦਿਨ ਸਵੇਰੇ ਹੀ ਗੁਰੂ ਹਰ ਕ੍ਰਿਸ਼ਨ ਜੀ ਨੇ ਆਪਣੇਦੀਵਾਨ ਦੂਰਗਾ ਮੱਲ ਅਤੇ ਭਾਈ ਗੁਰਦਿੱਤਾ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਕਾਫ਼ਲੇ ਦੇ ਠਹਿਰਣ ਲਈ ਕੋਈ ਹੋਰ ਯੋਗ ਥਾਂ ਲੱਭ ਲੈਣ ਕਿਉਂਕਿ ਹੁਣ ਅਸੀਂ ਰਾਜਾ ਜੈ ਸਿੰਘ ਦੀ ਹਵੇਲੀ ਵਿੱਚੋਂ ਚਲੇ ਜਾਣਾ ਹੈ। ਗੁਰੂ ਜੀ ਨੇ ਘੋੜ-ਸਵਾਰ ਹੋ ਕੇ ਆਪ ਜਗਾ ਲੱਭਣ ਲਈ ਕੁੱਝ ਖੇਤਰਾਂ ਦਾ ਮੁਆਇਨਾ ਕੀਤਾ।ਉਹਨਾਂ ਨੇ ਜਮਨਾ ਨਦੀ ਕਿਨਾਰੇ ਨਦੀ ਤੇ ਬਣੇ ਪੁਲ 'ਬਾਰਾਪੁਲਾ' ਕੋਲ ਤਿਲੋਕਹੇੜੀ ਪਿੰਡ ਨੇੜੇ ਇੱਕ ਸ਼ਾਂਤ ਅਤੇ ਸੁਹਾਣੀ ਥਾਂ ਦੀ ਚੋਣ ਕੀਤੀ।

ਇੱਥੇ ਨੇੜੇ ਹੀ ਰਾਜਾ ਜੈ ਸਿੰਘ ਦੀ ਸੈਨਾ ਦਾ ਕੈਂਪ ਸੀ। ਸੂਰਜ ਪ੍ਰਕਾਸ਼ ਅਨੁਸਾਰ ਖੁਸ਼ ਹੋ ਕੇ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਇਸ ਥਾਂ 'ਤੇ ਤੰਬੂ ਗੱਡ ਦਿੱਤੇ ਜਾਣ। ਇੱਥੇ ਬੜਾ ਹੀ ਦਿਲ ਟੁੰਬਵਾ ਆਲਾ ਦੁਆਲਾ ਸੀ। ਇੱਥੇ ਰਹਿ ਕੇ ਗੁਰੂ ਹਰਕ੍ਰਿਸ਼ਨ ਤੇ ਉਹਨਾਂ ਦੇ ਸਿੱਖ ਅਰਾਮ ਕਰ ਸਕਦੇ ਸਨ, ਕੰਮ ਕਰਨ ਲਈ ਇੱਥੇ ਸ਼ਾਂਤੀ ਅਤੇ ਅਜ਼ਾਦੀ ਵੀ ਸੀ। ਗੁਰੂ ਜੀ ਦੀ ਮਾਤਾ ਸੁਲੱਖਣੀ ਵੀ ਆਪਣੇ ਪੁੱਤਰ ਦੇ ਨਵੇਂ ਲੱਭੇ ਟਿਕਾਣੇ ਵੱਲ ਰਵਾਨਾ ਹੋ ਗਈ। ਇੱਥੇ ਇਹ ਕਹਿਣਾ ਬਿਲਕੁਲ ਦਰੁਸਤ ਹੈ ਕਿ ਇਹ ਇੱਕ ਦਲੇਰੀ ਭਰਿਆ, ਬਹਾਦਰੀ ਭਰਪੂਰ ਅਤੇ ਅਜ਼ਾਦਾਨਾ ਫੈਸਲਾ ਸੀ। ਜਿਸ ਨਾਲ ਗੁਰੂ ਜੀ ਨੇ ਰਾਜਾ ਜੈ ਸਿੰਘ ਦੀ ਰੱਖਿਆ ਛਤਰੀ ਤਿਆਗ ਕੇ ਆਪਣੇ ਬਲ 'ਤੇ ਖੜਾ ਹੋਣਾ ਸੀ। ਉਹਨਾਂ ਔਰੰਗਜੇਬ ਦੀ ਮਿਲਣ ਦੀ ਇੱਛਾ ਦਾ ਸਤਿਕਾਰ ਨਹੀਂ ਕੀਤਾ, ਇਹ ਕਰਦੇ ਹੋਏ ਉਹਨਾਂ ਰਾਜਾ ਜੈ ਸਿੰਘ ਨੂੰ ਉਸਦੀ ਰੱਖਿਆ ਕਰਨ ਦੀ ਜਿੰਮੇਵਾਰੀ ਤੋਂ ਵੀ ਫਾਰਗ ਕਰ ਦਿੱਤਾ ਤਾਂ ਕਿ ਬਾਦਸ਼ਾਹ ਉਸਦੇ ਵਿਰੁੱਧ ਕੋਈ ਤਰਕਹੀਣ ਕਾਰਵਾਈ ਨਾ ਕਰੇ। ਜਿਸ ਥਾਂ 'ਤੇ ਗੁਰੂ ਜੀ ਰਹੇ ਉਥੇ ਹੁਣ ਸੁੰਦਰ ਗੁਰਦੁਆਰਾ 'ਬਾਲਾ ਸਾਹਿਬ' ਹੈ। ਤ੍ਰਿਲੋਚਨ ਸਿੰਘ ਲਿਖਦੇ ਹਨ ਕਿ ਰਾਜਾ ਜੈ ਸਿੰਘ ਦੀ ਰਾਣੀ ਆਨੰਦ ਕੌਰ ਗੁਰੂ ਜੀ ਦੇ ਹਵੇਲੀ ਛੱਡਣ ਦੇ ਅਚਨਚੇਤ ਕੀਤੇ ਫੈਸਲੇ ਕਾਰਨ ਬੇਚੈਨ ਹੋ ਗਈ। ਉਸਨੇ ਮਹਿਸੂਸ ਕੀਤਾ ਕਿ ਕੁਝ ਗਲਤ ਹੋ ਗਿਆ ਹੈ। ਰਾਜਾ ਜੈ ਸਿੰਘ ਇਸ ਸਮੇਂ ਆਪਣੇ ਕੰਮ 'ਤੇ ਨਿਕਲ ਚੁੱਕਿਆ ਸੀ। ਰਾਣੀ ਨੇ ਰਾਜੇ ਨੂੰ ਸਾਰੀ ਗੱਲ ਦੱਸ ਦਿੱਤੀ। ਕਿਹਾ ਜਾਂਦਾ ਹੈ ਕਿ ਰਾਜਾ ਜੈ ਸਿੰਘ ਗੁਰੂ ਜੀ ਕੋਲ ਆਇਆ ਅਤੇ ਖਿਮਾ ਜਾਚਨਾ ਕੀਤੀ। ਜੋ ਕੁਝ ਉਸਨੇ ਪਹਿਲਾਂ ਗੁਰੂ ਜੀ ਨੂੰ ਸੁਨੇਹਾ ਦਿੱਤਾ ਸੀ ਉਸਤੇ ਸ਼ਰਮਸਾਰ ਹੋਇਆ। ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਹਵੇਲੀ ਵਾਪਸ ਆ ਜਾਣ। ਰਾਜਾ ਜੈ ਸਿੰਘ ਦੇ ਜ਼ੋਰ ਦੇਣ 'ਤੇ ਗੁਰੂ ਜੀ ਦਾ ਦਿਲ ਪਸੀਜ ਗਿਆ। ਉਹਨਾਂ ਨੇ ਸਹਿਮਤੀ ਦਿੱਤੀ ਕਿ ਰਾਤ ਨੂੰ ਵਿਸ਼ਰਾਮ ਦੇ ਸਮੇਂ ਉਹ ਹਵੇਲੀ ਵਿੱਚ ਰਹਿਣਗੇ ਪਰੰਤੂ ਦਿਨ ਵੇਲੇ ਉਹ ਦਰਿਆ ਜਮਨਾ ਦੇ ਕਿਨਾਰੇ ਹੀ ਖੁੱਲ੍ਹਾ ਦਰਬਾਰ ਲਾਉਣਗੇ।

'ਲਾਈਫ ਆਫ਼ ਗੁਰੂ ਹਰ ਕ੍ਰਿਸ਼ਨ' ਵਿੱਚ ਤਰਲੋਚਨ ਸਿੰਘ ਲਿਖਦੇ ਹਨ ਕਿ ਔਰੰਗਜੇਬ ਨੇ ਰਾਜਾ ਜੈ ਸਿੰਘ ਨੂੰ ਬੁਲਾਇਆ। ਉਹਨਾਂ ਦੇ ਨਾਲ ਦੀਵਾਨ ਦੁਰਗਾ ਮੱਲ ਵੀ ਸੀ। 24 ਮਾਰਚ 1664 ਈ. ਦੇ ਇਸ ਦਿਨ ਬਾਦਸ਼ਾਹ ਨੇ ਦ੍ਰਿੜਤਾ ਨਾਲ ਹੁਕਮ ਕੀਤਾ ਕਿ 26 ਮਾਰਚ 1664 ਦੇ ਦਿਨ ਗੁਰੂ ਹਰ ਕ੍ਰਿਸ਼ਨ ਨੂੰ ਸ਼ਾਹੀ ਦਰਬਾਰ ਵਿੱਚ ਪੇਸ਼ ਹੋਣਾ ਪਵੇਗਾ। ਗੁਰੂ ਜੀ ਨੂੰ ਵੀ ਇਸ ਗੱਲ ਦੀ ਸੂਚਨਾ ਮਿਲ ਗਈ। ਉਹਨਾਂ ਨੇ ਕਿਹਾ 'ਜੋ ਪ੍ਰਮਾਤਮਾ ਕਰੇਗਾ, ਉਹੀ ਹੋਵੇਗਾ।'

ਦੂਸਰੇ ਦਿਨ 25 ਮਾਰਚ 1664 ਈ. ਸਵੇਰੇ ਗੁਰੂ ਜੀ ਨੇ ਵੱਡੀ ਸਿੱਖ ਸੰਗਤ ਨੂੰ ਆਖਰੀ ਸੰਦੇਸ਼ ਦਿੱਤਾ। ਸਾਰੇ ਹਾਜ਼ਰ ਲੋਕਾਂ ਨੂੰ ਹੱਥ ਹਿਲਾ ਕੇ ਅਸ਼ੀਰਵਾਦ

ਦਿੱਤਾ ਤੇ ਐਲਾਨ ਕੀਤਾ ਕਿ ਅਗਲੇ ਪੰਜ ਦਿਨ ਉਹ ਸਮਾਧੀ ਵਿੱਚ ਰਹਿਣਗੇ। ਉਹ ਮਹਿਲ ਦੇ ਅੰਦਰਲੇ ਕਮਰੇ ਵਿੱਚ ਚਲੇ ਗਏ। ਉਹਨਾਂ ਨੇ ਹੁਕਮ ਦਿੱਤਾ ਕਿ ਕੋਈ ਵੀ ਵਿਅਕਤੀ ਉਹਨਾਂ ਨੂੰ ਪ੍ਰੇਸ਼ਾਨ ਨਹੀਂ ਕਰੇਗਾ। ਦਰਸ਼ਕ ਹਾਲ ਵਿੱਚ ਮਾਣਯੋਗ ਸਿੱਖ ਸ਼ਖਸ਼ੀਅਤਾਂ ਦੀ ਦੇਖ-ਰੇਖ ਵਿੱਚ ਕੀਰਤਨ ਚੱਲਦਾ ਰਹੇਗਾ। ਉਹ ਸ਼ਾਮ ਨੂੰ ਹਰ ਰੋਜ਼ ਹਾਲ ਵਿੱਚ ਸੰਗਤਾਂ ਨੂੰ ਅਸ਼ੀਰਵਾਦ ਦੇਣਗੇ।

26 ਮਾਰਚ 1664 ਈ. ਦੇ ਦਿਨ ਬਾਦਸ਼ਾਹ ਨੇ ਗੁਰੂ ਜੀਨੂੰ ਦਰਬਾਰ ਵਿੱਚ ਹਾਜ਼ਰ ਹੋਣ ਲਈ ਦਿਨ ਮਿਥਿਆ ਹੋਇਆ ਸੀ। ਰਾਜਾ ਜੈ ਸਿੰਘ ਨੇ ਮੁਗਲ ਸ਼ਾਸ਼ਕ ਨੂੰ ਸੂਚਨਾ ਦਿੱਤੀ ਕਿ ਗੁਰੂ ਜੀ ਨੂੰ ਬੁਖਾਰ ਹੈ ਇਸ ਲਈ ਉਹ ਬਾਦਸ਼ਾਹ ਨੂੰ ਨਹੀਂ ਮਿਲ ਸਕਦੇ। 'ਮਹਿਮਾ ਪ੍ਰਕਾਸ਼' ਵਿੱਚ ਲਿਖੇ ਅਨੁਸਾਰਂ 26 ਮਾਰਚ 1664 ਈ. ਦੇ ਦਿਨ ਤੱਕ ਇਹ ਸਾਫ਼ ਹੋ ਗਿਆ ਸੀ ਕਿ ਗੁਰੂ ਜੀ ਚੇਚਕ ਤੋਂ ਪੀੜਤ ਹਨ। ਬੀਮਾਰਾਂ ਦੀ ਸੇਵਾ ਕਰਨ ਵਾਲੇ ਅਤੇ ਉਹਨਾਂ ਨੂੰ ਠੀਕ ਕਰਨ ਵਾਲੇ ਗੁਰੂ ਜੀ ਨੂੰ ਉਸੇ ਰੋਗ ਨੇ ਘੇਰ ਲਿਆ ਸੀ। ਉਹਨਾਂ ਦੇ ਸ਼ਰੀਰ ਤੇ ਦਾਣੇ ਨਿਕਲ ਆਏ ਸਨ ਅਤੇ ਬੁਖਾਰ ਤੇਜ਼ ਸੀ। ਸਰੀਰ ਕਮਜ਼ੋਰ ਹੋ ਗਿਆ ਸੀ। ਪ੍ਰੋਫੈਸਰ ਪੂਰਨ ਸਿੰਘ ਆਪਣੀ ਪੁਸਤਕ 'ਦੀ ਬੁੱਕ ਆਫ਼ ਟੈਨ ਮਾਸਟਰਜ਼' ਵਿੱਚ ਲਿਖਦੇ ਹਨ ਕਿ ਗੁਰੂ ਹਰ ਕ੍ਰਿਸ਼ਨ ਜੀ ਦਾ ਇਸ ਤਰਾਂ ਬਿਮਾਰ ਹੋਣ ' ਇੱਕ ਤਰਾਂ ਰੋਸ ਮਾਤਰ ਸੀ। ਗੁਰੂ ਹਰ ਕ੍ਰਿਸ਼ਨ ਗੁਰੂ-ਪਿਤਾ ਹਰ ਰਾਇ ਦੀ ਤਰਾਂ ਔਰੰਗਜੇਬ ਨੂੰ ਮਿਲਣ ਦੇ ਵਿਰੁੱਧ ਸਨ। ਦਿੱਲੀ ਵਿੱਚ ਰਹਿੰਦਿਆਂ ਵਾਰ-ਵਾਰ ਉਹਨਾਂ ਨੂੰ ਮਿਲਣ ਲਈ ਕਿਹਾ ਗਿਆ। ਆਖਿਰ ਉਹ ਦਿੱਲੀ ਵਿੱਚ ਹੀ ਬਿਮਾਰ ਹੋ ਗਏ। ਸੋ ਇਹ ਬਿਮਾਰੀ ਰੋਸ ਮਾਤਰ ਸੀ।

ਚੇਚਕ ਦੇ ਹਮਲੇ ਦੇ ਪੰਜਵੇਂ ਦਿਨ 30 ਮਾਰਚ 1664 ਈ. ਨੂੰ ਗੁਰੂ ਹਰ ਕ੍ਰਿਸ਼ਨ ਜੀ ਨੇ ਆਪਣੀ ਮਾਤਾ ਸੁਲੱਖਣੀ ਜੀ ਨੂੰ ਸੂਚਿਤ ਕਰਦਿਆਂ ਕਿਹਾ, "ਮੇਰਾ ਅੰਤਿਮ ਸਮਾਂ ਨੇੜੇ ਆ ਗਿਆ ਹੈ। ਮੈਂ ਇਹ ਸਰੀਰ ਛੱਡ ਦੇਵਾਂਗਾ ਅਤੇ ਮੇਰੀ ਆਤਮਾ ਪ੍ਰਮਾਤਮਾ ਨਾਲ ਰੌਸ਼ਨ ਹੋਵੇਗੀ।" ਮਹਿਮਾ ਪ੍ਰਕਾਸ਼ ਵਿੱਚ ਇਹ ਵੀ ਵਰਨਣ ਕੀਤਾ ਗਿਆ ਹੈ ਕਿ ਇਹ ਵਚਨ ਸੁਣਕੇ ਮਾਤਾ ਸੁਲੱਖਣੀ ਜੀ ਬਹੁਤ ਦੁਖੀ ਹੋਏ ਅਤੇ ਸਿੱਖ ਸੰਗਤ ਨੂੰ ਬੁਲਾਇਆ ਕਿ ਉਹ ਗੁਰੂ ਜੀ ਦੇ ਅੰਤਿਮ ਦਰਸ਼ਨ ਕਰ ਲੈਣ। ਉਹਨਾਂ ਨੇ ਸੰਗਤਾਂ ਨੂੰ ਗੁਰੂ ਗਰੰਥ ਸਾਹਿਬ ਦੀ ਓਟ ਲੈਣ ਲਈ ਕਿਹਾ ਤੇ ਨਸੀਹਤ ਦਿੱਤੀ ਕਿ ਬਾਣੀ ਦਾ ਸ਼ੁੱਧ ਹਿਰਦੇ ਨਾਲ ਪਾਠ ਕਰੋ ਅਤੇ ਸ਼ਰਧਾ ਨਾਲ ਆਪਣੀ ਜ਼ਿੰਦਗੀ ਵਿੱਚ ਢਾਲੋ। ਕਿਸੇ ਵੀ ਮੁਸੀਬਤ ਵੇਲੇ ਗੁਰੂ ਗਰੰਥ ਸਾਹਿਬ ਤੁਹਾਡੇ ਸਹਾਈ ਹੋਣਗੇ। ਸਰੀਰ ਸਦਾ ਰਹਿਣ ਵਾਲਾ ਨਹੀਂ ਹੈ। ਪਰ ਗੁਰ ਗੱਦੀ ਅਚੱਲ ਹੈ। ਉਸ ਦਾ ਪ੍ਰਤਾਪ ਕਦੇ ਵੀ ਨਹੀਂ ਘਟੇਗਾ। ਦਿਨੋ ਦਿਨ ਵਧੇਗਾ। ਸਤਿਨਾਮ ਦਾ ਸਿਮਰਨ ਕਰਦੇ ਰਹਿਣਾ। ਸੰਗਤ ਕਰਨਾ ਅਤੇ ਨਿਮਰਤਾ ਭਾਵ ਨਾਲ ਸੰਸਾਰ ਵਿੱਚ ਵਿਚਰਨਾ। ਇਹ ਮਿਠਾਸ ਭਰੇ ਸ਼ਬਦ ਸੁਣ ਕੇ ਸੰਗਤ ਵਿਸਮਾਦ ਵਿੱਚ ਚਲੀ ਗਈ।

ਵਾਤਾਵਰਣ ਵਿੱਚ ਸ਼ਾਂਤੀ ਤੇ ਚੁੱਪ ਪਸਰੀ ਹੋਈ ਸੀ।

ਇਸ ਸਮੇਂ ਇੱਕ ਵਡੇਰੇ ਸਿੱਖ ਨੇ ਬੇਨਤੀ ਕੀਤੀ ਕਿ ਤੁਸੀਂ ਹੁਣ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ ? 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, 'ਮਹਿਮਾ ਪ੍ਰਕਾਸ਼', ਸੂਰਜ ਪ੍ਰਕਾਸ਼', ਮੈਕਾਲਿਫ਼ ਤੇ ਹਰੀ ਰਾਮ ਗੁਪਤਾ ਦੀ ਕਿਤਾਬ 'ਹਿਸਟਰੀ ਆਫ਼ ਦੀ ਸਿੱਖ ਗੁਰੂਜ' ਦੇ ਪ੍ਰਮਾਣਾਂ ਅਨੁਸਾਰ ਗੁਰੂ ਹਰ ਕ੍ਰਿਸ਼ਨ ਜੀ ਨੇ ਪੰਜ ਪੈਸੇ ਅਤੇ ਇੱਕ ਨਾਰੀਅਲ ਮੰਗਵਾਇਆ। ਉਹਨਾਂ ਨੇ ਆਪਣੇ ਹੱਥ ਵਿੱਚ ਪੈਸੇ ਤੇ ਨਾਰੀਅਲ ਫੜਕੇ ਤਿੰਨ ਵਾਰ ਹਵਾ ਵਿੱਚ ਲਹਿਰਾਇਆ, ਜਿਵੇਂ ਸਿੱਖ ਗੁਰੂ ਆਪਣੇ ਉਤਰਾਧਿਕਾਰੀ ਦੀ ਚੋਣ ਸਮੇਂ ਰਸਮ ਕਰਦੇ ਸਨ, ਅਤੇ ਕਿਹਾ 'ਬਾਬਾ ਬਕਾਲੇ'। ਜਿਸ ਦਾ ਮਤਲਬ ਸੀ ਕਿ ਉਹਨਾਂ ਦਾ ਜਾਨਸ਼ੀਨ ਬਕਾਲੇ ਰਹਿੰਦਾ ਹੈ ਅਤੇ ਉਹ ਉਹਨਾਂ ਦਾ ਬਾਬਾ ਹੈ। ਵਰਨਣਯੋਗ ਹੈ ਕਿ ਇਹ ਇਸ਼ਾਰਾ ਗੁਰੂ ਤੇਗ ਬਹਾਦਰ ਵੱਲ ਸੀ। ਰਿਸ਼ਤੇ ਵਿੱਚ ਤੇਗ ਬਹਾਦਰ ਉਹਨਾਂ ਦੇ ਦਾਦਾ ਸਨ। ਬਾਬਾ ਗੁਰਦਿੱਤਾ ਦੇ ਛੋਟੇ ਭਰਾ ਅਤੇ ਗੁਰੂ ਹਰਗੋਬਿੰਦ ਦੇ ਸਪੁੱਤਰ ਤੇਗ਼ ਬਹਾਦਰ ਬਹੁਤ ਸਮੇਂ ਤੋਂ ਬਾਬਾ ਬਕਾਲਾ ਵਿਖੇ ਰਹਿ ਕੇ ਪ੍ਰਭੂ ਭਗਤੀ ਵਿੱਚ ਲੀਨ ਸਨ। ਉਹਨਾਂ ਨੇ ਬਾਹਰੀ ਜਗਤ ਨਾਲ ਕੋਈ ਵਾਹ ਵਾਸਤਾ ਨਹੀਂ ਸੀ ਰੱਖਿਆ ਹੋਇਆ। ਸਾਰਾ ਦਿਨ ਪ੍ਰਭੂ ਸਿਮਰਨ ਵਿੱਚ ਹੀ ਬਿਤਾਉਂਦੇ ਸਨ। ਉਹਨਾਂ ਨੇ ਕਦੇ ਗੁਰਗੱਦੀ ਬਾਰੇ ਸੋਚਿਆ ਵੀ ਨਹੀਂ ਸੀ।

ਕੁਝ ਸਮਾਂ ਪਿੱਛੋਂ ਗੁਰੂ ਹਰ ਕ੍ਰਿਸ਼ਨ ਜੀ ਨੇ ਅੰਤਿਮ ਸਾਹ ਲਿਆ। ਇਹ ਚੇਤਰ ਸਦੀ 14 ਬਿਕਰਮੀ ਸੰਮਤ 1721 ਸੀ ਤੇ 30 ਮਾਰਚ 1664 ਸੀ। ਗੁਰੂ ਜੀ ਦੀ 'ਜਿੰਦਗੀ ਦਾ ਸਮਾਂ ਘੱਟ ਸੀ, ਉਮਰ ਛੋਟੀ ਸੀ ਅਤੇ ਗੁਰਗੱਦੀ ਦਾ ਸਮਾਂ ਵੀ ਥੋੜਾ ਹੀ ਮਿਲਿਆ। ਪਰੰਤੂ ਇਤਿਹਾਸਕਾਰ ਇਸ ਗੱਲ 'ਤੇ ਇੱਕਮੱਤ ਹਨ ਕਿ ਗੁਰੂ ਹਰ ਕ੍ਰਿਸ਼ਨ ਦਾ ਸਮਾਂ ਘਟਨਾਵਾਂ ਰਹਿਤ ਨਹੀਂ ਸੀ। ਅਸੀਂ ਜਾਣਦੇ ਹਾਂ ਕਿ ਗੁਰੂ ਹਰ ਕ੍ਰਿਸ਼ਨ ਨੇ ਨਾ ਕੇਵਲ ਪਹਿਲਾਂ ਚਲਦੀਆਂ ਸਿੱਖ ਸੰਸਥਾਵਾਂ, ਗੀਤਾਂ ਰਿਵਾਜਾਂ ਅਤੇ ਮਰਿਯਾਦਾ ਨੂੰ ਸਥਿਰ ਕੀਤਾ ਸਗੋਂ ਜਾਰੀ ਵੀ ਰੱਖੀਆਂ। ਖਾਸ ਕਰਕੇ ਲੰਗਰ ਤੇ ਸੰਗਤ ਦੀ ਪ੍ਰਥਾ ਤੇ ਬੇਹੱਦ ਜ਼ੋਰ ਦਿੱਤਾ। ਇਸਤੋਂ ਵੀ ਜ਼ਿਆਦਾ ਯਾਦ ਰੱਖਣ ਯੋਗ ਕੰਮ ਉਹਨਾਂ ਨੇ ਵਿਅਕਤੀ-ਗੁਰੂ ਦੀ ਸੰਸਥਾ ਨੂੰ ਆਦਿ ਗਰੰਥ ਨਾਲ ਪਰਸਪਰ ਮਿਲਾਇਆ ਅਤੇ ਇਸਦੇ ਅਦੁੱਤੀ ਅਤੇ ਅਮਰ ਸੁਭਾਅ ਵੱਲ ਇਸ਼ਾਰਾ ਕਰਦੇ ਹੋਏ ਸਿੱਖ ਧਰਮ ਦੇ ਗੁਰਮਤਿ ਵਿਚਾਰ ਨੂੰ ਉਭਾਰਿਆ ਅਤੇ ਇਸਦੇ ਉੱਪਰ ਅਮਲ ਕਰਨ ਦਾ ਜ਼ੋਰ ਦਿੱਤਾ। ਉਹਨਾਂ ਅਨੁਸਾਰ ਆਦਿ ਗ੍ਰੰਥ ਵਿੱਚ ਲਿਖਿਆ ਹੋਇਆ ਸ਼ਬਦ ਜਾਂ ਬਾਣੀ ਹੀ ਗੁਰੂ ਹੈ ਅਤੇ ਇਸ ਤਰਾਂ ਉਹਨਾਂ ਨੇ ਗੁਰੂ-ਵਿਅਕਤੀ ਦੇ ਰੂਪ ਵਿੱਚ ਸੰਸਥਾ ਨਾਲੋਂ ਨਿਖੇੜਨ ਦਾ ਸੁਝਾਅ ਦਿੱਤਾ। ਇਹ ਸੁਪਨਾ ਗੁਰੂ ਗੋਬਿੰਦ ਸਿੰਘ ਦਸਵੇਂ ਸਿੱਖ ਗੁਰੂ ਵੇਲੇ ਸਾਕਾਰ ਹੋਇਆ ਜਦ ਉਹਨਾਂ ਨੇ 1699 ਈ. ਨੂੰ ਵਿਸਾਖੀ

ਵਾਲੇ ਦਿਨ 'ਖਾਲਸਾ ਪੰਥ' ਦੀ ਸਾਜਨਾ ਕੀਤੀ। ਉਹਨਾਂ ਦੀ ਮੌਤ ਤੋਂ ਬਾਦ ਕੋਈ ਵੀ ਵਿਅਕਤੀ ਗੁਰੂ ਨਹੀਂ ਹੋਇਆ ਅਤੇ ਗੁਰੂਆਈ ਸਿੱਖ ਧਰਮ ਦੇ ਮਹਾਨ ਅਤੇ ਸਤਿਕਾਰਤ ਗ੍ਰੰਥ ਆਦਿ ਗ੍ਰੰਥ ਕੋਲ ਹੈ।

ਗੁਰੂ ਹਰ ਕ੍ਰਿਸ਼ਨ ਜੀ ਛੋਟੀ ਉਮਰ ਦੇ ਬਾਵਜੂਦ ਦ੍ਰਿੜ ਇਰਾਦੇ ਦੇ ਮਾਲਕ ਸਨ ਅਤੇ ਆਪਣੀ ਅਧਿਆਤਮਿਕ ਵਿਰਾਸਤ ਨੂੰ ਸਾਂਭਣ ਲਈ ਉਹਨਾਂ ਨੇ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ। ਉਹਨਾਂ ਨੇ ਆਪਣੇ ਵੱਡੇ ਭਰਾ ਰਾਮ ਰਾਇ ਜੋ ਮੁਗਲ ਬਾਦਸ਼ਾਹ ਔਰੰਗਜੇਬ ਦੇ ਹੱਥਾਂ ਵਿੱਚ ਖੇਡ ਰਿਹਾ ਸੀ ਅਤੇ ਭ੍ਰਿਸ਼ਟ ਮਸੰਦ ਜੋ ਭੋਲੇ ਭਾਲੇ ਸਿੱਖਾਂ ਨੂੰ ਲੁੱਟ ਰਹੇ ਸਨ, ਵਿਰੁੱਧ ਭੁਗਤ ਕੇ ਅਤੇ ਬਾਦਸ਼ਾਹ ਨੂੰ ਨਾ ਮਿਲ ਕੇ ਆਪਣੀ ਪ੍ਰਪੱਕ ਸੋਚ ਦਾ ਪ੍ਰਗਟਾਵਾ ਕੀਤਾ। ਉਹਨਾਂ ਨੇ ਦਲੇਰੀ ਨਾਲ ਰਾਮ ਰਾਇ ਅਤੇ ਬਾਦਸ਼ਾਹ ਔਰੰਗਜੇਬ ਦੀਆਂ ਕੁਚਾਲਾਂ ਦਾ ਜੁਆਬ ਦਿੱਤਾ। ਉਹ ਆਪਣੇ ਫੈਸਲੇ 'ਤੇ ਡਟੇ ਰਹੇ ਅਤੇ ਸ਼ਾਹੀ ਦਰਬਾਰ ਵਿੱਚ ਨਾ ਜਾਣ ਦਾ ਆਪਣੇ ਪਿਤਾ ਨੂੰ ਦਿੱਤਾ ਵਚਨ ਨਿਭਾਇਆ। ਉਹ ਸਿੱਖ ਧਰਮ ਦੀਆਂ ਨੈਤਿਕ ਅਤੇ ਅਧਿਆਤਮਕ ਗਤੀਵਿਧੀਆਂ ਨੂੰ ਕਾਇਮ ਰੱਖਣ ਤੇ ਚਾਲੂ ਰੱਖਣ ਵਿੱਚ ਸਫ਼ਲ ਰਹੇ। ਉਹਨਾਂ ਨੇ ਸਿੱਖ ਧਰਮ ਦੇ ਆਗੂ ਦੇ ਤੌਰ 'ਤੇ ਧਰਮ ਵਿੱਚ ਏਕਤਾ ਤੇ ਅਖੰਡਤਾ ਬਣਾਈ ਰੱਖਣ ਲਈ ਆਪਣੀ ਪੂਰੀ ਵਾਹ ਲਾਈ। ਉਹਨਾਂ ਨੇ ਨਿਡਰਤਾ ਤੇ ਸਾਹਸ ਦੇ ਗੁਣਾਂ ਦਾ ਉਹ ਪ੍ਰਗਟਾਵਾ ਕੀਤਾ ਜੋ ਇੱਕ ਸ਼ਹੀਦ ਵਿੱਚ ਹੋਣੇ ਚਾਹੀਦੇ ਹਨ। ਇਹ ਅੱਗੇ ਸਿੱਖ ਧਰਮ ਦੇ ਪੈਰੋਕਾਰਾਂ ਲਈ ਯਾਦ ਰੱਖਣ ਯੋਗ ਸਬਕ ਸੀ।

ਉਹਨਾਂ ਦਾ ਅੰਤਿਮ ਕੰਮ ਗੁਰੂ ਤੇਗ ਬਹਾਦਰ ਨੂੰ ਆਪਣਾ ਉਤਰਾਧਿਕਾਰੀ ਚੁਨਣਾ ਵੀ ਉਹਨਾਂ ਦਾ ਦੂਰ-ਅੰਦੇਸ਼ੀ, ਹਾਜ਼ਰ ਜੁਆਬੀ ਅਤੇ ਸੰਤ ਸੁਭਾਅ ਦੇ ਅਨੁਕੂਲ ਸੀ। ਬੇਸ਼ੱਕ ਉਹ ਬਹੁਤ ਬੀਮਾਰ ਸਨ, ਚੇਚਕ ਨੇ ਉਹਨਾਂ 'ਤੇ ਜਬਰਦਸਤ ਹਮਲਾ ਕੀਤਾ ਸੀ ਅਤੇ ਉਹ ਉਸ ਸਮੇਂ ਮੌਤ ਦੇ ਬਿਲਕੁਲ ਨੇੜੇ ਸਨ, ਫਿਰ ਵੀ ਉਹਨਾਂ ਨੇ ਰਾਮ ਰਾਇ, ਧੀਰਮੱਲ ਅਤੇ ਸੂਰਜ ਮੱਲ ਦੇ ਪੁੱਤਰਾਂ ਤੇ ਸੋਢੀਆਂ ਦੀ ਬਜਾਏ ਸਹੀ ਗੁਰੂ ਤੇਗ ਬਹਾਦਰ ਦੀ ਚੋਣ ਕੀਤੀ। ਉਹਨਾਂ ਨੇ ਸਿੱਖ ਸਮਾਜ ਤੇ ਧਰਮ ਦੀ ਵਾਗਡੋਰ ਯੋਗ ਤੇ ਨੇਕ ਦਿਲ ਸ਼ਖਸ਼ੀਅਤ ਤੇਗ ਬਹਾਦਰ ਦੇ ਹੱਥ ਦਿੱਤੀ। ਇਸ ਫੈਸਲੇ ਨਾਲ ਸਿੱਖ ਰਾਮ ਰਾਇ, ਧੀਰਮੱਲ ਅਤੇ ਕੀਰਤਪੁਰ ਦੇ ਦੂਸਰੇ ਸੋਢੀਆਂ ਤੋਂ ਦੂਰ ਹੋ ਗਏ ਅਤੇ ਬਕਾਲੇ ਜਾ ਕੇ ਉਹਨਾਂ ਨੇ ਆਪਣੇ ਧਾਰਮਿਕ ਆਗੂ ਨੂੰ ਲੱਭ ਲਿਆ।

ਗੁਰੂ ਹਰ ਕ੍ਰਿਸ਼ਨ ਜੀ ਨੇ ਆਪਣੀ ਨਿਰਸਵਾਰਥ ਅਤੇ ਸ਼ਰਧਾ ਸੇਵਾ ਭਾਵਨਾ ਨਾਲ ਬਹੁਤ ਸਾਰੇ ਸਿੱਖਾਂ ਨੂੰ ਸਿੱਖ ਧਰਮ ਨਾਲ ਜੋੜਿਆ। ਦਿੱਲੀ ਵਿੱਚ ਉਹਨਾਂ ਨੇ ਦੋ ਮਹਾਂਮਾਰੀਆਂ ਹੈਜ਼ੇ ਅਤੇ ਚੇਚਕ ਦੌਰਾਨ ਖੁਦ ਘਰ-ਘਰ ਜਾ ਕੇ ਲੋਕਾਂ ਨੂੰ

ਦੇਖਿਆ ਸੰਭਾਲਿਆ, ਦੁੱਖ ਦੂਰ ਕੀਤੇ ਅਤੇ ਦੁਆ ਦੇ ਨਾਲ-ਨਾਲ ਦਵਾਈਆਂ ਵੀ ਦਿੱਤੀਆਂ। ਦੁਖੀ ਮਨੁੱਖਤਾ ਨੂੰ ਸੰਭਾਲਦੇ ਅਤੇ ਛੂਤ ਦੀਆਂ ਇਹਨਾਂ ਬਿਮਾਰੀਆਂ ਦਾ ਇਲਾਜ ਕਰਦੇ ਹੋਏ ਉਹ ਆਪ ਚੇਚਕ ਦਾ ਸ਼ਿਕਾਰ ਹੋ ਗਏ। ਦਿੱਲੀ ਦੇ ਸਿੱਖ ਗੁਰੂ ਹਰਕ੍ਰਿਸ਼ਨ ਜੀ ਦੇ ਪਵਿੱਤਰ ਅਤੇ ਸੰਤਾਂ ਵਾਲੇ ਕੰਮਾਂ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਗੁਰੂ ਜੀ ਨੂੰ ਸੱਚੇ ਗੁਰੂ ਦੇ ਰੂਪ ਵਿੱਚ ਸਵੀਕਾਰ ਕੀਤਾ। ਉਹਨਾਂ ਨੇ ਰਾਮ ਰਾਇ ਅਤੇ ਉਸਦੇ ਮਨਮੁਖ ਸੁਭਾਅ ਦੇ ਮਸੰਦਾਂ ਤੋਂ ਮੁੱਖ ਮੋੜ ਲਿਆ ਅਤੇ ਇਸ ਨਾਲ ਸਿੱਖ ਧਰਮ ਨੂੰ ਏਕਤਾ, ਬਲ ਅਤੇ ਵੱਡੀ ਵਡਿਆਈ ਮਿਲੀ।

ਅੱਠਵੇਂ ਗੁਰੂ ਹਰ ਕ੍ਰਿਸ਼ਨ ਛੋਟੀ ਅਵਸਥਾ ਵਿੱਚ ਹੀ ਬਿਰਧ ਗਿਆਨ ਵਾਲੇ ਸਨ, ਉਹ ਤਾਂ ਸਗੋਂ ਰੱਬੀ ਜੋਤ ਸਨ। ਰੱਬੀ ਜੋਤ ਜਿਸ ਵਿੱਚ ਦਾਖਲ਼ ਹੋ ਜਾਂਦੀ ਹੈ ਉਹ ਹੀ ਗੁਰੂ ਅਖਾਵਾਉਣ ਤੇ ਮੰਨਣ ਦਾ ਅਧਿਕਾਰੀ ਹੈ। ਸਤਿਬੀਰ ਸਿੰਘ 'ਅਸ਼ਟਮ ਬਲਬੀਰਾ' ਵਿੱਚ ਲਿਖਦੇ ਹਨ ਕਿ ਗੁਰੂ ਜੋਤ ਅੱਗੇ ਰਿਸ਼ਤੇ ਨਾਤੇ ਕੋਈ ਮੁੱਲ ਨਹੀਂ ਰੱਖਦੇ। ਸਿੱਖ ਘਰ ਵਿਅਕਤੀ ਪ੍ਰਧਾਨ ਨਹੀਂ, ਸ਼ਬਦ ਤੇ ਹੁਕਮ ਪ੍ਰਧਾਨ ਹੈ। ਸਿੱਖ ਧਰਮ ਵਿੱਚ ਗੁਰੂ ਦੇ ਸਚਖੰਡ ਜਾਣ ਵੇਲੇ ਵੀ 'ਜੋਤੀ ਜੋਤ ਸਮਾਉਣਾ' ਕਿਹਾ ਜਾਂਦਾ ਹੈ। ਇਹ ਨਾ ਅਕਾਲ ਚਲਾਣਾ ਹੈ, ਨਾ ਚੜ੍ਹਾਈ ਹੈ ਅਤੇ ਨਾ ਹੀ ਮੌਤ ਹੈ। ਗੁਰੂ ਜੋਤ ਆਪੇ ਆਪ ਹੈ, ਉਹ ਕਿਸੇ ਸਹਾਰੇ ਜਾਂ ਆਸਰੇ ਨਹੀਂ, ਗੁਰੂ ਜੋਤ ਨੂੰ ਕਦੇ ਮੱਧਮ ਨਹੀਂ ਹੋਣ ਦਿੰਦਾ।

# ਸ਼੍ਰੀ ਗੁਰੂ ਤੇਗ਼ ਬਹਾਦਰ ਜੀ

'ਤੇਗ ਬਹਾਦਰ ਸਿਮਰੀਐ ਘਰ ਨੌਂ ਨਿਧ ਆਏ ਧਾਇ।।'

ਅਠਾਰਾਂ ਅਪ੍ਰੈਲ 1622 ਈ. ਨੂੰ ਸਿੱਖਾਂ ਦੇ ਨੌਂਵੇਂ ਗੁਰੂ ਤੇਗ ਬਹਾਦਰ ਦਾ ਜਨਮ ਅੰਮ੍ਰਿਤਸਰ ਵਿਖੇ ਗੁਰੂ ਕਾ ਮਹੱਲ ਵਿੱਚ ਹੋਇਆ। ਆਪ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਪੁੱਤਰ ਸਨ। ਇਹਨਾਂ ਦੀ ਮਾਤਾ ਦਾ ਨਾਂ ਨਾਨਕੀ ਸੀ ਉਹ ਸ਼ੁਰੂ ਤੋਂ ਹੀ ਸ਼ਾਂਤ ਸੁਭਾਅ ਦੇ ਮਾਲਕ ਸਨ ਅਤੇ ਪ੍ਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ। ਉਹ ਸੰਸਾਰਿਕ ਕੰਮਾਂ ਵਿੱਚ ਦਿਲਚਸਪੀ ਨਹੀਂ ਰੱਖਦੇ ਸਨ। ਪਿਤਾ ਗੁਰੂ ਹਰਗੋਬਿੰਦ ਦੀ ਮੌਤ ਤੋਂ ਬਾਅਦ ਉਹ ਆਪਣੀ ਮਾਤਾ ਨਾਲ 'ਬਕਾਲਾ' ਵਿਖੇ ਰਹਿਣ ਲੱਗੇ ਅਤੇ ਉੱਥੇ ਉਹਨਾਂ ਨੇ ਬਹੁਤ ਸਾਲ ਇਕਾਂਤਵਸ ਜੀਵਨ ਬਤੀਤ ਕੀਤਾ। ਗੁਰੂ ਹਰ ਗੋਬਿੰਦ ਸਾਹਿਬ ਨੇ ਉਹਨਾਂ ਨੂੰ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਦੀ ਦੇਖ ਰੇਖ ਵਿੱਚ ਪੜ੍ਹਾਈ ਲਈ ਛੱਡ ਦਿੱਤਾ। ਜਿਹਨਾਂ ਨੇ ਸਿੱਖਿਆ ਦੇ ਨਾਲ-ਨਾਲ ਤੇਗ ਬਹਾਦਰ ਨੂੰ ਤੀਰ-ਅੰਦਾਜੀ, ਘੋੜ-ਸਵਾਰੀ ਤੇ ਲੜਾਈ ਦੇ ਗੁਰ ਵੀ ਸਮਝਾਏ। ਗੁਰੂ ਤੇਗ ਬਹਾਦਰ ਨੂੰ ਪੁਰਾਣੀਆਂ ਸਾਖੀਆਂ ਅਤੇ ਗੁਰਬਾਣੀ ਵਿੱਚ ਵੀ ਨਿਪੁੰਨ ਕੀਤਾ ਗਿਆ। ਉਹਨਾਂ ਨੇ ਦੋਹਾਂ ਖੇਤਰਾਂ ਵਿੱਚ ਖ਼ਾਸ ਦਿਲਚਸਪੀ ਦਿਖਾਈ ਅਤੇ ਨਿਪੁੰਨਤਾ ਹਾਸਲ ਕੀਤੀ। ਗੁਰੂ ਤੇਗ ਬਹਾਦਰ ਦੇ ਬਕਾਲਾ ਰਹਿੰਦੇ ਸਮੇਂ ਹੀ ਗੁਰੂ ਹਰ ਰਾਇ ਅਤੇ ਗੁਰੂ ਹਰਕ੍ਰਿਸ਼ਨ ਜੀ ਨੂੰ ਗੁਰੂਆਈ ਮਿਲ ਚੁੱਕੀ ਸੀ ਪਰ ਗੁਰੂ ਤੇਗ ਬਹਾਦਰ ਨੇ ਗੁਰਗੱਦੀ ਲੈਣ ਵਿੱਚ ਵੀ ਕੋਈ ਉਤਸ਼ਾਹ ਨਹੀਂ ਦਿਖਾਇਆ।

ਗੁਰੂ ਤੇਗ ਬਹਾਦਰ ਜੀ ਦੀ ਸ਼ਾਦੀ ਮਾਤਾ ਗੁਜਰੀ ਜੀ ਨਾਲ ਹੋਈ। ਉਹ ਕਰਤਾਰਪੁਰ ਦੇ ਰਹਿਣ ਵਾਲੇ ਲਾਲਚੰਦ ਖੱਤਰੀ ਦੀ ਧੀ ਸਨ। ਉਸ ਸਮੇਂ ਗੁਰੂ ਜੀ ਦੀ ਉਮਰ ਗਿਆਰਾਂ ਸਾਲ ਸੀ। ਸ਼ਾਦੀ ਤੋਂ ਬਹੁਤ ਸਮਾਂ ਬਾਅਦ 1666 ਈ. ਨੂੰ ਉਹਨਾਂ ਦੇ ਘਰ ਬਾਲ ਗੋਬਿੰਦ ਦਾ ਜਨਮ ਹੋਇਆ ਜੋ ਸਿੱਖ ਧਰਮ ਦੇ ਦਸਵੇਂ ਗੁਰੂ ਬਣੇ।

ਗੁਰੂ ਹਰ ਕ੍ਰਿਸ਼ਨ ਜੀ ਅੱਠਵੇਂ ਸਿੱਖ ਗੁਰੂ ਜੀ ਛੋਟੀ ਉਮਰ ਵਿੱਚ ਹੀ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਨੇ ਅਗਲੇ ਵਾਰਸ ਲਈ ਸਿਰਫ਼ ਇਸ਼ਾਰਾ ਹੀ ਕੀਤਾ ਅਤੇ ਕਿਹਾ, 'ਬਾਬਾ ਬਕਾਲੇ'। ਸਿੱਖਾਂ ਲਈ ਇਹ ਇਸ਼ਾਰਾ ਸਮਝਣਾ ਮੁਸ਼ਕਿਲ ਹੋ ਗਿਆ ਸੀ ਕਿਉਂਕਿ ਸੋਢੀ ਖਾਨਦਾਨ ਵਿੱਚੋਂ 22 ਜਣੇ ਆਪਣੇ ਆਪ ਗੁਰੂ ਬਣ

ਬੈਠੇ ਅਤੇ ਸਿੱਖਾਂ ਤੋਂ ਚੜ੍ਹਾਵਾ ਲੈਣ ਲੱਗੇ। ਕੁੱਝ ਸਿਆਣੇ ਸਿੱਖਾਂ ਨੇ ਮਸਲੇ ਦਾ ਹੱਲ ਕੱਢਿਆ। ਗੁਰੂ ਤੇਗ ਬਹਾਦਰ ਗੁਰੂ ਹਰ ਕ੍ਰਿਸ਼ਨ ਦੇ ਬਾਬਾ ਜੀ ਸਨ, ਇਸ ਲਈ ਬਾਲ-ਗੁਰੂ ਦਾ ਇਸ਼ਾਰਾ ਉਹਨਾਂ ਵੱਲ ਹੀ ਸੀ। ਉਹ ਮੱਖਣ ਸ਼ਾਹ ਲੁਬਾਣਾ ਦੀ ਅਗਵਾਈ ਵਿੱਚ ਗੁਰੂ ਤੇਗ ਬਹਾਦਰ ਕੋਲ 'ਬਕਾਲਾ' ਗਏ ਤੇ ਉਹਨਾਂ ਨੂੰ ਗੁਰਗੱਦੀ ਗ੍ਰਹਿਣ ਕਰਨ ਲਈ ਕਿਹਾ। ਪਰ ਗੁਰੂ ਜੀ ਨੂੰ ਸੰਸਾਰਿਕ ਖੁਸ਼ੀਆਂ ਨਾਲ ਕੋਈ ਮੋਹ ਨਹੀਂ ਸੀ, ਉਹ ਇਹਨਾਂ ਖੁਸ਼ੀਆਂ ਨੂੰ ਛਲਾਵਾ ਸਮਝਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਇਹ ਚੀਜ਼ਾਂ ਦੁੱਖ ਤਕਲੀਫਾਂ ਹੀ ਦਿੰਦੀਆਂ ਹਨ। ਉਹ ਗੰਭੀਰ ਮੁਦਰਾ ਵਿੱਚ ਰਹਿੰਦੇ ਅਤੇ ਸਮਾਧੀ ਵਿੱਚ ਲੀਨ ਹੋ ਜਾਂਦੇ। ਗੁਰੂ-ਪਿਤਾ ਨੂੰ ਇੱਕ ਵਾਰ ਗੁਰੂ-ਮਾਤਾ ਨੇ ਤੇਗ ਬਹਾਦਰ ਦੇ ਇਸ ਸੁਭਾਅ ਬਾਰੇ ਚਿੰਤਾ ਵੀ ਜ਼ਾਹਰ ਕੀਤੀ ਸੀ।ਗੁਰੂ ਜੀ ਨੇ ਦੱਸਿਆ ਸੀ ਕਿ ਤੇਗ ਬਹਾਦਰ ਵੱਡੇ ਅਧਿਆਤਮਕ ਤੇ ਧਾਰਮਕ ਗੁਰੂ ਬਣਨਗੇ ਤੇ ਲੋੜ ਪੈਣ 'ਤੇ ਧਰਮ ਲਈ ਜੀਵਨ ਵੀ ਕੁਰਬਾਨ ਕਰ ਦੇਣਗੇ। ਭਾਈ ਮੱਖਣ ਸ਼ਾਹ, ਗੁਰੂ ਮਾਤਾ ਤੇ ਹੋਰ ਸਿੱਖਾਂ ਦੇ ਜ਼ੋਰ ਪਾਉਣ 'ਤੇ ਗੁਰੂ ਤੇਗ ਬਹਾਦਰ ਜੀ ਨੇ ਗੁਰਗੱਦੀ ਲੈਣੀ ਸਵੀਕਾਰ ਕਰ ਲਈ ਉਸ ਵੇਲੇ ਉਹਨਾਂ ਦੀ ਉਮਰ 44 ਸਾਲ ਸੀ। ਗੁਰੂ ਜੀ ਦੀ ਚੋਣ ਕਰਕੇ ਗੁਰਗੱਦੀ ਤੇ ਬਿਠਾਉਣ ਕਰਕੇ ਸਿੱਖ ਸੰਗਤਾਂ ਅਨੰਦਮਈ ਅਵਸਥਾ ਵਿੱਚ ਆ ਗਈਆਂ। ਮੱਖਣ ਸ਼ਾਹ ਨੇ ਉੱਚੀ ਆਵਾਜ਼ ਵਿੱਚ ਕਿਹਾ, 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ'।

ਧੀਰਮੱਲ ਦੇ ਵਿਰੋਧ ਕਰਨ ਤੇ ਗੁਰੂ ਤੇਗ ਬਹਾਦਰ ਅੰਮ੍ਰਿਤਸਰ ਚਲੇ ਗਏ। ਇਥੇ ਵੀ ਪ੍ਰਿਥੀ ਚੰਦ ਦੇ ਵਾਰਸਾਂ ਅਤੇ ਕੁੱਝ ਭ੍ਰਿਸ਼ਟ ਮਸੰਦਾਂ ਨੇ ਮਿਲਕੇ ਗੁਰੂ ਜੀ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਨਾ ਦਿੱਤੇ। ਉਹ ਕੁਝ ਸਮਾਂ ਕਰਤਾਰਪੁਰ ਰਹੇ ਜਿੱਥੇ ਉਹਨਾਂ ਨੇ ਇੱਕ ਕਿਲੇ ਦੀ ਉਸਾਰੀ ਕਰਵਾਈ। ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਆਉਣ ਲੱਗੀਆਂ। ਗੁਰੂ ਜੀ ਭਗਤੀ ਦੇ ਨਾਲ-ਨਾਲ ਦਰਬਾਰ ਵੀ ਲਾਉਂਦੇ ਅਤੇ ਸਿੱਖਾਂ ਨੂੰ ਗੁਰਬਾਣੀ ਦੀ ਦਾਤ ਵੀ ਬਖਸ਼ਦੇ। ਗੁਰੂ ਜੀ ਕੀਰਤਪੁਰ ਜਾ ਕੇ ਰਹਿਣਾ ਚਾਹੁੰਦੇ ਸਨ। ਪਰ ਇੱਥੇ ਮਾਹੌਲ ਸੁਖਾਵਾਂ ਨਹੀਂ ਸੀ। ਸੋਢੀਆਂ ਦੇ ਵਿਰੋਧ ਕਾਰਨ ਕੀਰਤਪੁਰ ਰਹਿਣਾ ਝਮੇਲੇ ਵਿੱਚ ਪੈਣਾ ਸੀ ਜਦਕਿ ਇਹ ਗੁਰੂ ਜੀ ਦੇ ਸੁਭਾਅ ਦੇ ਅਨੁਕੂਲ ਨਹੀਂ ਸੀ।

ਗੁਰੂ ਤੇਗ ਬਹਾਦਰ ਨੇ ਕਹਿਲੂਰ ਦੇ ਰਾਜਾ ਤੋਂ ਜ਼ਮੀਨ ਖਰੀਦੀ ਅਤੇ ਕੀਰਤਰਪੁਰ ਤੋਂ ਛੇ ਕਿਲੋਮੀਟਰ ਦੀ ਦੂਰੀ 'ਤੇ 'ਅਨੰਦਪੁਰ' ਨਾਂ ਦਾ ਸ਼ਹਿਰ ਵਸਾਇਆ। ਸ਼ਹਿਰ ਦੀ ਉਸਾਰੀ ਲਈ ਸਿੱਖ ਸੰਗਤਾਂ ਦੂਰੋਂ ਨੇੜਿਓ ਇੱਥੇ ਆ ਕੇ ਯੋਗਦਾਨ ਪਾਉਣ ਲੱਗੀਆਂ। ਸਿੱਖ ਅਨੰਦਪੁਰ ਸਾਹਿਬ ਵਿਖੇ ਬਸੇਰੇ ਬਣਾ ਕੇ ਰਹਿਣ ਲੱਗੇ। ਥੋੜੇ ਸਮੇਂ ਬਾਅਦ ਉਹ ਸੰਗਤਾਂ ਨੂੰ ਉਪਦੇਸ਼ ਦਿੰਦੇ ਹੋਏ ਦਿੱਲੀ ਪਹੁੰਚੇ। ਇੱਥੇ ਦੀਆਂ ਸਿੱਖ ਸੰਗਤਾਂ ਬਹੁਤ ਖੁਸ਼ ਹੋਈਆਂ। ਔਰੰਗਜੇਬ ਦੇ ਦਰਬਾਰੀ ਰਾਜਾ ਜੈ ਸਿੰਘ ਤੇ ਕੰਵਰ

ਰਾਮ ਸਿੰਘ, ਜੋ ਗੁਰੂ ਜੀ ਦੇ ਬਹੁਤ ਹੀ ਸ਼ਰਧਾਲੂ ਸਨ, ਮਿਲਕੇ ਬਹੁਤ ਪ੍ਰਸੰਨ ਹੋ ਗਏ। ਗੁਰੂ ਜੀ ਇੱਥੋਂ ਪਟਨਾ ਚਲੇ ਗਏ। ਪਰਿਵਾਰ ਨੂੰ ਪਟਨਾ ਛੱਡ ਕੇ ਗੁਰੂ ਜੀ ਅਸਾਮ (ਕਾਮਰੂਪ) ਦੀ ਯਾਤਰਾ 'ਤੇ ਨਿਕਲ ਗਏ। ਇਥੇ ਰਾਜਾ ਰਾਮ ਸਿੰਘ ਦੀ ਅਗਵਾਈ ਵਿੱਚ ਮੁਗਲ ਫੌਜ ਅਤੇ ਕਾਮਰੂਪ ਦੇ ਰਾਜਾ ਵਿੱਚ ਹਥਿਆਰਬੰਦ ਟਕਰਾਅ ਨੂੰ ਗੁਰੂ ਜੀ ਨੇ ਗੱਲਬਾਤ ਰਾਹੀਂ ਖਤਮ ਕੀਤਾ। ਅਸਾਮ ਵਿੱਚ ਧੁਬਰੀ ਦੇ ਸਥਾਨ ਤੇ ਗੁਰੂ ਜੀਨੂੰ ਆਪਣੇ ਘਰ 'ਬਾਲ ਗੋਬਿੰਦ ਰਾਏ' ਦੇ ਜਨਮ ਬਾਰੇ ਪਤਾ ਲੱਗਿਆ। ਅਸਾਮ ਵਿੱਚ ਗੁਰੂ ਤੇਗ ਬਹਾਦਰ ਗੁਰੂ ਨਾਨਕ ਦੇਵ ਜੀ ਦੁਆਰਾ ਵਰੋਸਏ ਹੋਏ ਸਥਾਨਾਂ 'ਤੇ ਵੀ ਗਏ ਅਤੇ ਫਿਰ ਪਟਨਾ ਆ ਗਏ।

ਕੁੱਝ ਸਮਾਂ ਬਤੀਤ ਕਰਕੇ ਗੁਰੂ ਜੀ ਭਾਈ ਮਤੀ ਦਾਸ ਅਤੇ ਕੁੱਝ ਸਿੱਖਾਂ ਦੇ ਨਾਲ ਅਨੰਦਪੁਰ ਸਾਹਿਬ ਆ ਗਏ। ਅਨੰਦਪੁਰ ਦੀਆਂ ਸੰਗਤਾਂ ਨੇ ਗੁਰੂ ਜੀ ਦੇ ਆਉਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਜਲਦੀ ਹੀ ਉਹਨਾਂ ਨੇ ਆਪਣੇ ਪਰਿਵਾਰ ਨੂੰ ਵੀ ਅਨੰਦਪੁਰ ਬੁਲਵਾ ਲਿਆ ਜਿੱਥੇ ਬਾਲ ਗੋਬਿੰਦ ਰਾਏ ਦੀ ਸਿੱਖਿਆ ਦਾ ਯੋਗ ਪ੍ਰਬੰਧ ਕੀਤਾ ਗਿਆ। ਕੀਰਤਪੁਰਸ ਅਨੰਦਪੁਰ ਦੇ ਨੇੜੇ ਹੀ ਇੱਕ ਹੋਰ ਕਸਬਾ ਮਾਖੋਵਾਲ ਦੀ ਸਥਾਪਨਾ ਕੀਤੀ ਗਈ। ਗੁਰੂ ਤੇਗ ਬਹਾਦਰ ਜੀ ਨੇ ਸਿੱਖਾਂ ਨੂੰ ਸੰਗਠਿਤ ਕਰਨ ਲਈ ਅਤੇ ਧਰਮ ਦੀ ਸਥਾਪਨਾ ਦੇ ਉਦੇਸ਼ ਨੂੰ ਲੈ ਕੇ ਹਿੰਦੂ ਧਰਮ ਦੇ ਕੇਂਦਰਾਂ ਦਾ ਵੀ ਦੌਰਾ ਕੀਤਾ। ਥਾਨੇਸਰ, ਪਿਹੋਵਾ ਤੇ ਸੈਫਾਬਾਦ ਥਾਵਾਂ 'ਤੇ ਜਾ ਕੇ ਲੋਕਾਂ ਦੇ ਦੁੱਖ ਦਰਦ ਦੂਰ ਕੀਤੇ।

ਇਸ ਸਮੇਂ ਦਾ ਮੁਗਲ ਬਾਦਸ਼ਾਹ ਔਰੰਗਜੇਬ ਬਹੁਤ ਕੱਟੜ ਮੁਸਲਮਾਨ ਬਾਦਸ਼ਾਹ ਸੀ। ਉਸੇ ਆਪਣੇ ਭਰਾਵਾਂ ਨੂੰ ਮਾਰ ਕੇ ਅਤੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰਕੇ ਰਾਜ-ਭਾਗ ਸੰਭਾਲਿਆ ਸੀ। ਉਸਦਾ ਵਿਚਾਰ ਸੀ ਕਿ ਉਹ ਇਸਲਾਮ ਰਾਜ ਕਾਇਮ ਕਰੇਗਾ। ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਹਿੰਦੂਆਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ 'ਤੇ ਭਾਰੇ ਟੈਕਸ ਲਾ ਦਿੱਤੇ ਅਤੇ ਜਨੇਊ ਲਹਾ ਕੇ ਧਰਮ ਪਰਿਵਰਤਨ ਕਰਨਾ ਸ਼ੁਰੂ ਕਰ ਦਿੱਤਾ। ਹਿੰਦੂਆਂ ਲਈ ਇਹ ਬੜਾ ਭਿਆਨਕ ਸਮਾਂ ਸੀ। ਕਸ਼ਮੀਰ ਦੇ ਪੰਡਤਾਂ ਨੂੰ ਵੀ ਚਿਤਾਵਨੀ ਦਿੱਤੀ ਗਈ ਕਿ ਉਹ ਜਾਂ ਤਾਂ ਇਸਲਾਮ ਕਬੂਲ ਕਰ ਲੈਣ ਜਾਂ ਫਿਰ ਸ਼ਾਹੀ ਹੁਕਮ ਨਾ ਮੰਨਣ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣ। ਪੰਡਤ ਕਿਰਪਾ ਰਾਮ ਦੀ ਅਗਵਾਈ ਵਿੱਚ ਕਸ਼ਮੀਰੀ ਪੰਡਿਤਾਂ ਨੇ ਅਨੰਦਪੁਰ ਆ ਕੇ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਕੀਤੀ। ਗੁਰੂ ਜੀ ਵਿਚਾਰਵਾਨ ਹੋ ਗਏ। ਗੁਰੂ ਜੀ ਨੂੰ ਸੋਚਾਂ ਵਿੱਚ ਪਏ ਦੇਖਕੇ ਬਾਲ ਗੋਬਿੰਦ ਰਾਏ ਨੇ ਇਸਦਾ ਕਾਰਨ ਪੁੱਛਿਆ, ਤਾਂ ਗੁਰੂ-ਪਿਤਾ ਨੇ ਕਿਹਾ ਕਿ 'ਇਸ ਸਮੇਂ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦੀ ਲੋੜ ਹੈ।' ਬਾਲ ਗੋਬਿੰਦ ਰਾਏ ਨੇ ਕਿਹਾ ਕਿ ਤੁਹਾਡੇ ਤੋ ਵੱਡਾ ਮਹਾਪੁਰਸ਼ ਹੋਰ ਕੌਣ ਹੋ ਸਕਦਾ ਹੈ? ਗੁਰੂ ਤੇਗ ਬਹਾਦਰ ਨੂੰ ਬਾਲ ਗੋਬਿੰਦ

ਰਾਏ ਦੇ ਸ਼ਬਦਾਂ ਵਿੱਚ ਸਿਆਣਿਆਂ ਜਿਹੀ ਦ੍ਰਿੜਤਾ ਤੇ ਪਕਿਆਈ ਦਿਸੀ। ਉਹਨਾਂ ਨੇ ਪੰਡਤਾਂ ਨੂੰ ਕਿਹਾ ਕਿ ਔਰੰਗਜੇਬ ਨੂੰ ਜਾ ਕੇ ਕਹੋ ਕਿ ਉਹ ਪਹਿਲਾਂ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੇ ਫਿਰ ਉਹ ਵੀ ਮੁਸਲਮਾਨ ਬਣਨ ਲਈ ਰਾਜ਼ੀ ਹੋ ਜਾਣਗੇ।

ਗੁਰੂ ਤੇਗ ਬਹਾਦਰ ਜੀ ਨੇ ਪੰਜ ਸਿੱਖਾਂ ਖਾਸ ਕਰਕੇ ਭਾਈ ਮਤੀ ਦਾਸ, ਸਤੀ ਦਾਸ, ਦਿਆਲਾ ਆਦਿ ਨਾਲ ਦਿੱਲੀ ਨੂੰ ਚਾਲੇ ਪਾ ਦਿੱਤੇ। ਗੁਰੂ ਜੀ ਨੂੰ ਪਤਾ ਲੱਗ ਗਿਆ ਸੀ ਕਿ ਉਹ ਜਿਉਂਦੇ ਜੀ ਵਾਪਸ ਨਹੀਂ ਆ ਸਕਣਗੇ। ਇਸ ਲਈ ਤੁਰਨ ਤੋਂ ਪਹਿਲਾਂ ਗੁਰਗੱਦੀ ਬਾਲ ਗੋਬਿੰਦ ਰਾਏ ਨੂੰ ਸੌਂਪ ਦਿੱਤੀ ਸੀ, ਜਿਹਨਾਂ ਦੀ ਉਮਰ ਉਸ ਸਮੇਂ ਸਿਰਫ ਨੌਂ ਸਾਲ ਸੀ। ਰੋਪੜ ਦੇ ਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੂੰ ਮੁਗਲ ਸਰਕਾਰ ਦੇ ਕਰਮਚਾਰੀਆਂ ਨੇ ਗ੍ਰਿਫਤਾਰ ਕਰ ਲਿਆ। ਉਹਨਾਂ ਨੂੰ ਦਿੱਲੀ ਲਿਜਾ ਕੇ ਔਰੰਗਜੇਬ ਦੇ ਸਾਹਮਣੇ ਪੇਸ਼ ਕੀਤਾ ਗਿਆ। ਔਰੰਗਜੇਬ ਨੇ ਗੁਰੂ ਜੀ ਨੂੰ ਕਿਹਾ ਕਿ ਉਹ ਜਾਂ ਧਰਮ ਬਦਲਣਾ ਕਬੂਲ ਕਰਨ ਜਾਂ ਮੌਤ। ਗੁਰੂ ਜੀ ਨੇ ਮੌਤ ਨੂੰ ਚੁਣਿਆ। ਉਹਨਾਂ ਦੇ ਸਾਥੀਆਂ ਨੂੰ ਉਹਨਾਂ ਦੀ ਅੱਖਾਂ ਸਾਹਮਣੇ ਤਸੀਹੇ ਦੇ ਕੇ ਮਾਰਿਆ ਗਿਆ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਦਿਆਲਾ ਨੂੰ ਦੇਗ ਵਿੱਚ ਉਬਾਲਿਆ ਗਿਆ ਅਤੇ ਭਾਈ ਸਤੀ ਦਾਸ ਨੂੰ ਉਹਦੇ ਸਰੀਰ ਦੁਆਲੇ ਰੂੰ ਬੰਨ ਕੇ ਅੱਗ ਲਾ ਕੇ ਸਾੜ ਦਿੱਤਾ ਗਿਆ। ਪਰ ਉਹਨਾਂ ਗੁਰੂ ਦੇ ਸਿੱਖਾਂ ਨੇ ਸੀ ਨਾ ਕੀਤੀ ਤੇ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ।

ਹੁਣ ਗੁਰੂ ਜੀ ਦੀ ਵਾਰੀ ਸੀ। ਜੱਲਾਦ ਜਲਾਲੂਦੀਨ ਨੇ ਤਲਵਾਰ ਨਾਲ ਗੁਰੂ ਜੀ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਇਹ ਗਿਆਰਾਂ ਨਵੰਬਰ 1675 ਈ. ਦਿਨ ਸੀ। ਇਸ ਸਮੇਂ ਬਹੁਤ ਸਾਰੇ ਲੋਕਾਂ ਦਾ ਇਕੱਠ ਸੀ। ਦਿੱਲੀ ਦੇ ਚਾਂਦਨੀ ਚੌਂਕ ਨਾਮਕ ਸਥਾਨ 'ਤੇ ਇਹ ਦਿੱਲ ਕੰਬਾਊ ਹੱਤਿਆਵਾਂ ਕੀਤੀਆਂ ਗਈਆਂ। ਗੁਰੂ ਜੀ ਕੋਲੋਂ ਇਕ ਪਰਚੀ ਮਿਲੀ ਜਿਸ 'ਤੇ ਲਿਖਿਆ ਸੀ, "ਸੀਸ ਦੀਆ ਪਰੁ ਸਿਰਰੁ ਨਾ ਦੀਆ"। ਇਸਦਾ ਮਤਲਬ ਸੀ ਕਿ ਆਪਣਾ ਸਿਰ ਦੇ ਦਿੱਤਾ ਪਰ ਧਰਮ ਨਹੀਂ ਛੱਡਿਆ। ਇਸ ਸਮੇਂ ਭਾਈ ਜੈਤਾ ਸੀ ਨੇ, ਜੋ ਗੁਰੂ ਘਰ ਦਾ ਅਨਿਨ ਸਿੱਖ ਸੀ, ਕਾਹਲੀ ਨਾਲ ਗੁਰੂ ਤੇਗ ਬਹਾਦਰ ਦਾ ਸੀਸ ਉਠਾਇਆ ਤੇ ਅਨੰਦਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ। ਭਾਈ ਲੱਖੀ ਸ਼ਾਹ ਵਣਜਾਰਾ ਨੇ ਬਾਕੀ ਸਰੀਰ ਨੂੰ ਚੁੱਕ ਕੇ ਆਪਣੇ ਗੱਡਿਆਂ ਵਿੱਚ ਰੱਖੇ ਮਾਲ ਵਿੱਚ ਛੁਪਾ ਦਿੱਤਾ। ਸ਼ਹਿਰ ਤੋਂ ਬਾਹਰਵਾਰ ਆ ਕਿ ਉਸਨੇ ਆਪਣੀ ਝੌਂਪੜੀ ਵਿੱਚ ਰੱਖ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕਰ ਦਿੱਤਾ ਜਿਸ ਵਿੱਚ ਝੌਂਪੜੀ ਨੂੰ ਵੀ ਅੱਗ ਲਾਉਣੀ ਪਈ। ਜਿਸ ਥਾਂ 'ਤੇ ਗੁਰੂ ਜੀ ਦੀ ਸ਼ਹੀਦੀ ਹੋਈ ਉਥੇ ਅੱਜ ਗੁਰਦੁਆਰਾ ਸੀਸ ਗੰਜ ਹੈ ਅਤੇ ਜਿੱਥੇ ਉਹਨਾਂ ਦੇ ਧੜ ਦਾ ਸਸਕਾਰ ਕੀਤਾ ਗਿਆ ਉੱਥੇ "ਰਕਾਬ ਗੰਜ" ਗੁਰੂਦੁਆਰਾ ਸਾਹਿਬ ਹੈ।

ਰੰਘਰੇਟਾ ਸਿੱਖ ਭਾਈ ਜੈਤਾ ਨੇ ਅਨੰਦਪੁਰ ਸਾਹਿਬ ਜਾ ਕੇ ਗੁਰੂ ਜੀ ਦਾ ਸੀਸ ਉਹਨਾਂ ਦੇ ਸਪੁੱਤਰ ਗੁਰੂ ਗੋਬਿੰਦ ਰਾਏ ਨੂੰ ਸੌਂਪਿਆ ਅਤੇ ਉਹਨਾਂ ਨੇ ਅਦਬ ਪੂਰਬਕ ਸੀਸ ਗੋਦ ਵਿੱਚ ਲੈ ਕੇ ਉਸ ਦਾ ਸਸਕਾਰ ਕਰ ਦਿੱਤਾ। ਪੰਜਾਬ ਵਿੱਚ ਸੋਗ ਦੀ ਲਹਿਰ ਦੌੜ ਗਈ ਅਤੇ ਸਿੱਖ ਮੁਗਲਾਂ ਤੋਂ ਬਦਲਾ ਲੈਣ ਦੀਆਂ ਯੋਜਨਾਵਾਂ ਬਣਾਉਣ ਲੱਗੇ। ਗੁਰੂ ਗੋਬਿੰਦ ਰਾਏ ਨੇ ਇਸ ਸਮੇਂ ਕਿਹਾ-

'ਤੇਗ ਬਹਾਦਰ ਕੇ ਚਲਤ ਭਇਓ ਜਗਤ ਮੇ ਸ਼ੋਕ
ਹਾਇ ਹਾਇ ਹਾਇ ਸਭ ਜਗ ਭਇਓ ਜੈ ਜੈ ਜੈ ਗੁਰ ਲੋਕ॥'

('ਬਚਿੱਤਰ ਨਾਟਕ')

ਸੰਸਾਰ ਵਿੱਚ ਅਨੇਕਾਂ ਲੋਕ ਹੋਣਗੇ ਜਿਹਨਾਂ ਨੇ ਆਪਣੇ ਧਰਮ ਪਿੱਛੇ ਕੁਰਬਾਨੀ ਕੀਤੀ ਹੋਵੇ ਪਰ ਗੁਰੂ ਤੇਗ ਬਹਾਦਰ ਇਕੱਲੇ ਅਜਿਹੇ ਗੁਰੂ ਸਨ ਜਿਹਨਾਂ ਨੇ ਦੂਸਰੇ ਧਰਮ ਦੀ ਖਾਤਰ ਜਾਨ ਵਾਰੀ। ਉਹ ਰੱਬ ਦੀ ਰਜ਼ਾ ਵਿੱਚ ਰਹਿਣ ਵਾਲੇ ਇਨਸਾਨ ਸਨ ਅਤੇ ਉਹਨਾਂ ਦਾ ਵਿਚਾਰ ਸੀ ਕਿ ਇਸ ਸੰਸਾਰ ਵਿੱਤ ਕੁੱਝ ਵੀ ਸਥਿਰ ਨਹੀਂ ਸਭ ਚੱਲਣਹਾਰ ਹੈ, ਸਿਰਫ ਰੱਬ ਦਾ ਨਾਮ ਹੀ ਅਟੱਲ ਹੈ, ਇਸ ਦਾ ਜਾਪ ਕਰੋ ਤੇ ਸੰਸਾਰ ਦੇ ਦੁੱਖਾਂ ਤੋਂ ਛੁਟਕਾਰਾ ਪਾਓ। ਸਰੀਰ ਨਾਸ਼ਵਾਨ ਹੈ। ਬੇਸ਼ੱਕ ਗੁਰੂ ਤੇਗ ਬਹਾਦਰ ਜੀ ਤੇਗ ਦੇ ਧਨੀ ਸਨ। ਉਹਨਾਂ ਨੇ ਕਰਤਾਰਪੁਰ ਦੀ ਲੜਾਈ ਵਿੱਚ ਤੇਗ ਦੇ ਜੌਹਰ ਦਿਖਾਏ ਸਨ, ਜਿਸ ਕਰਕੇ ਉਹਨਾਂ ਦਾ ਨਾਂ ਤੇਗ ਮੱਲ ਤੋਂ ਬਦਲ ਕੇ ਗੁਰੂ ਹਰਗੋਬਿੰਦ ਸਾਹਿਬ ਨੇ ਤੇਗ ਬਹਾਦਰ ਰੱਖ ਦਿੱਤਾ ਸੀ। ਪਰ ਫਿਰ ਵੀ ਉਹ ਮਸਲਿਆਂ ਨੂੰ ਸ਼ਾਂਤੀਪੂਰਣ ਢੰਗ ਨਾਲ ਨਿਬੇੜਨ ਨੂੰ ਤਰਜੀਹ ਦਿੰਦੇ ਸੀ। ਉਹਨਾਂ ਨੇ ਸਿੱਖਾਂ ਨੂੰ ਗੁਰਬਾਣੀ ਨਾਲ ਜੋੜਨ ਦੇ ਨਾਲ ਗਰੀਬਾਂ ਦੀ ਮਦਦ ਕਰਨ, ਜਰੂਰਤਮੰਦ ਦੀ ਲੋੜ ਪੂਰੀ ਕਰਨ, ਮਿੱਠਾ ਬੋਲਣ ਅਤੇ ਸ਼ਾਂਤੀ ਰੱਖਣ ਲਈ ਵੀ ਨਸੀਹਤ ਦਿੱਤੀ।

ਗੁਰੂ ਤੇਗ ਬਹਾਦਰ ਜੀ ਉੱਚ ਕੋਟੀ ਦੇ ਕਵੀ ਸਨ। ਉਹਨਾਂ ਦੇ 115 ਸ਼ਲੋਕ ਗੁਰੂ ਗਰੰਥ ਸਾਹਿਬ ਵਿੱਚ ਦਰਜ ਹਨ ਜੋ 1705 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਮਲ ਕੀਤੇ ਸਨ। ਇਹ ਸ਼ਲੋਕ ਦੁੱਖ ਦੇ ਸਮੇਂ ਆਦਮੀ ਨੂੰ ਵੱਡੀ ਰਾਹਤ ਦਿੰਦੇ ਹਨ। ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਹੈ। ਗੁਰੂ ਸਾਹਿਬ ਦੀ ਸ਼ਹਾਦਤ ਦਾ ਸਿਧਾਂਤ ਤੇ ਪਰੰਪਰਾ ਸਿੱਖ ਧਰਮ ਦੀ ਨਿਵੇਕਲੀ ਪਹਿਚਾਣ ਬਣ ਗਈ ਹੈ। ਉਹਨਾਂ ਨੇ ਕੌਮ ਲਈ ਕੁਰਬਾਨੀ ਦੇ ਕੇ ਅਕਾਲ ਪੁਰਖ ਦੇ ਨੇੜੇ ਹੋਣ ਦਾ ਮੁਕਾਮ ਹਾਸਲ ਕੀਤਾ। ਇਹ ਸ਼ਹਾਦਤ ਧਾਰਮਕ ਨਿਆਂ ਲਈ ਸੀ ਮਾਨਵੀ ਕਦਰਾਂ ਕੀਮਤਾਂ ਅਤੇ ਜ਼ਮੀਰ ਦੀ ਅਜ਼ਾਦੀ ਲਈ ਸੀ, ਇਹ ਇੱਕ ਯੁੱਗ ਪਲਟਾਊ ਘਟਨਾ ਸੀ ਜੋ ਮੁਗਲ ਬਾਦਸ਼ਾਹ ਦੇ ਅੱਤਿਆਚਾਰ ਨੂੰ ਚੁੱਪ ਚਾਪ ਸਹਿਣ ਕਰ ਰਹੀ ਲੋਕਾਈ ਲਈ ਰਾਹ ਦਿਖਾਊ ਸੀ ਅਤੇ ਇੱਕ ਅਦੁੱਤੀ ਸਾਕਾ

ਸੀ। ਔਰੰਗਜ਼ੇਬ ਦੇ ਜਨੂੰਨੀ ਸੁਭਾਅ ਨੇ ਗੈਰ-ਮੁਸਲਮਾਨਾਂ ਖਾਸ ਕਰਕੇ ਹਿੰਦੂਆਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਸੀ। ਜਜ਼ੀਆ ਵਰਗੇ ਸਖਤ ਟੈਕਸ ਲਾ ਰੱਖੇ ਸਨ। ਮੁਸਲਮਾਨ ਅਧਿਕਾਰੀ ਹੋਰ ਵੀ ਲੁੱਟ-ਖਸੁੱਟ ਕਰ ਰਹੇ ਸਨ। ਇਹੋ ਜਿਹੇ ਸਮੇਂ ਗੁਰੂ ਤੇਗ ਬਹਾਦਰ ਜੀ ਦੀ ਇਹਨਾਂ ਮਜ਼ਲੂਮਾਂ ਦੀ ਅਗਵਾਈ ਕਰਨੀ ਬਹੁਤ ਹੀ ਸਾਹਸ ਤੇ ਜੋਖ਼ਮ ਭਰਿਆ ਕੰਮ ਸੀ ਜੋ ਗੁਰੂ ਜੀ ਨੇ ਆਪਣੀ ਜ਼ਿੰਦਗੀ ਦੇ ਕੇ ਸੰਪੂਰਣ ਕੀਤਾ।

ਇਸ ਸ਼ਹੀਦੀ ਨਾਲ ਹਿੰਦੂਆਂ ਤੇ ਸਿੱਖਾਂ ਦਾ ਸਵੈਮਾਣ ਵਧ ਗਿਆ। ਇਸ ਸ਼ਹਾਦਤ ਨੂੰ 'ਤਿਲਕ ਜੰਞੂ' ਦੀ ਰੱਖਿਆ ਲਈ ਦਿੱਤੀ ਸ਼ਹਾਦਤ ਕਿਹਾ ਜਾਂਦਾ ਹੈ। ਇਤਿਹਾਸ ਵਿੱਚ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਜਨੇਊ ਦੀ ਰਸਮ ਦਾ ਵਿਰੋਧ ਕੀਤਾ ਸੀ। ਉਹਨਾਂ ਨੇ ਪਾਂਡੇ ਨੂੰ ਦਇਆ, ਸੰਤੋਖ, ਜਤ ਤੇ ਸਤ ਦਾ ਜਨੇਊ ਬਣਾ ਕੇ ਪਹਿਨਾਉਣ ਲਈ ਆਦੇਸ਼ ਦਿੱਤਾ ਸੀ। ਇਹੀ ਜਨੇਊ ਔਰੰਗਜ਼ੇਬ ਹਿੰਦੂਆਂ ਤੋਂ ਉਸ ਸਮੇਂ ਲਹਾ ਰਿਹਾ ਸੀ। ਇਸੇ ਦੀ ਖਾਤਿਰ ਹੀ ਗੁਰੂ ਤੇਗ ਬਹਾਦਰ ਜੀ ਅੱਗੇ ਆਏ ਤੇ ਕੁਰਬਾਨੀ ਦਿੱਤੀ। ਪਰ ਇਹ ਸ਼ਹਾਦਤ ਧਰਮ ਦੀ ਅਜ਼ਾਦੀ ਲਈ ਦਿੱਤੀ ਗਈ। ਔਰੰਗਜ਼ੇਬ ਦੂਸਰੇ ਧਰਮਾਂ ਨੂੰ ਬਰਦਾਸ਼ਤ ਨਹੀਂ ਕਰਦਾ ਸੀ। ਰਾਜ ਵਿੱਚ ਦੂਜੇ ਧਰਮ ਵਾਲਿਆਂ ਲਈ ਪੂਜਾ ਪਾਠ ਦੀ ਮਨਾਹੀ ਸੀ। ਜੇਕਰ ਉਹ ਮੁਸਲਿਮ ਧਰਮ ਨਹੀਂ ਕਬੂਲ ਕਰਦੇ ਸਨ ਤਾਂ ਉਹਨਾਂ ਨੂੰ 'ਕਾਫਿਰ' ਗਰਦਾਨਿਆ ਜਾਂਦਾ ਸੀ ਅਤੇ ਜਬਰਦਸਤੀ ਧਰਮ ਪਰਿਵਰਤਨ ਕਰ ਦਿੱਤਾ ਜਾਂਦਾ ਸੀ। ਗੁਰੂ ਜੀ ਇਸ ਜ਼ੁਲਮ ਦੇ ਵਿਰੁੱਧ ਸਨ। ਉਹ ਇਸ ਤਰਾਂ ਦੇ ਮਾੜੇ ਮਨਸੂਬਿਆਂ ਵਾਲੇ ਬਾਦਸ਼ਾਹ ਦੀਆਂ ਇਹਨਾਂ ਨੀਤੀਆਂ ਨੂੰ ਨਫਰਤ ਕਰਦੇ ਸਨ। ਹਾਲਾਂਕਿ ਉਹ ਸ਼ਾਂਤ ਸੁਭਾਅ ਦੇ ਮਾਲਕ ਸਨ ਤੇ ਪ੍ਰਮਾਤਮਾ ਭਗਤੀ ਤੇ ਵਡਿਆਈ ਹੀ ਉਹਨਾਂ ਲਈ ਸਰਵਉੱਚ ਸੀ। ਕਿੰਨੇ ਸ਼ਾਲ ਇਸ ਦੀਨ-ਦੁਨੀਆ ਤੋਂ ਨਿਰਲੇਪ ਰਹਿ ਕੇ ਉਹਨਾਂ ਨੇ ਇਕਾਂਤ ਵਿੱਚ ਪ੍ਰਭੂ ਸਿਮਰਨ ਕੀਤਾ ਸੀ। ਪਰ ਸਵੈਮਾਣ ਅਤੇ ਆਤਮ ਸੂਰਮਗਤੀ ਵੀ ਉਹਨਾਂ ਦੇ ਚਰਿੱਤਰ ਦੀ ਖ਼ਾਸ ਵਿਸ਼ੇਸ਼ਤਾ ਸੀ।

ਜਿਸ ਤਰਾਂ ਪੰਜਵੇ ਗੁਰੂ ਅਰਜਨ ਦੇਵ ਦੇ ਬਲੀਦਾਨ ਤੋਂ ਬਾਅਦ ਛੇਵੇਂ ਗੁਰੂ ਹਰ ਗੋਬਿੰਦ ਸਾਹਬ ਨੇ ਹਥਿਆਰ ਉਠਾਏ ਅਤੇ ਜੁਲਮ ਦਾ ਟਾਕਰਾ ਕੀਤਾ ਉਸੇ ਤਰਾਂ ਦੀ ਸਥਿਤੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਪਿੱਛੋਂ ਬਣ ਗਈ। ਗੁਰੂ ਗੋਬਿੰਦ ਸਿੰਘ ਦਸਮ ਪਾਤਸ਼ਾਹ ਨੂੰ ਵੀ ਆਪਣੇ ਦਾਦਾ-ਗੁਰੂ ਵਾਲੇ ਰਸਤੇ 'ਤੇ ਚੱਲਣਾ ਪਿਆ। ਸਿੱਖੀ ਦਾ 'ਸੰਤ ਸਰੂਪ' ਗੁਰੂ ਗੋਬਿੰਦ ਦੇ ਸਮੇਂ ਨਵੇਂ ਜਾਮਾ 'ਸੰਤ ਸਿਪਾਹੀ' ਵਿੱਚ ਪ੍ਰਵੇਸ਼ ਕਰ ਗਿਆ। ਜ਼ਾਲਮ ਮੁਗਲ ਸਾਮਰਾਜ ਦੀਆਂ ਜੜ੍ਹਾਂ ਖੋਖਲੀਆਂ ਹੋ ਗਈਆਂ। ਦੱਖਣ ਵਿੱਚ ਮਰਾਠਿਆਂ ਨੇ ਔਰੰਗਜੇਬ ਦੇ ਨੱਕ ਵਿੱਚ ਦਮ ਕਰ ਦਿੱਤਾ ਅਤੇ ਦੱਖਣੀ ਫੋੜੇ ਨੇ ਨਾਸੂਰ ਬਣ ਕੇ ਮੁਗਲ ਬਾਦਸ਼ਾਹ ਨੂੰ ਮਰਨ

ਲਈ ਮਜਬੂਰ ਕਰ ਦਿੱਤਾ। ਇਧਰ ਪੰਜਾਬ ਵਿੱਚ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਮਜਬੂਤ ਕਰਨ ਲਈ ਯੋਜਨਾਵਾਂ ਬਣਾਈਆਂ। ਖਾਲਸੇ ਦੀ ਸਿਰਜਣਾ ਲਈ ਜ਼ਮੀਨ ਤਿਆਰ ਹੋ ਚੁੱਕੀ ਸੀ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਲਾਇਆ ਸਿੱਖੀ ਦਾ ਬੂਟਾ ਪ੍ਰਫੁੱਲਤ ਹੋਣ ਲੱਗਾ ਸੀ। ਗੁਰੂ ਤੇਗ ਬਹਾਦਰ ਜੀ ਦੀ ਯੋਗ ਅਗਵਾਈ ਅਤੇ ਲਾਸਾਨੀ ਸ਼ਹਾਦਤ ਨੇ ਸਿੱਖ ਧਰਮ ਦੇ ਬੂਟੇ ਨੂੰ ਸਿੰਜਣ ਲਈ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।

## ਗੁਰੂ ਗਰੰਥ ਸਾਹਿਬ ਵਿੱਚ ਦਰਜ਼
## ਗੁਰੂ ਤੇਗ ਬਹਾਦਰ ਜੀ ਦੀਆਂ ਕੁੱਝ ਰਚਨਾਵਾਂ

1. ਸਾਧੋ ਰਚਨਾ ਰਾਮ ਬਨਾਈ।।
ਇਕਿ ਬਿਨਸੈ ਇਕਿ ਅਸਥਿਰ ਮਾਨੈ ਅਚਰਜੁ ਲਖਿਓ ਨਾ ਜਾਈ।।
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ।।
ਝੂਠ ਤਨੁ ਸਾਚਾ ਕਰ ਮਾਨਿਓ ਜਿਉ ਸੁਪਨਾ ਰੈਨਾਈ।।

(ਗਉੜੀ ਮਹੱਲਾ 9)

2. ਜਗਤ ਮੈ ਝੂਠੀ ਦੇਖੀ ਪ੍ਰੀਤਿ।।
ਅਪਨੇ ਹੀ ਸੁਖ ਸਿਓ ਲਾਗੇ ਕਿਆ ਦਾਗ ਕਿਆ ਮੀਤ।।
ਮੇਰਓ ਮੇਰਓ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ।।
ਅੰਤਿ ਕਾਲ ਸੰਗੀ ਨਹੀ ਕੋਊ ਇਹ ਅਚਰਰਜ ਹੈ ਗੀਤ।।
ਮਨ ਮੂਰਖ ਅਜਰੂ ਨਹੀ ਸਮਝਤ ਸਿਖ ਦੈ ਹਾਰਿਓ ਨੀਤ।।
ਨਾਨਕ ਭਉਜਲ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ।।

(ਦੇਵਗੰਧਾਰੀ ਮਹੱਲਾ 9, 536)

3. ਜੋ ਨਰ ਦੁਖ ਮੈ ਦੁੱਖ ਨਹੀ ਮਾਨੈ।।
ਸੁਖ ਸਨੇਹ ਅਰ ਭੈ ਨਾਹੀ ਜਾ ਕੋ ਕੰਚਨ ਮਾਟੀ ਮਾਨੈ।।
ਨਹ ਨਿੰਦਿਆ ਨਹ ਉਸਤਤ ਜਾ ਕੇ ਲੋਭੁ ਮੋਹੁ ਅਭਿਆਨਾ।।
ਹਰਖ ਰੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ।।
ਆਸਾ ਮਾਨਸ ਸਗਲ ਤਿਆਗੇ ਜਗ ਤੇ ਰਹੈ ਨਿਰਾਸਾ।।
ਕਾਮੁ ਕਰੋਧ ਜਿਹ ਪਰੈਮ ਨਾਹਨਿ ਤਿਹ ਘਟਿ ਬ੍ਰਹਮ ਨਿਵਾਸਾ।।
ਗੁਰ ਕ੍ਰਿਪਾ ਜਿਹ ਨਰ ਨਉ ਕੀਨੀ ਤਿਹ ਇਹ ਜੁਗਤਿ ਪਛਾਨੀ।।
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗ ਪਾਨੀ।।

('ਸੋਰਠ ਮ.9, 633-34)

4. ਕਾਹੇ ਰੇ ਬਨ ਖੋਜਣ ਜਾਈ।।
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।।
(ਧਨਾਸਰੀ ਮਹੱਲਾ 9 ਪੰਨਾ (684)

5. ਹਰਿ ਬਿਨ ਤੇਰੋ ਕੋ ਨਾ ਸਹਾਈ,
ਕਾਂ ਕੀ ਮਾਤ ਪਿਤਾ ਸਤ ਬਨਿਤਾ ਕੋ ਕਾਹੂ ਕੋ ਭਾਈ।।
ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਣਾਈ।।
ਤਨ ਛੂਟੇ ਕੁਝ ਸੰਗਿ ਨਾ ਚਾਲੈ ਕਹਾ ਤਾਹਿ ਲਪਟਾਈ।।
ਦੀਨ ਦਿਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨਾ ਬਢਾਈ।।
ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ।।

6. 'ਸ਼ਲੋਕ ਗੁਰੂ ਤੇਗ ਬਹਾਦਰ ਜੀ' 'ਗੁਰੂ ਗਰੰਥ ਸਾਹਿਬ'

1. ਗੁਨ ਗੋਬਿੰਦ ਗਾਇਓ ਨਹੀਂ ਜਨਮ ਅਕਾਰਥ ਕੀਨੁ।।
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧ ਜਲ ਕਉ ਮੀਨੁ।।
2. ਸੁਖ ਦਾਤਾ ਸਭ ਰਾਮੁ ਹੈ ਦੂਸਰ ਨਾਹਿਨ ਕੋਇ।।
ਕਹੁ ਨਾਨਕ ਸੁਨ ਰੇ ਮਨਾ ਤਿਹੈ ਸਿਮਰਤ ਗਤਿ ਹੋਇ।।
3. ਭੈ ਕਾਹੁ ਕਊ ਦੇਤਿ ਨਹਿ ਭੈ ਮਾਨਤ ਆਨ।।
ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿ।।
4. ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ।।
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ।।
5. ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਮੀਤ।।
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।।
6. ਬਾਲ ਜੁਆਨੀ ਔਰ ਬਿਰਧ ਫੁਨਿ ਤੀਨ ਅਵਸਥਾ ਜਾਨਿ।।
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨ।।
7. ਜਗਤ ਭਿਖਾਰੀ ਫਿਰਤ ਹੈ ਸਭ ਕੋ ਦਾਤਾ ਰਾਮ।।
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ।।
8. ਤੀਰਥ ਬਰਤ ਅਰੁ ਦਾਨ ਕਰਿ ਮਨਿ ਮੈ ਧਰਹਿ ਗੁਮਾਨ।।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸ਼ਨਾਨ ।।

9. ਜਗ ਰਚਨਾ ਸਭ ਝੂਠ ਹੈ ਜਾਨਿ ਲੈਹੁ ਰੇ ਮੀਤ।।
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤ।।
10. ਘਟਿ ਘਟਿ ਮੈ ਹਰਜੂ ਵਸੈ ਸੰਤਨਿ ਕਹਿਓ ਪੁਕਾਰਿ।।
ਕਹੁ ਨਾਨਕ ਤਿਹੁ ਭਜ ਮਨਾ ਭਉ ਨਿਧਿ ਉਤਰਹਿ ਪਾਰ।।
11. ਸੁਖ ਮੇ ਬਹੁ ਸੰਗੀ ਭਏ ਦੁਖੁ ਮੇ ਸੰਗਿ ਨਾ ਕੋਇ।।
ਕਹੁ ਨਾਨਕ ਹਰਿ ਭਜ ਮਨਾ ਅੰਤਿ ਸਹਾਈ ਹੋਇ।।
12. ਰਾਮ ਨਾਮ ਉਰ ਮੈ ਗਹਿਓ ਜਾ ਕੈ ਸਮ ਨਾ ਕੋਇ।।
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੈ ਹੋਇ।।
13. ਸੰਗ ਸਖਾ ਸਭਿ ਤਜਿ ਗਏ ਕੋਊ ਨਾ ਨਿਬਹਿਓ ਸਾਥਿ।।
ਕਹੁ ਨਾਨਕ ਇਹ ਬਿਪਤਿ ਮੇ ਟੇਕ ਏਕ ਰਘੁਨਾਥ।।
14. ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ।।
ਕਹੁ ਨਾਨਕ ਇਸ ਜਗਤ ਮੇ ਕਿਨ ਜਪਿਓ ਗੁਰ ਮੰਤੁ।।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੇਹ ਸ਼ਿਵਾ ਵਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ
ਨਾ ਡਰੋਂ ਅਰ ਸੇ ਜਬ ਜਾਇ ਲਰੋਂ, ਨਿਸ਼ਚੈ ਕਰ ਅਪਨੀ ਜੀਤ ਕਰੋਂ।।

ਸਿੱਖ ਧਰਮ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜਨਮ 22 ਦਸੰਬਰ 1666 ਈ. ਨੂੰ ਪਟਨਾ ਵਿਖੇ ਹੋਇਆ। ਆਪ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਜੀ ਸਨ। ਇਸ ਸਮੇਂ ਗੁਰੂ ਤੇਗ ਬਹਾਦਰ ਆਸਾਮ ਦੌਰੇ ਤੇ ਸਨ। ਮੁੱਢਲੀ ਜ਼ਿੰਦਗੀ ਦੇ ਪੰਜ ਸਾਲ ਬਾਲ ਗੋਬਿੰਦ ਰਾਏ ਨੇ ਪਟਨਾ ਵਿਖੇ ਹੀ ਗੁਜਾਰੇ। ਗੁਰੂ ਤੇਗ ਬਹਾਦਰ ਜਦ ਅਨੰਦਪੁਰ ਆਏ ਤਾਂ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਵੀ ਪਟਨੇ ਤੋਂ ਆਨੰਦਪੁਰ ਬੁਲਵਾ ਲਿਆ। ਇੱਥੇ ਬਾਲ ਗੋਬਿੰਦ ਰਾਏ ਦੀ ਸਿੱਖਿਆ ਦਾ ਵਧੀਆ ਪ੍ਰਬੰਧ ਕੀਤਾ। ਮਾਮਾ ਕ੍ਰਿਪਾਲ ਚੰਦ ਤੋਂ ਇਲਾਵਾ ਹੋਰ ਅਧਿਆਪਕਾਂ ਨੇ ਉਨ੍ਹਾਂ ਨੂੰ ਅਰਬੀ, ਫਾਰਸੀ, ਉਰਦੂ ਆਦਿ ਭਾਸ਼ਾਵਾਂ ਸਿਖਾਈਆਂ। ਗੁਰੂ ਤੇਗ ਬਹਾਦਰ ਖ਼ੁਦ ਉਨ੍ਹਾਂ ਦੀ ਸਿੱਖਿਆ ਵਿੱਚ ਦਿਲਚਸਪੀ ਲੈਂਦੇ ਸਨ। ਜਿਹੋ ਜਿਹਾ ਸਮਾਂ ਚੱਲ ਰਿਹਾ ਸੀ ਉਸ ਦੇ ਮੱਦੇਨਜ਼ਰ ਗੁਰੂ ਤੇਗ ਬਹਾਦਰ ਜੀ ਨੇ ਉਨ੍ਹਾਂ ਨੂੰ ਮਹਾਨ ਗੁਰੂਆਂ ਪਾਸ ਭੇਜਿਆ ਤਾਂ ਕਿ ਉਨ੍ਹਾਂ ਦੀ ਜ਼ਿੰਦਗੀ ਦੇ ਸਾਰੇ ਪੱਖ ਵਿਕਸਤ ਹੋ ਸਕਣ। ਉਹ ਉਨ੍ਹਾਂ ਨੂੰ ਮਹਾਨ ਵਿਦਵਾਨ ਅਤੇ ਵਧੀਆ ਯੋਧੇ ਦੇ ਰੂਪ ਵਿੱਚ ਦੇਖਣਾ ਚਾਹੁੰਦੇ ਸਨ। ਬਾਲ ਗੋਬਿੰਦ ਰਾਏ ਤੀਖਣ ਬੁੱਧੀ ਦੇ ਮਾਲਕ ਸਨ ਅਤੇ ਜਲਦ ਹੀ ਉਨ੍ਹਾਂ ਨੇ ਸਰੀਰਕ ਅਤੇ ਬੌਧਿਕ ਨਿਪੁੰਨਤਾ ਹਾਸਲ ਕਰ ਲਈ। ਉਹ ਜਿੱਥੇ ਅਰਬੀ, ਫਾਰਸੀ, ਸੰਸਕ੍ਰਿਤ, ਬ੍ਰਿਜ ਭਾਸ਼ਾ ਦੇ ਵਿਦਵਾਨ ਸਨ ਉੱਥੇ ਹਥਿਆਰ ਚਲਾਉਣ ਘੋੜ ਸਵਾਰੀ ਤੀਰ ਅੰਦਾਜੀ ਦੇ ਜੰਗੀ ਕਾਰਨਾਮਿਆਂ ਵਿੱਚ ਵੀ ਨਿਪੁੰਨ ਸਨ। ਉਨ੍ਹਾਂ ਨੂੰ ਕੁਦਰਤ ਵੱਲੋਂ ਕਵਿਤਾ ਦਾ ਤੋਹਫਾ ਮਿਲਿਆ ਸੀ ਹਮੇਸ਼ਾ ਉਹ ਕਵੀਆਂ ਵਿਚਾਰਵਾਨਾਂ ਅਤੇ ਵਿਦਵਾਨਾਂ ਦੀ ਸੰਗਤ ਵਿੱਚ ਰਹਿੰਦੇ ਸਨ ।

ਗੁਰੂ ਤੇਗ ਬਹਾਦਰ ਦੀ ਹੱਤਿਆ ਤੋਂ ਪਿੱਛੋਂ ਉਹ ਗੁਰਗੱਦੀ ਤੇ ਬੈਠੇ ਤਾਂ ਉਨ੍ਹਾਂ ਦੀ ਉਮਰ ਸਿਰਫ ਨੌਂ ਸਾਲ ਸੀ। ਇੰਨੀ ਛੋਟੀ ਉਮਰ ਵਿੱਚ ਵੀ ਉਹ ਡੋਲੇ ਨਹੀਂ ਸਗੋਂ ਆਨੰਦਪੁਰ ਸਾਹਿਬ ਵਿਖੇ ਸੰਗਤਾਂ ਨੂੰ ਧੀਰਜ ਰੱਖਣ ਲਈ ਕਿਹਾ। ਉਨ੍ਹਾਂ ਨੇ ਆਪਣੇ ਮਨ ਵਿੱਚ ਪੱਕਾ ਫੈਸਲਾ ਲੈ ਲਿਆ ਸੀ ਕਿ ਮੁਗਲਾਂ ਦੀ ਰਾਜਨੀਤਕ ਅਤੇ ਧਾਰਮਿਕ ਕੱਟੜਤਾ ਦਾ ਮੁਕਾਬਲਾ ਕਰਨ ਲਈ ਸਿੱਖਾਂ ਨੂੰ ਨਵੇਂ ਸਿਰੇ ਤੋਂ ਇੱਕ ਝੰਡੇ ਥੱਲੇ ਸੰਗਠਿਤ ਕਰਨਾ ਪਵੇਗਾ। ਧਰਮ ਅਤੇ ਗਰੀਬ ਨੂੰ

ਬਚਾਉਣ ਲਈ ਉਨ੍ਹਾਂ ਨੇ ਸਿੱਖ ਧਰਮ ਨੂੰ ਨਵੀਂ ਦਿਸ਼ਾ ਦੇਣ ਦੀ ਠਾਣੀ। ਉਹ ਪਾਉਂਟਾ ਚਲੇ ਗਏ ਕੁਝ ਸਮਾਂ ਉਨ੍ਹਾਂ ਨੇ ਧਿਆਨ ਤੇ ਪੜ੍ਹਾਈ ਵਿੱਚ ਲਾਇਆ ਸਿੱਖਾਂ ਨੂੰ ਇਕੱਠੇ ਕੀਤਾ ਅਤੇ ਇੱਕ ਕਿਲੇ ਦਾ ਨਿਰਮਾਣ ਕੀਤਾ। ਸਿੱਖ ਸੰਗਤਾਂ ਨੂੰ ਹਥਿਆਰ ਭੇਟ ਕਰਨ ਲਈ ਕਿਹਾ। ਉਹ ਸਾਥੀਆਂ ਨਾਲ ਨਕਲੀ ਲੜਾਈਆਂ ਕਰਦੇ, ਸ਼ਿਕਾਰ ਖੇਡਦੇ ਅਤੇ ਤੀਰਅੰਦਾਜ਼ੀ ਦਾ ਅਭਿਆਸ ਕਰਦੇ। ਬਹੁਤ ਸਮਾਂ ਖੋਜ ਸਾਹਿਤ ਅਤੇ ਕਲਾਤਮਿਕ ਗਤੀਵਿਧੀਆਂ ਤੇ ਖਰਚ ਕੀਤਾ ਜਾਂਦਾ। ਉਨ੍ਹਾਂ ਕੋਲ 52 ਕਵੀ ਸਨ ਜਿਨ੍ਹਾਂ ਕੋਲ ਗੁਰੂ ਜੀ ਵਿਚਾਰ ਵਟਾਂਦਰਾ ਕਰਦੇ ਰਹਿੰਦੇ। ਇੱਥੇ ਹੀ ਉਨ੍ਹਾਂ ਨੇ ਬੀਰ ਰਸੀ ਵਾਰਾਂ ਲਿਖੀਆਂ ਜੋ ਸਾਹਿਤ ਦਾ ਅਨਮੋਲ ਖਜਾਨਾ ਹਨ। ਗੁਰੂ ਜੀ ਨੇ ਇੱਕ ਬਹੁਤ ਵੱਡਾ ਢੋਲ ਬਣਾਇਆ ਜਿਸ ਨੂੰ 'ਰਣਜੀਤ ਨਗਾਰਾ' ਦਾ ਨਾਂ ਦਿੱਤਾ ਇਸ ਨੂੰ ਸਵੇਰੇ ਤੇ ਸ਼ਾਮ ਸਿੱਖਾਂ ਨੂੰ ਇਕੱਠਾ ਕਰਨ ਲਈ ਬੁਲਾਇਆ ਜਾਂਦਾ। ਇਸ ਰਾਹੀਂ ਇਹ ਵੀ ਦਰਸਾਇਆ ਜਾਂਦਾ ਕਿ ਸਿੱਖ ਰਾਜਨੀਤਕ ਅਤੇ ਧਾਰਮਿਕ ਕੱਟੜਤਾ ਦਾ ਵਿਰੋਧ ਕਰਦੇ ਹਨ ਤੇ ਆਜ਼ਾਦ ਰਹਿਣਾ ਪਸੰਦ ਕਰਦੇ ਹਨ। ਸਾਰੇ ਸਿੱਖਾਂ ਨੂੰ ਹਥਿਆਰ ਚਲਾਉਣ ਲਈ ਸਿੱਖਿਅਤ ਕੀਤਾ ਜਾਂਦਾ ਸੀ ।

ਪਹਾੜੀ ਰਾਜੇ ਖਾਸ ਕਰਕੇ ਬਿਲਾਸਪੁਰ ਦੇ ਰਾਜਾ ਭੀਮ ਚੰਦ ਨੇ ਇਸ 'ਤੇ ਨਾਰਾਜ਼ਗੀ ਜ਼ਾਹਰ ਕੀਤੀ। ਇੱਥੇ ਹੀ ਕਾਬੁਲ ਤੋਂ ਇੱਕ ਸਿੱਖ ਦੁਨੀ ਚੰਦ ਨੇ ਗੁਰੂ ਜੀ ਨੂੰ ਇਕ ਬਹੁਮੁੱਲੀ ਚਾਨਣੀ ਭੇਟ ਕੀਤੀ ਅਤੇ ਇੱਕ ਬਹੁਤ ਹੀ ਸਮਝਦਾਰ ਹਾਥੀ ਵੀ ਦਿੱਤਾ। ਰਾਜਾ ਭੀਮ ਚੰਦ ਨੇ ਇਹ ਚੀਜ਼ਾਂ ਆਪਣੇ ਪੁੱਤਰ ਦੇ ਵਿਆਹ ਲਈ ਮੰਗੀਆਂ, ਗੁਰੂ ਜੀ ਉਸਦੀ ਨੀਅਤ ਤਾੜ ਗਏ ਉਨ੍ਹਾਂ ਨੇ ਜਵਾਬ ਦੇ ਦਿੱਤਾ ਅਤੇ ਰਾਜਾ ਗੁਰੂ ਜੀ ਨਾਲ ਈਰਖਾ ਰੱਖਣ ਲੱਗਾ। ਗੁਰੂ ਜੀ ਨੇ ਗੜ੍ਹਵਾਲ ਦੇ ਰਾਜੇ ਫਤਿਹ ਸਿੰਘ ਅਤੇ ਨਾਹਨ ਦੇ ਰਾਜੇ ਵਿੱਚ ਮਿੱਤਰਤਾ ਕਰਵਾਈ ਅਤੇ ਸ਼ੇਰ ਦਾ ਸ਼ਿਕਾਰ ਕੀਤਾ ।

1686 ਈ. ਵਿੱਚ ਬਿਲਾਸਪੁਰ ਦੇ ਰਾਜੇ ਭੀਮ ਚੰਦ ਨੇ ਹੋਰ ਪਹਾੜੀ ਰਾਜਿਆਂ ਨੂੰ ਨਾਲ ਲੈ ਕੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਭੰਗਾਣੀ ਦੀ ਥਾਂ ਤੇ ਲੜਾਈ ਹੋਈ। ਭੰਗਾਣੀ ਪਾਉਂਟਾ ਤੋਂ 6 ਕਿਲੋਮੀਟਰ ਦੂਰ ਹੈ। ਸਈਦ ਪੀਰ ਬੁੱਧੂ ਸ਼ਾਹ ਸਢਿਓਰਾ ਨੇ ਆਪਣੇ ਪੁੱਤਰਾਂ ਅਤੇ 700 ਸਿੱਖਿਅਤ ਆਦਮੀਆਂ ਨਾਲ ਇਸ ਯੁੱਧ ਵਿੱਚ ਗੁਰੂ ਜੀ ਦਾ ਸਾਥ ਦਿੱਤਾ। ਗੁਰੂ ਜੀ ਨੂੰ ਜਿੱਤ ਪ੍ਰਾਪਤ ਹੋਈ ਅਤੇ ਉਹ ਆਨੰਦਪੁਰ ਚੱਲੇ ਗਏ।

ਆਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੇ ਲੋਹਗੜ੍ਹ, ਕੇਸਗੜ੍ਹ ਅਤੇ ਫਤਿਹਗੜ੍ਹ ਕਿਲ੍ਹਿਆਂ ਦਾ ਨਿਰਮਾਣ ਕੀਤਾ। ਉੱਥੇ ਉਨ੍ਹਾਂ ਨੇ ਕਵੀਆਂ, ਵਿਦਵਾਨਾਂ ਤੇ ਕਲਾ ਵਿੱਚ ਨਿਪੁੰਨ ਆਦਮੀਆਂ ਦੀ ਸੰਗਤ ਕਰਨੀ ਅਤੇ ਪ੍ਰਭੂ ਭਗਤੀ ਕਰਨੀ। ਅਨੰਦਪੁਰ ਸਾਹਿਬ ਵਿਖੇ ਕਲਾ ਅਤੇ ਸਾਹਿਤ ਦਾ ਖਜ਼ਾਨਾ ਇਕੱਠਾ ਹੋ ਗਿਆ। ਗੁਰੂ ਦੀ ਸੋਭਾ

ਦੂਰ ਦੂਰ ਤੱਕ ਫੈਲ ਗਈ। ਲੋਕਾਂ ਨੇ ਗੁਰੂ ਦੇ ਵਿੱਚ ਆਪਣਾ ਦੁੱਖ ਦਰਦ ਦੂਰ ਕਰਨ ਵਾਲਾ ਮਸੀਹਾ ਦੇਖਿਆ। ਗੁਰੂ ਜੀ ਇਸ ਸਮੇਂ ਸਿੱਖ ਕੌਮ ਨੂੰ ਬਹਾਦਰ ਅਤੇ ਮਾਨ ਸਨਮਾਨ ਵਾਲੀ ਕੌਮ ਬਣਾਉਣ ਲਈ ਸੋਚ ਰਹੇ ਸਨ। ਜਦੋਂ ਉਨ੍ਹਾਂ ਨੇ ਆਪਣੀ ਯੋਜਨਾ ਪੂਰੀ ਕਰਨ ਲਈ ਤਿਆਗੀ ਕਰ ਲਈ ਤਾਂ ਉਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਿੱਖਾਂ ਸਾਹਮਣੇ ਇਸ ਦਾ ਖ਼ੁਲਾਸਾ ਕੀਤਾ। ਗੁਰੂ ਜੀ ਕੋਲ ਇਸ ਸਮੇਂ ਵਫ਼ਾਦਾਰ ਤੇ ਚੰਗੀ ਸਿਖਲਾਈ ਜਾਫਤਾ ਸੈਨਾ ਵੀ ਸੀ। ਸੈਨਾ ਵੀ ਤੇ ਵਧੀਆ ਹਥਿਆਰ ਵੀ ਸਨ।

13 ਅਪਰੈਲ 1699 ਨੂੰ ਵਿਸਾਖੀ ਦਿਹਾੜਾ ਮਨਾਉਣ ਖਾਤਰ ਗੁਰੂ ਜੀ ਨੇ ਦੇਸ਼ ਦੀਆਂ ਸੰਗਤਾਂ ਨੂੰ ਆਨੰਦਪੁਰ ਸਾਹਿਬ ਵਿਚ ਬੁਲਾਵਾ ਭੇਜਿਆ। ਹਜ਼ਾਰਾਂ ਦੀ ਗਿਣਤੀ ਲਗਭਗ 80,000 ਸਿੱਖ ਗੁਰੂ ਜੀ ਦੇ ਬੁਲਾਵੇ ਤੇ ਆਨੰਦਪੁਰ ਪਹੁੰਚ ਗਏ। ਬਾਣੀ ਦੇ ਜਾਪ ਅਤੇ ਕਥਾ ਕੀਰਤਨ ਬਾਅਦ ਗੁਰੂ ਗੋਬਿੰਦ ਸਿੰਘ ਨੇ ਹੱਥ ਵਿੱਚ ਨੰਗੀ ਤਲਵਾਰ ਲੈ ਕੇ ਸਿੱਖਾਂ ਦੇ ਸਨਮੁੱਖ ਹੋ ਕੇ ਉੱਚੀ ਆਵਾਜ਼ ਵਿੱਚ ਕਿਹਾ, "ਕੋਈ ਹੈ ਜੋ ਧਰਮ ਦੀ ਖਾਤਰ ਮੇਰੀ ਇਸ ਤਲਵਾਰ ਦੀ ਪਿਆਸ ਬੁਝਾਵੇ"। ਇਸ ਤਰ੍ਹਾਂ ਇੱਕ ਇੱਕ ਕਰਕੇ ਪੰਜ ਸਿਰਾਂ ਦੀ ਮੰਗ ਕੀਤੀ। ਲਾਹੌਰ ਤੋਂ ਖੱਤਰੀ ਦਯਾ ਰਾਮ, ਦਿੱਲੀ ਤੋਂ ਜੱਟ ਧਰਮ ਦਾਸ, ਦਵਾਰਕਾ ਤੋਂ ਮੋਹਕਮ ਚੰਦ, ਬਿਦਰ ਤੋਂ ਸਾਹਿਬ ਚੰਦ ਅਤੇ ਜਗਨਨਾਥ ਪੁਰੀ ਤੋਂ ਹਿੰਮਤ ਰਾਏ ਇਸ ਕੁਰਬਾਨੀ ਲਈ ਤਿਆਰ ਹੋ ਗਏ। ਗੁਰੂ ਜੀ ਵਾਰੋਵਾਰੀ ਇਨ੍ਹਾਂ ਨੂੰ ਨੇੜੇ ਤੰਬੂ ਚ ਲੈ ਗਏ ਅਤੇ ਆਪਣੇ ਵੱਲੋਂ ਤਿਆਰ ਕੀਤੀਆਂ ਪੁਸ਼ਾਕਾਂ ਪਹਿਨਾਈਆਂ ਅਤੇ ਸਭ ਦੇ ਸਾਹਮਣੇ ਲੈ ਕੇ ਆਏ। ਪੰਜੇ ਸਿੱਖ ਚੜ੍ਹਦੀਆਂ ਕਲਾਂ ਵਿਚ ਤਿਆਰ ਬਰ ਤਿਆਰ ਖਾਲਸਾ ਰੂਪ ਵਿੱਚ ਸਨ। ਗੁਰੂ ਜੀ ਨੇ ਐਲਾਨ ਕੀਤਾ ਇਹ ਚੁਣੇ ਹੋਏ ਪੰਜ ਪਿਆਰੇ ਹਨ। ਇਹ ਖਾਲਸਾ ਹਨ ਅਤੇ ਇਹਨਾਂ ਨੂੰ ਪਤਾ ਹੈ ਕਿਵੇਂ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰਨੀ ਹੈ।

ਗੁਰੂ ਜੀ ਨੇ ਇੱਕ ਵੱਡਾ ਬਰਤਨ ਲੈ ਕੇ ਉਸ ਵਿੱਚ ਪਵਿੱਤਰ ਜਲ ਪਾਇਆ। ਗੁਰੂ ਜੀ ਅਤੇ ਪੰਜ ਪਿਆਰਿਆਂ ਨੇ ਪਵਿੱਤਰ ਗ੍ਰੰਥ ਵਿੱਚੋਂ ਬਾਣੀ ਦਾ ਪਾਠ ਕੀਤਾ। ਗੁਰੂ ਜੀ ਨਾਲ ਤਲਵਾਰ ਪਾਣੀ ਵਿੱਚ ਫੇਰ ਰਹੇ ਸਨ। ਇਸ ਸਮੇਂ ਖਾਲਸਾ ਦੀ ਮਾਤਾ ਸਾਹਿਬ ਦੇਵਾਂ (ਮਾਤਾ ਨੂੰ ਗੁਰੂ ਜੀ ਨੇ ਖਾਲਸੇ ਦੀ ਮਾਤਾ ਦਾ ਖਿਤਾਬ ਦਿੱਤਾ ਸੀ) ਪਤਾਸੇ ਲੈ ਕੇ ਆਈ। ਗੁਰੂ ਜੀ ਨੇ ਪਤਾਸੇ ਬਾਟੇ ਵਾਲੇ ਅੰਮ੍ਰਿਤ ਵਿੱਚ ਘੋਲ ਦਿੱਤੇ। ਇਸ ਤਰ੍ਹਾਂ ਬਣੇ ਇਸ ਘੋਲ ਨੂੰ 'ਅੰਮ੍ਰਿਤ' ਦਾ ਨਾਂ ਦਿੱਤਾ ਗਿਆ। ਗੁਰੂ ਜੀ ਨੇ ਪਹਿਲਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਉਨ੍ਹਾਂ ਪਾਸੋਂ ਆਪ ਅੰਮ੍ਰਿਤ ਛਕਿਆ। ਪੰਜਾਂ ਪਿਆਰਿਆਂ ਦੇ ਨਾਮ ਨਾਲ ਸਿੰਘ ਸ਼ਬਦ ਜੋੜਿਆ ਗਿਆ ਅਤੇ ਗੁਰੂ ਜੀ ਆਪ ਵੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ

ਗਏ। ਪੰਜਾਂ ਪਿਆਰਿਆਂ ਤੇ ਗੁਰੂ ਜੀ ਨੇ ਨੀਲੇ ਬਸਤਰ ਧਾਰਨ ਕੀਤੇ ਹੋਏ ਸਨ। ਮੁਗਲ ਸਰਕਾਰ ਦੇ ਰੋਜ਼ਨਾਮਚੇ ਅਨੁਸਾਰ ਉਸ ਦਿਨ 20,000 ਹਜ਼ਾਰ ਸਿੱਖਾਂ ਨੇ ਅੰਮ੍ਰਿਤ ਛਕਿਆ ਤੇ ਗੁਰੂ ਵਾਲੇ ਬਣੇ। ਦੁਨੀਆ ਦੇ ਇਤਿਹਾਸ ਵਿੱਚ ਪਹਿਲੀ ਉਦਾਹਰਣ ਹੈ ਜਦੋਂ ਕਿਸੇ ਗੁਰੂ ਨੇ ਆਪਣੇ ਚੇਲਿਆਂ ਤੋਂ ਆਸ਼ੀਰਵਾਦ ਲਿਆ ਹੋਵੇ। ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਣ ਕਰਕੇ ਸਿੱਖਾਂ ਵਿੱਚੋਂ ਜਾਤ ਪਾਤ ਤੇ ਭੇਦਭਾਵ ਦਾ ਅਮਲੀ ਰੂਪ ਵਿੱਚ ਅੰਤ ਹੋ ਗਿਆ। ਹੁਣ ਉਨ੍ਹਾਂ ਦੀ ਅਲੱਗ ਅਲੱਗ ਜਾਤ ਨਹੀਂ ਨਹੀਂ ਸੀ। ਉਹ ਸਾਰੇ ਗੁਰੂ ਦੇ ਸਿੱਖ ਸਨ। ਇਸ ਤਰ੍ਹਾਂ ਖਾਲਸੇ ਦਾ ਇੱਕ ਭਾਈਚਾਰਾ ਬਣਿਆ-

'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੂ ਚੇਲਾ।।'

ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਪੰਜ ਕਕਾਰ- ਕੇਸ, ਕੰਘਾ, ਕ੍ਰਿਪਾਨ ਕਛਹਿਰਾ ਅਤੇ ਕੜਾ ਧਾਰਨ ਕਰਨ ਲਈ ਹਦਾਇਤ ਕੀਤੀ। ਸਿੱਖਾਂ ਨੂੰ ਤੰਬਾਕੂ, ਸ਼ਰਾਬ ਪੀਣ, ਪਰਾਈ ਇਸਤਰੀ, ਊਚ-ਨੀਚ, ਬੁੱਤ ਪੂਜਾ ਦੀ ਮਨਾਹੀ ਕਰ ਦਿੱਤੀ ਗਈ। ਹੁਣ ਪਵਿੱਤਰਤਾ, ਬਹਾਦਰੀ ਅਤੇ ਸ਼ਾਂਤੀ ਦੇ ਉਹ ਦੂਤ ਸਨ। ਉਨ੍ਹਾਂ ਨੂੰ 'ਖਾਲਸਾ' ਦਾ ਨਾਂ ਦਿੱਤਾ ਗਿਆ। ਉਹ ਸ਼ੇਰ ਬਣ ਗਏ ਸਨ ਅਤੇ ਉਨ੍ਹਾਂ ਨੂੰ ਚਿੜੀਆਂ ਦੀ ਤਰ੍ਹਾਂ ਡਰ ਨਹੀਂ ਲੱਗਦਾ ਸੀ। ਖ਼ਾਲਸੇ ਦੀ ਸਿਰਜਣਾ ਨਾਲ ਗੁਰੂ ਨਾਨਕ ਤੋਂ ਚੱਲੀ ਆ ਰਹੀ ਸਿੱਖ ਧਰਮ ਦੀ ਪਰੰਪਰਾ ਹੁਣ ਸਿਖਰ ਤੇ ਪਹੁੰਚੀ ਅਤੇ ਇਸਨੇ ਵਰਤਮਾਨ ਰੂਪ ਲੈ ਲਿਆ।

ਆਨੰਦਪੁਰ ਦੇ ਨਜ਼ਦੀਕ ਹਿੰਦੂ ਅਤੇ ਪਹਾੜੀ ਰਾਜੇ ਜਿਹੜੇ ਗੁਰੂ ਜੀ ਨਾਲ ਪਹਿਲਾ ਯੁੱਧ ਲੜ ਚੁੱਕੇ ਸਨ,ਉਹ ਦਿੱਲੀ ਮੁਗ਼ਲ ਦਰਬਾਰ ਵਿੱਚ ਔਰੰਗਜੇਬ ਬਾਦਸ਼ਾਹ ਕੋਲ ਗੁਰੂ ਜੀ ਦੀ ਸ਼ਿਕਾਇਤ ਲੈ ਕੇ ਗਏ। ਔਰੰਗਜ਼ੇਬ ਨੇ ਸਰਹੰਦ ਤੋਂ ਲਾਹੌਰ ਦੇ ਸੂਬੇਦਾਰਾਂ ਨੂੰ ਹਿੰਦੂ ਰਾਜਿਆਂ ਦੀ ਮਦਦ ਲਈ ਭੇਜ ਦਿੱਤਾ। ਬਿਲਾਸਪੁਰ, ਕਾਂਗੜਾ, ਕੁੱਲੂ, ਮੰਡੀ, ਜੰਮੂ, ਨੂਰਪੁਰ, ਚੰਬਾ, ਗੁਲੇਰ ਤੇ ਸ੍ਰੀਨਗਰ ਦੇ ਰਾਜਿਆਂ ਦੀ ਫੌਜ ਦੇ ਨਾਲ ਇੱਕ ਵੱਡੀ ਮੁਗ਼ਲ ਸੈਨਾ ਗੁਰੂ ਜੀ ਨਾਲ ਯੁੱਧ ਕਰਨ ਲਈ ਭੇਜੀ ਗਈ।

1701 ਈ. ਵਿੱਚ ਮੁਗਲ ਸੈਨਾ ਨੇ ਆਨੰਦਪੁਰ ਨੂੰ ਘੇਰਾ ਪਾਇਆ। ਪਹਾੜੀ ਰਾਜਿਆਂ ਨੇ 'ਆਟੇ ਦੀ ਗਊ' ਬਣਾ ਕੇ ਸਹੁੰ ਖਾ ਕੇ ਗੁਰੂ ਜੀ ਨੂੰ ਕਿਹਾ ਕਿ ਉਹ ਅਨੰਦਪੁਰ ਖਾਲੀ ਕਰ ਦੇਣ, ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਗੁਰੂ ਜੀ ਉਨ੍ਹਾਂ ਦੀ ਬੇਈਮਾਨੀ ਨੂੰ ਸਮਝਦੇ ਸਨ ਪਰ ਮਾਤਾ ਗੁਜਰੀ ਅਤੇ ਕੁਝ ਸਿੱਖਾਂ ਦੇ ਜ਼ੋਰ ਦੇਣ 'ਤੇ ਉਹ ਅਨੰਦਪੁਰ ਖਾਲੀ ਕਰਨ ਲਈ ਮੰਨ ਗਏ। ਜਿਉਂ ਹੀ ਅਨੰਦਪੁਰ ਵਿੱਚੋਂ ਗੁਰੂ ਜੀ ਪਰਿਵਾਰ ਅਤੇ ਸਿੱਖਾਂ ਸਮੇਤ ਬਾਹਰ ਨਿਕਲੇ, ਫ਼ੌਜ ਨੇ ਹੱਲਾ ਬੋਲ ਦਿੱਤਾ। ਜਿਸ ਕਰਕੇ ਧਰੋਹ ਹੋਇਆ ਸਮਝ ਕੇ ਸਿੱਖਾਂ ਵਿੱਚ ਦੁੱਖ ਦੀ ਭਾਵਨਾ ਸਾਫ

ਦਿੱਸਦੀ ਸੀ। ਹਨੇਰੇ ਅਤੇ ਮੀਂਹ ਦੇ ਵਿੱਚ ਸਿੰਘਾਂ ਨੇ ਮੁਗ਼ਲ ਸੈਨਾ ਦਾ ਟਾਕਰਾ ਕੀਤਾ। ਗੁਰੂ ਜੀ ਵੱਡੇ ਸਾਹਿਬਜ਼ਾਦਿਆਂ ਦੇ ਨਾਲ ਚਮਕੌਰ ਪਹੁੰਚ ਗਏ ਉੱਥੇ ਉਨ੍ਹਾਂ ਨੇ ਕੱਚੀ ਗੜ੍ਹੀ ਵਿੱਚ ਮੋਰਚਾ ਲਾ ਲਿਆ। ਟਿੱਡੀ ਦਲ ਵਰਗੀ ਮੁਗਲ ਸੈਨਾ ਨੇ ਗੜ੍ਹੀ ਨੂੰ ਘੇਰ ਲਿਆ। ਗੁਰੂ ਜੀ ਨਾਲ ਇਸ ਸਮੇਂ ਵੱਡੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਅਤੇ ਥੋੜ੍ਹੇ ਜਿਹੇ ਸਿੱਖ ਸਿਪਾਹੀ ਸਨ। ਗੁਰੂ ਜੀ ਇੱਕ-ਇੱਕ ਕਰਕੇ ਸਿੱਖ ਯੋਧਿਆਂ ਨੂੰ ਲੜਾਈ ਵਿੱਚ ਭੇਜਦੇ ਜੋ ਕਈ ਕਈ ਮੁਗਲਾਂ ਨੂੰ ਮਾਰ ਕੇ ਵੀ ਵੀਰਗਤੀ ਪ੍ਰਾਪਤ ਕਰਦੇ। ਇੱਥੇ ਹੀ ਦੋਨਾਂ ਸਾਹਿਬਜਾਦਿਆਂ ਨੇ ਬੀਰਤਾ ਦੇ ਜੌਹਰ ਦਿਖਾਏ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। 'ਆਪਹੁ ਗੁਰ ਚੇਲਾ' ਦੇ ਸਿਧਾਂਤ ਤੇ ਚੱਲਦਿਆਂ ਪੰਜ ਸਿੱਖਾਂ ਨੇ ਗੁਰੂ ਜੀ ਨੂੰ ਗੜ੍ਹੀ ਤੋਂ ਸੁਰੱਖਿਅਤ ਬਾਹਰ ਨਿਕਲਣ ਲਈ ਗੁਰਮਤਾ ਕੀਤਾ। ਜੋ ਗੁਰੂ ਜੀ ਨੂੰ ਮੰਨਣਾ ਪੈਣਾ ਸੀ। ਸੋ ਭਾਈ ਸੰਗਤ ਸਿੰਘ ਦੇ ਸਿਰ ਤੇ ਕਲਗੀ ਰੱਖੀ ਗਈ ਅਤੇ ਗੁਰੂ ਜੀ ਭਾਈ ਦਇਆ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਦੇ ਨਾਲ ਗੜ੍ਹੀ ਵਿੱਚੋਂ ਬਾਹਰ ਆ ਗਏ। ਉਨ੍ਹਾਂ ਦੇ ਕੋਲ ਹੁਣ ਕੋਈ ਸ਼ਾਹੀ ਨਿਸ਼ਾਨੀ ਨਹੀਂ ਸੀ। ਨਾ ਬਾਜ, ਨਾ ਕਲਗੀ, ਨਾ ਨੀਲਾ ਘੋੜਾ, ਨਾ ਕੋਈ ਹਥਿਆਰ। ਗੜ੍ਹੀ ਤੋਂ ਬਾਹਰ ਆ ਕੇ ਗੁਰੂ ਜੀ ਨੇ ਤਾੜੀ ਮਾਰੀ ਤੇ ਕਿਹਾ "ਸਿੱਖਾਂ ਦਾ ਗੁਰੂ ਚੱਲਿਆ ਹੈ" ਮੁਗਲ ਸੈਨਾ ਵਿੱਚ ਹਫੜਾ ਦਫੜੀ ਫੈਲ ਗਈ। ਇਸ ਮਾਹੌਲ ਵਿੱਚ ਗੁਰੂ ਜੀ ਦੇ ਨਾਲ ਵਾਲੇ ਤਿੰਨੋਂ ਸਿੰਘ ਵੀ ਗੁਰੂ ਤੋਂ ਵਿੱਛੜ ਗਏ ਅਤੇ ਉਹ ਇਕੱਲੇ ਹੀ ਮਾਛੀਵਾੜੇ ਜੰਗਲਾਂ ਵਿੱਚ ਭਟਕਦੇ ਰਹੇ। ਪੈਰਾਂ ਵਿੱਚ ਕੰਡੇ ਚੁਭ ਗਏ, ਛਾਲੇ ਹੋ ਗਏ ਅਤੇ ਜਖਮਾਂ ਵਿੱਚ ਖ਼ੂਨ ਸਿੰਮਣ ਲੱਗਾ। ਭੁੱਖ ਪਿਆਸ ਯੁੱਧ ਦੀ ਥਕਾਵਟ ਆਦਿ ਬੇਸ਼ੁਮਾਰ ਮੁਸੀਬਤਾਂ ਦਾ ਘੇਰਿਆ ਗੁਰੂ ਬੁਰੇ ਹਾਲੀ ਸੀ। ਰਾਤ ਨੂੰ ਇੱਟ ਦਾ ਸਿਰਹਾਣਾ ਲਾ ਕੇ ਗੁਰੂ ਜੀ ਰੋੜਾਂ ਵਾਲੀ ਜ਼ਮੀਨ ਤੇ ਹੀ ਪੈ ਗਏ। ਉਨ੍ਹਾਂ ਨੇ ਇੱਥੇ ਮਾਛੀਵਾੜੇ ਦੇ ਜੰਗਲ ਵਿੱਚ ਹੀ ਬੇਮਿਸਾਲ ਸ਼ਬਦ ਉਚਾਰਿਆ

'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।।
ਤੁਧ ਬਿਨ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦੇ ਰਹਿਣਾ।।
ਸੂਲ ਸੁਰਾਹੀ ਖੰਜਰ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ।।
ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ।।'

ਜੰਗਲ ਵਿੱਚ ਰਾਤ ਗੁਜ਼ਾਰ ਕੇ ਜਦ ਗੁਰੂ ਜੀ ਸਵੇਰੇ ਉੱਠੇ ਤਾਂ ਭਾਈ ਦਇਆ ਸਿੰਘ ਤੇ ਦੂਸਰੇ ਵਿਛੜੇ ਸਿੰਘ ਮਿਲ ਗਏ। ਇਥੋਂ ਗੁਰੂ ਜੀ ਦੇ ਸ਼ਰਧਾਲੂ ਨਬੀ ਖਾਂ ਅਤੇ ਗਨੀ ਖਾਂ ਨੇ ਗੁਰੂ ਜੀ ਨੂੰ ਪਾਲਕੀ ਵਿੱਚ ਬਿਠਾ ਲਿਆ। ਕਿਉਂਕਿ

ਮੁਗਲ ਸੈਨਾ ਕਸਬੇ ਵਿੱਚ ਗੁਰੂ ਦੀ ਭਾਲ ਵਿੱਚ ਫਿਰ ਰਹੀ ਸੀ। ਉਹਨਾਂ ਮੁਸਲਮਾਨ ਸੇਵਕਾਂ ਨੇ ਗੁਰੂ ਜੀ ਨੂੰ "ਉੱਚ ਦਾ ਪੀਰ" ਬਣਾਕੇ ਮੁਗਲ ਸੈਨਿਕਾਂ ਤੋਂ ਬਚਾ ਲਿਆ ਅਤੇ ਪਿੰਡ ਆਲਮਗੀਰ ਪਹੁੰਚ ਗਏ। ਇੱਥੇ ਗੁਰੂ ਜੀ ਨੂੰ ਸ਼ਰਧਾਲੂਆਂ ਨੇ ਘੋੜੇ ਭੇਟ ਕੀਤੇ। ਇੱਥੇ ਸੁੰਦਰ ਗੁਰਦੁਆਰਾ ਗੁਰੂ ਜੀ ਦੀ ਯਾਦ ਵਿੱਚ ਬਣਿਆ ਹੋਇਆ ਹੈ। ਇਥੋਂ ਗੁਰੂ ਜੀ ਰਾਇਕੋਟ ਰਾਏ ਕਲੇ ਪਾਸ ਪਹੁੰਚੇ। ਇਥੇ ਕੁਝ ਦਿਨ ਠਹਿਰੇ। ਇਥੇ ਹੀ ਨੂਰੇ ਮਾਹੀ ਨੂੰ ਗੁਰੂ ਜੀ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦਾ ਹਾਲ ਜਾਨਣ ਲਈ ਭੇਜਿਆ। ਜਿਸ ਨੇ ਵਾਪਸ ਆ ਕੇ ਸਾਰਾ ਹਾਲ ਰੋ-ਰੋ ਕੇ ਬਿਆਨ ਕੀਤਾ।

ਜਦੋਂ 5 ਅਤੇ 6 ਦਸੰਬਰ ਦੀ ਰਾਤ ਨੂੰ ਆਨੰਦਪੁਰ ਸਾਹਿਬ ਤੋਂ ਨਿਕਲਣ ਵੇਲੇ ਪਰਿਵਾਰ ਵਿਛੜ ਗਿਆ ਸੀ ਤਾਂ ਗੁਰੂ ਘਰ ਦਾ ਰਸੋਈਆ ਗੰਗੂ ਨਾਮਕ ਬ੍ਰਾਹਮਣ ਦੋਨਾਂ ਛੋਟੇ ਸਾਹਿਬਜਾਦਿਆਂ ਤੇ ਮਾਤਾ ਗੁਜਰੀ ਨੂੰ ਆਪਣੇ ਨਾਲ ਆਪਣੇ ਪਿੰਡ ਖੇੜੀ ਲੈ ਗਿਆ ਸੀ। ਗੰਗੂ ਦੀ ਨੀਤ ਬੇਈਮਾਨ ਹੋ ਗਈ ਅਤੇ ਉਸ ਨੇ ਮਾਤਾ ਜੀ ਤੋਂ ਕੁਝ ਧਨ ਚੋਰੀ ਕਰ ਲਿਆ। ਮਾਤਾ ਜੀ ਨੇ ਜਦੋਂ ਉਸ ਨਾਲ ਗੱਲ ਕੀਤੀ ਤਾਂ ਉਹ ਅੱਗ ਬਬੂਲਾ ਹੋ ਉਠਿਆ। ਉਸ ਲਾਲਚੀ ਤੇ ਬੇਈਮਾਨ ਇਨਸਾਨ ਨੇ ਛੋਟੇ ਦੋਨਾਂ ਸਾਹਿਬਜਾਦਿਆਂ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਨੂੰ ਸਮੇਤ ਮਾਤਾ ਗੁਜਰੀ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਕੋਲ ਗ੍ਰਿਫ਼ਤਾਰ ਕਰਵਾ ਦਿੱਤਾ। ਬੱਚਿਆਂ ਅਤੇ ਮਾਤਾ ਜੀ ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ। ਅਗਲੀ ਸਵੇਰ ਬੱਚਿਆਂ ਨੂੰ ਕਚਹਿਰੀ ਵਿੱਚ ਬੁਲਾ ਕੇ ਇਸਲਾਮ ਕਬੂਲ ਕਰਨ ਲਈ ਜ਼ੋਰ ਪਾਇਆ। ਪਰ ਗੁਰੂ ਦੇ ਸਪੁੱਤਰ ਨਹੀਂ ਮੰਨੇ। ਉਨ੍ਹਾਂ ਨੂੰ ਹੋਰ ਵੀ ਕਈ ਕਿਸਮ ਦੇ ਲਾਲਚ ਦਿੱਤੇ ਗਏ ਪਰ ਬੱਚਿਆਂ ਨੇ ਨਾਂਹ ਕਰ ਦਿੱਤੀ। ਬੇਰਹਿਮ ਵਜ਼ੀਰ ਖ਼ਾਨ ਨੇ ਗੁਰੂ ਘਰ ਦੇ ਕੁਝ ਦੋਖੀ ਬੰਦਿਆਂ ਦੀ ਸਲਾਹ ਤੇ ਛੋਟੇ ਛੋਟੇ ਸੱਤ ਤੇ ਨੌਂ ਸਾਲਾਂ ਦੇ ਬੱਚਿਆਂ ਨੂੰ ਨੀਹਾਂ ਵਿੱਚ ਚਿਣਨ ਦਾ ਹੁਕਮ ਦੇ ਦਿੱਤਾ। ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖ਼ਾਂ ਵੀ ਉੱਥੇ ਮੌਜੂਦ ਸੀ। ਉਸ ਦਾ ਭਰਾ ਗੁਰੂ ਜੀ ਨਾਲ ਲੜਾਈ ਵਿੱਚ ਮਾਰਿਆ ਗਿਆ ਸੀ। ਵਜ਼ੀਰ ਖਾਨ ਨੇ ਉਸ ਨੂੰ ਕਿਹਾ ਕਿ ਉਹ ਇਨ੍ਹਾਂ ਬੱਚਿਆਂ ਨੂੰ ਕਤਲ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਲਵੇ। ਪਰ ਨਵਾਬ ਨੇ ਮਨ੍ਹਾ ਕਰ ਦਿੱਤਾ ਉਸ ਨੇ ਜਵਾਬ ਦਿੱਤਾ ਕਿ ਉਹ ਆਪਣੇ ਭਰਾ ਦੀ ਮੌਤ ਦਾ ਬਦਲਾ ਇਨ੍ਹਾਂ ਦੇ ਪਿਤਾ ਗੁਰੂ ਗੋਬਿੰਦ ਸਿੰਘ ਤੋਂ ਲਵੇਗਾ, ਇਨ੍ਹਾਂ ਸ਼ੀਰਖੋਰ ਬੱਚਿਆਂ ਤੋਂ ਨਹੀਂ। ਨਵਾਬ ਦੇ ਹੁਕਮ ਤੇ ਬੱਚਿਆਂ ਨੂੰ ਨੀਹਾਂ ਵਿੱਚ ਚਿਣ ਦਿੱਤਾ ਅਤੇ ਜਦੋਂ ਬੇਹੋਸ਼ ਹੋ ਗਏ ਤਾਂ ਤਲਵਾਰ ਨਾਲ ਉਨ੍ਹਾਂ ਨੂੰ ਕਤਲ ਕਰਵਾ ਦਿੱਤਾ। ਨੂਰੇ ਮਾਹੀ ਨੇ ਅੱਗੇ ਦੱਸਿਆ ਕਿ ਜਦੋਂ ਮਾਤਾ ਗੁਜਰੀ ਜੀ ਨੂੰ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਬੁਰਜ ਤੋਂ ਛਾਲ ਮਾਰ ਕੇ ਸ਼ਹੀਦੀ ਜਾਮ ਪੀ ਲਿਆ। ਸਿੱਖ ਜਗਤ ਵਿੱਚ ਸ਼ੇਰ ਮੁਹੰਮਦ ਖ਼ਾਨ

ਵੱਲੋਂ ਗੁਰੂ ਬੱਚਿਆਂ ਦੇ ਹੱਕ ਵਿੱਚ ਕੀਤੀ ਇਸ ਗੱਲ ਨੂੰ "ਹਾਅ ਦਾ ਨਾਅਰਾ" ਕਹਿ ਕੇ ਯਾਦ ਕੀਤਾ ਜਾਂਦਾ ਹੈ। ਜਦੋਂ ਨੂਰਾ ਮਾਹੀ ਇਹ ਸਹੀਦੀ ਕਥਾ ਗੁਰੂ ਜੀ ਨੂੰ ਸੁਣਾ ਰਿਹਾ ਸੀ ਤਾਂ ਗੁਰੂ ਜੀ ਕਾਹੀ ਦੇ ਬੂਟੇ ਦੀਆਂ ਜੜ੍ਹਾਂ ਕੁਰੇਦ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਮੁਗਲ ਸਾਮਰਾਜ ਦੀਆਂ ਜੜ੍ਹਾਂ ਵੀ ਇਸ ਤਰ੍ਹਾਂ ਹੀ ਕੁਰੇਦੀਆਂ ਜਾਣਗੀਆਂ। ਛੋਟੇ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹੀਦੀ 12 ਦਸੰਬਰ 1705 ਈਸਵੀ ਵਿੱਚ ਹੋਈ ਇਸ ਤੋਂ ਠੀਕ ਪੰਜ ਸਾਲ ਬਾਅਦ ਬੰਦਾ ਬਹਾਦਰ ਨੇ ਵਜ਼ੀਰ ਖਾਨ ਨੂੰ ਮਾਰ ਕੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

ਇਸ ਸਮੇਂ ਤੱਕ ਗੁਰੂ ਗੋਬਿੰਦ ਸਿੰਘ ਦੇ ਚਾਰੇ ਸਾਹਿਬਜਾਦੇ ਮਾਤਾ ਪਿਤਾ ਅਤੇ ਬਹੁਤ ਬਹਾਦਰ ਸਿੰਘ ਮਾਰੇ ਜਾ ਚੁੱਕੇ ਸਨ। ਗੁਰੂ ਜੀ ਬੇਘਰ ਸਨ, ਮੁਗਲ ਸੈਨਾ ਪਾਗਲਾਂ ਵਾਂਗ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ। ਪਰ ਗੁਰੂ ਨੇ ਹਿੰਮਤ ਨਹੀਂ ਹਾਰੀ। ਇੱਥੋਂ ਅੱਗੇ ਚੱਲ ਪਏ ਮਾਛੀਵਾੜੇ ਤੋਂ ਰਾਏਕੋਟ, ਤਖਤੂਪੁਰਾ, ਮਧੇਕੇ ਹੁੰਦੇ ਹੋਏ ਦੀਨਾ ਕਾਂਗੜ (ਜਿਲ੍ਹਾ ਮੋਗਾ) ਪਹੁੰਚੇ। ਇਥੇ ਰਹਿ ਕੇ ਉਨ੍ਹਾਂ ਨੇ ਔਰੰਗਜ਼ੇਬ ਨੂੰ ਖ਼ਤ ਲਿਖਿਆ ਜਿਸ ਦਾ ਨਾਂ "ਜ਼ਫ਼ਰਨਾਮਾ" ਜਾਂ ਜਿੱਤ ਦਾ ਖ਼ਤ ਸੀ। ਇਸ ਖ਼ਤ ਵਿੱਚ ਗੁਰੂ ਜੀ ਨੇ ਔਰੰਗਜ਼ੇਬ ਬਾਦਸ਼ਾਹ ਨੂੰ ਕਰਾਰੀ ਝਾੜ ਪਾਈ ਤੇ ਕਿਹਾ ਕਿ

> "ਉਸ ਨੇ ਮੋਮਨ ਹੋ ਕੇ ਵੀ ਝੂਠੀਆਂ ਸੌਹਾਂ ਖਾਧੀਆਂ ਤੇ ਧੋਖਾ ਕੀਤਾ। ਸਾਡੇ ਤੇ ਹਮਲਾ ਕੀਤਾ। ਤੇਰੀ ਏਨੀ ਵੱਡੀ ਸੈਨਾ ਸਾਡੇ ਸਿਪਾਹੀਆਂ ਤੇ ਟੁੱਟ ਪਈ। ਪਰ ਮੇਰੇ ਬਹਾਦਰ ਸਿਪਾਹੀਆਂ ਨੇ ਸ਼ੇਰਾਂ ਵਾਂਗ ਲੜ ਕੇ ਸੂਰਬੀਰਤਾ ਦਿਖਾਈ। ਪਰ ਟਿੱਡੀ ਦਲ ਜਿੱਡੀ ਮੁਗਲ ਸੈਨਾ ਦਾ ਮੁੱਠੀ ਭਰ ਸਿਪਾਹੀਆਂ ਨਾਲ ਕੀ ਮੇਲ ? ਗੁਰੂ ਜੀ ਨੇ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਚਾਰਾਂ ਸਾਹਿਬਜ਼ਾਦਿਆਂ ਨੂੰ ਵੀ ਆਪਣੀ ਜਾਨ ਗਵਾਉਣੀ ਪਈ। ਪਰ ਮੈਂ ਇਸ ਦਾ ਬਦਲਾ ਲਵਾਂਗਾ ਜਦੋਂ ਸਾਰੇ ਗੱਲਬਾਤ ਤੇ ਸ਼ਾਂਤੀ ਪੂਰਵਕ ਮਸਲੇ ਸੁਲਝਾਉਣ ਦੇ ਸਾਰੇ ਸਾਧਨ ਅਸਫਲ ਹੋ ਜਾਣ ਤਾਂ ਤਲਵਾਰ ਚੁੱਕਣੀ ਹੀ ਪੈਂਦੀ ਹੈ। ਤੈਨੂੰ ਆਪਣੇ ਰਾਜ ਦਾ ਹੰਕਾਰ ਹੈ ਪਰ ਮੈਨੂੰ ਮੇਰੇ ਵਾਹਿਗੁਰੂ ਦਾ ਭਰੋਸਾ ਹੈ, ਸੰਸਾਰ ਸਰਾਂ ਦੀ ਨਿਆਈ ਹੈ ਤੇ ਇਸ ਨੂੰ ਛੱਡਣਾ ਹੀ ਪੈਂਦਾ ਹੈ"।

**(ਗੁਰੂ ਗੋਬਿੰਦ ਸਿੰਘ ਰਚਿਤ 'ਜਫਰਨਾਮਾ' ਵਿੱਚੋਂ)**

ਗੁਰੂ ਜੀ ਨੇ ਇਹ ਪੱਤਰ ਦਸਤੀ ਭਾਈ ਦਇਆ ਸਿੰਘ ਤੇ ਧਰਮ ਸਿੰਘ ਰਾਹੀਂ ਔਰੰਗਜੇਬ ਨੂੰ ਦੇਣ ਲਈ ਰਵਾਨਾ ਕੀਤਾ।

ਦੀਨੇ ਤੋਂ ਗੁਰੂ ਜੀ ਕੋਟਕਪੂਰਾ, ਜੈਤੋ, ਰਾਮੇਆਣਾ ਹੁੰਦੇ ਹੋਏ ਇਤਿਹਾਸਕ ਖਿਦਰਾਣੇ ਦੀ ਢਾਬ ਜਿਲ੍ਹਾ ਮੁਕਤਸਰ ਪਹੁੰਚ ਗਏ। ਰਸਤੇ ਵਿੱਚੋਂ ਉਨ੍ਹਾਂ ਨੇ ਸਿੱਖਾਂ

ਨਾਲ ਰਾਬਤਾ ਕੀਤਾ ਅਤੇ ਆਪਣੇ ਬਚਾਅ ਲਈ ਤਿਆਰੀ ਕੀਤੀ। ਮੁਗਲ ਸੈਨਾ ਅਜੇ ਵੀ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ। ਖਿਦਰਾਣੇ ਦੀ ਢਾਬ ਕੋਲ ਉਨ੍ਹਾਂ ਕੋਲ ਕੁਝ ਫ਼ੌਜ ਇਕੱਠੀ ਹੋ ਗਈ ਸੀ। ਗੁਰੂ ਜੀ ਨੂੰ ਅਨੰਦਪੁਰ ਸਾਹਿਬ ਵਿਖੇ ਜਿਹਨਾ ਚਾਲੀ ਸਿੰਘਾਂ ਨੇ ਬੇਦਾਵਾ ਲਿਖ ਕੇ ਵਾਪਸੀ ਕਰ ਲਈ ਸੀ। ਉਹ ਮਾਈ ਭਾਗੋ ਦੀ ਅਗਵਾਈ ਵਿੱਚ ਗੁਰੂ ਜੀ ਦੀ ਮਦਦ ਲਈ ਇੱਥੇ ਪਹੁੰਚ ਗਏ ਸਨ। ਘਰ ਪਹੁੰਚਣ ਤੇ ਲੋਕਾਂ ਨੇ ਅਤੇ ਉਨ੍ਹਾਂ ਸਿੱਖਾਂ ਦੀਆਂ ਘਰਵਾਲੀਆਂ ਨੇ ਬਹੁਤ ਨਾਰਾਜਗੀ ਜਾਹਰ ਕੀਤੀ ਸੀ। ਗੁਰੂ ਜੀ ਨੇ ਇਸ ਸਮੇਂ ਇੱਕ ਟਿੱਬੀ ਤੇ, ਜੋ ਜੰਗ ਦੇ ਮੈਦਾਨ ਤੋਂ ਥੋੜ੍ਹੀ ਪਰ੍ਹੇ ਸੀ, ਬੈਠ ਕੇ ਮੁਗਲ ਸੈਨਾ ਦੇ ਹਮਲੇ ਦਾ ਜਵਾਬ ਆਪਣੇ ਤੀਰਾਂ ਨਾਲ ਦਿੱਤਾ। ਗਹਿਗੱਚ ਲੜਾਈ ਹੋਈ ਬੇਦਾਵਾ ਲਿਖਣ ਵਾਲੇ ਚਾਲੀ ਸਿੰਘਾਂ ਅਤੇ ਮਾਈ ਭਾਗੋ ਨੇ ਡੱਟ ਕੇ ਮੁਗਲ ਸੈਨਾ ਦਾ ਟਾਕਰਾ ਕੀਤਾ। ਉਸ ਸਮੇਂ ਗਰਮੀ ਦੀ ਰੁੱਤ ਸੀ ਅਤੇ ਇਸ ਇਲਾਕੇ ਵਿੱਚ ਪਾਣੀ ਦੀ ਭਾਰੀ ਥੁੜ ਸੀ। ਪਾਣੀ ਦਾ ਇਕੋ ਇਕ ਸੋਮਾ ਇਹ ਢਾਬ ਹੀ ਸੀ ਜਿਸ ਤੇ ਸਿੰਘਾਂ ਨੇ ਕਬਜ਼ਾ ਕੀਤਾ ਹੋਇਆ ਸੀ। ਮੁਗਲ ਸੈਨਾ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਸੀ। ਪਰ ਭੁੱਖੇ ਪਿਆਸੇ ਕਿੰਨਾ ਚਿਰ ਉਹ ਇਨ੍ਹਾਂ ਮਰਜੀਵੜਿਆਂ ਦਾ ਮੁਕਾਬਲਾ ਕਰਦੇ। ਮੁਗ਼ਲ ਸੈਨਾ ਬੇਵੱਸ ਸੀ ਉਨ੍ਹਾਂ ਦਾ ਕਾਫੀ ਨੁਕਸਾਨ ਹੋ ਚੁੱਕਿਆ ਸੀ ਸੈਨਾ ਵਾਪਸ ਚਲੀ ਗਈ। ਪਰ ਇਸ ਬੇਮੇਚੇ ਯੁੱਧ ਵਿੱਚ ਗੁਰੂ ਜੀ ਦੇ ਚਾਲੀ ਸਿੱਖ ਵੀ ਸ਼ਹੀਦ ਹੋ ਗਏ। ਜਦੋਂ ਗੁਰੂ ਜੀ ਨੂੰ ਉਹਨਾਂ ਦੀ ਸ਼ਹੀਦੀ ਦਾ ਪਤਾ ਲੱਗਿਆ ਤਾਂ ਉਹ ਉਹਨਾਂ ਦੇ ਕੋਲ ਆਏ। ਉਨ੍ਹਾਂ ਸਿੰਘਾਂ ਵਿੱਚ ਭਾਈ ਮਹਾਂ ਸਿੰਘ ਅਜੇ ਸਹਿਕਦਾ ਸੀ, ਗੁਰੂ ਜੀ ਨੇ ਉਸ ਦਾ ਸਿਰ ਆਪਣੀ ਗੋਦ ਵਿੱਚ ਰੱਖਿਆ ਤੇ ਦਸ ਹਜ਼ਾਰੀ ਦਾ ਖਿਤਾਬ ਦਿੱਤਾ ਤੇ ਪਾਣੀ ਪਿਲਾਇਆ। ਮਹਾਂ ਸਿੰਘ ਨੇ ਗੁਰੂ ਜੀ ਨੂੰ ਬੇਦਾਵਾ ਪਾੜਨ ਲਈ ਕਿਹਾ। ਗੁਰੂ ਜੀ ਨੇ ਆਪਣੇ ਕਮਰਕੱਸੇ ਵਿੱਚੋਂ ਬੇਦਾਵਾ ਕੱਢ ਕੇ ਮਹਾਂ ਸਿੰਘ ਦੇ ਸਾਹਮਣੇ ਹੀ ਟੁਕੜੇ ਟੁਕੜੇ ਕਰ ਦਿੱਤਾ। ਇਹ ਦੇਖਦੇ ਹੀ ਮਹਾਂ ਸਿੰਘ ਸ਼ਾਂਤੀ ਨਾਲ ਸਦਾ ਦੀ ਨੀਂਦ ਸੌਂ ਗਿਆ। ਚਾਲ੍ਹੀ ਮੁਕਤਿਆਂ ਦੀ ਇਸ ਧਰਤੀ ਦਾ ਨਾਮ ਮੁਕਤਸਰ ਰੱਖ ਦਿੱਤਾ ਗਿਆ। ਇਹ ਇਤਿਹਾਸਕ ਸ਼ਹਿਰ ਅੱਜ ਘੁੱਗ ਵੱਸਦਾ ਹੈ।

ਇਸ ਸਮੇਂ ਤੱਕ ਜ਼ਫ਼ਰਨਾਮਾ ਖ਼ਤ ਬਾਦਸ਼ਾਹ ਕੋਲ ਪਹੁੰਚ ਗਿਆ ਸੀ। ਉਸ ਨੂੰ ਖ਼ਤ ਪੜ੍ਹ ਕੇ ਬਹੁਤ ਦੁੱਖ ਹੋਇਆ। ਉਸ ਨੇ ਗੁਰੂ ਜੀ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ। ਇਸ ਸਮੇਂ ਉਹ ਦੱਖਣ ਵਿੱਚ ਸੀ ਅਤੇ ਇੱਥੇ ਹੀ ਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਉਸਦਾ 1707 ਈਸਵੀ ਵਿੱਚ ਦਿਹਾਂਤ ਹੋ ਗਿਆ।

ਮੁਕਤਸਰ ਤੋਂ ਚੱਲ ਕੇ ਗੁਰੂ ਜੀ ਤਲਵੰਡੀ ਸਾਬੋ ਬਠਿੰਡਾ ਪਹੁੰਚੇ। ਜਿਸ ਨੂੰ ਅੱਜ ਕੱਲ੍ਹ ਦਮਦਮਾ ਸਾਹਿਬ ਕਿਹਾ ਜਾਂਦਾ ਹੈ ਕਿਉਂਕਿ ਇਸ ਥਾਂ ਤੇ ਪਹੁੰਚ ਕੇ ਗੁਰੂ ਜੀ ਨੇ ਦਮ ਜਾਂ ਆਰਾਮ ਲਿਆ ਸੀ। ਇੱਥੇ ਬੈਠ ਕੇ ਉਨ੍ਹਾਂ ਨੇ ਵੱਡੇ ਵੱਡੇ

ਸਾਹਿਤਕ ਕੰਮ ਕੀਤੇ, ਭਾਈ ਡੱਲੇ ਨਾਲ ਕਥਾ ਵਾਰਤਾ ਕੀਤੀ ਅਤੇ ਮਹਾਨ ਵਿਦਵਾਨ ਭਾਈ ਮਨੀ ਸਿੰਘ ਤੋਂ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਮੁਕੰਮਲ ਕਰਵਾਈ। ਗੁਰੂ ਤੇਗ਼ ਬਹਾਦਰ ਜੀ ਦੇ ਸਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ, ਪਰ ਆਪਣੀ ਕੋਈ ਵੀ ਰਚਨਾ ਇਸ ਵਿੱਚ ਸ਼ਾਮਿਲ ਨਹੀਂ ਕੀਤੀ। ਇੱਥੇ ਹੀ ਗੁਰੂ ਕੇ ਮਹਿਲ ਮਾਤਾ ਜੀਤੋ ਜੀ ਨੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ-

'ਇਨ ਪੁਤਰਨ ਕੇ ਕਾਰਨੇ ਵਾਰ ਦੀਏ ਸੁਤ ਚਾਰ
ਚਾਰ ਮੂਏ ਤੋ ਕਿਆ ਹੂਆ, ਜੀਵਿਤ ਕਈ ਹਜ਼ਾਰ।।'

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਵਿੱਚ ਖਾਨਾਜੰਗੀ ਸ਼ੁਰੂ ਹੋ ਗਈ। ਬਹਾਦਰ ਸਾਹ ਔਰੰਗਜ਼ੇਬ ਦਾ ਪੁੱਤਰ ਗੁਰੂ ਜੀ ਦਾ ਮਿੱਤਰ ਬਣ ਗਿਆ ਸੀ। ਉਸ ਦੀ ਗੁਰੂ ਜੀ ਨੇ ਗੱਦੀ ਦਿਵਾਉਣ ਵਿੱਚ ਮਦਦ ਕੀਤੀ ਉਸ ਦੇ ਨਾਲ ਉਹ ਦੱਖਣ ਵੱਲ ਚਲੇ ਗਏ। ਇੱਥੇ ਗੋਦਾਵਰੀ ਨਦੀ ਦੇ ਕੰਢੇ ਨਾਂਦੇੜ ਅਬਚਲ ਨਗਰ ਟਿਕਾਣਾ ਕੀਤਾ। ਇੱਥੇ ਲਛਮਣ ਦਾਸ ਨਾਂ ਦਾ ਇੱਕ ਵੈਰਾਗੀ ਸਾਧੂ ਸੀ ਜੋ ਜਾਦੂ-ਟੂਣੇ ਅਤੇ ਗੈਬੀ ਸ਼ਕਤੀਆਂ ਵਿੱਚ ਵਿਸ਼ਵਾਸ ਰੱਖਦਾ ਸੀ। ਗੁਰੂ ਜੀ ਨੇ ਉਸ ਨੂੰ ਇਨ੍ਹਾਂ ਕਰਮਾਂ ਕਾਂਡਾਂ ਵਿੱਚੋਂ ਕੱਢ ਕੇ ਅੰਮ੍ਰਿਤ ਛਕਾਇਆ ਤੇ ਬੰਦਾ ਸਿੰਘ ਬਹਾਦਰ ਦਾ ਨਾਂ ਦੇ ਕੇ ਵਜ਼ੀਰ ਖਾਨ ਤੋਂ ਬਦਲਾ ਲੈਣ ਲਈ ਪੰਜਾਬ ਭੇਜਿਆ। ਗੁਰੂ ਜੀ ਨੇ ਉਸ ਨੂੰ ਉਸ ਦੀਆਂ ਸ਼ਕਤੀਆਂ ਦੀ ਸਹੀ ਵਰਤੋਂ ਕਰਨ ਅਤੇ ਉਸ ਦਾ ਅਸਲ ਮਕਸਦ ਸਮਝਾਇਆ ਅਤੇ ਸਿੱਖ ਫ਼ੌਜ ਇਕੱਠੀ ਕਰਕੇ ਸਰਹਿੰਦ ਦੇ ਨਵਾਬ ਨੂੰ ਸਜ਼ਾ ਦੇਣ ਲਈ ਕਿਹਾ।

ਨਾਂਦੇੜ ਵਿਖੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਦੇ ਭੇਜੇ ਹੋਏ ਦੋ ਸੈਨਿਕਾਂ ਨੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਗੁਰੂ ਜੀ ਸਖ਼ਤ ਜ਼ਖ਼ਮੀ ਹੋ ਗਏ। ਇਲਾਜ ਕਰਵਾਇਆ ਗਿਆ ਪਰ ਇੱਕ ਦਿਨ ਤੀਰ-ਕਮਾਨ ਤੇ ਚਿੱਲਾਂ ਚੜ੍ਹਾਉਂਦੇ ਹੋਏ ਅੱਲੇ ਜ਼ਖਮ ਰਿਸਣ ਲੱਗ ਪਏ ਅਤੇ ਜ਼ਿਆਦਾ ਖ਼ੂਨ ਵਹਿਣ ਨਾਲ ਸਿਰਫ 42 ਸਾਲ ਦੀ ਉਮਰ ਵਿੱਚ 7 ਅਕਤੂਬਰ, 1708 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਪਰਲੋਕ ਸਿਧਾਰ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮੌਤ ਤੋਂ ਪਹਿਲਾਂ ਸਿੱਖਾਂ ਦੀ ਇਕੱਤਰਤਾ ਵਿੱਚ ਐਲਾਨ ਕਰ ਦਿੱਤਾ ਸੀ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਕੋਈ ਵੀ ਹੋਰ ਗੁਰੂ ਮਨੁੱਖੀ ਜਾਮੇ ਵਿੱਚ ਨਹੀਂ ਆਵੇਗਾ। ਕਿਉਂਕਿ ਗੁਰੂ ਦਾ ਕੰਮ ਪੂਰਾ ਹੋ ਚੁੱਕਾ ਹੈ ਹੁਣ ਉਨ੍ਹਾਂ ਦੀ ਆਤਮਾ ਗੁਰੂ ਗ੍ਰੰਥ ਸਾਹਿਬ ਵਿੱਚ ਨਿਵਾਸ ਕਰੇਗੀ। ਜਿੱਥੇ ਗੁਰੂ ਗ੍ਰੰਥ ਸਾਹਿਬ ਦੀ ਸੰਗਤ ਵਿੱਚ ਪੰਜ ਪਿਆਰੇ ਜੁੜਨਗੇ, ਉੱਥੇ ਗੁਰੂ ਹਾਜ਼ਰ ਹੋਵੇਗਾ। ਸਾਰੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਲਈ ਹੁਕਮ ਦਿੱਤਾ ਗਿਆ।

'ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।।'

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੇ ਸਿੱਖ ਧਰਮ ਨੂੰ ਲੋਕਤੰਤਰਿਕ ਸਰੂਪ ਬਖਸ਼ਿਆ। ਉਨ੍ਹਾਂ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਪ੍ਰਮਾਤਮਾ ਨੂੰ ਪਿਆਰ ਨਾਲ ਹੀ ਪਾਇਆ ਜਾ ਸਕਦਾ ਹੈ। ਪ੍ਰਭੂ ਨੂੰ ਪਿਆਰ ਕਰੋ, ਉਸ ਦੀ ਬਣਾਈ ਸ੍ਰਿਸ਼ਟੀ ਨੂੰ ਪਿਆਰ ਕਰੋ, ਪ੍ਰਮਾਤਮਾ ਤਾਂ ਹੀ ਤੁਹਾਨੂੰ ਪਿਆਰ ਕਰੇਗਾ। ਉਨ੍ਹਾਂ ਨੇ ਸੰਸਾਰ ਦੇ ਇਸ ਨਵੇਂ ਧਰਮ ਨੂੰ ਵਿਸ਼ਾਲ ਹਿਰਦੇ ਵਾਲੇ ਲੋਕਾਂ ਦਾ ਧਰਮ ਬਣਾ ਦਿੱਤਾ। ਊਚ-ਨੀਚ, ਛੋਟਾ ਵੱਡਾ ਸਾਰਿਆਂ ਨੂੰ ਇਕ ਸਮਾਨ ਸਮਝਿਆ ਜਾਣ ਲੱਗਾ। ਭਾਈਚਾਰੇ ਦੀ ਭਾਵਨਾ ਨੂੰ ਹੁੰਗਾਰਾ ਮਿਲਿਆ। ਸਿੱਖਾਂ ਲਈ ਸਾਂਝਾ ਧਰਮ ਸਥਾਨ, ਸਾਂਝੀ ਬਾਹਰੀ ਦਿੱਖ ਤੇ ਸਾਰਿਆਂ ਲਈ ਬਾਟੇ ਦਾ ਅੰਮ੍ਰਿਤ ਸਾਰਾ ਕੁਝ ਲੋਕਤੰਤਰੀ ਢਾਂਚੇ ਦੀ ਜਿਉਂਦੀ ਜਾਗਦੀ ਉਦਾਹਰਣ ਹੈ।

ਗੁਰੂ ਜੀ ਨੇ ਸਿੱਖ ਕੌਮ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਨਿੱਡਰ ਅਤੇ ਨਿਰਪੱਖ ਕੌਮ ਬਣਾਇਆ। ਇੱਕ ਇੱਕ ਸਿੱਖ ਸਵਾ ਲੱਖ ਦਾ ਮੁਕਾਬਲਾ ਕਰ ਸਕਦਾ ਸੀ। ਖਾਲਸਾ ਪੰਥ ਦੀ ਸਿਰਜਣਾ ਵੇਲੇ ਗੁਰੂ ਜੀ ਨੇ ਕਿਹਾ ਸੀ-

"ਸਵਾ ਲਾਖ ਸੇ ਏਕ ਲੜਾਊਂ। ਚਿੜੀਓਂ ਸੇ ਮੈਂ ਬਾਜ ਤੁੜਾਊਂ" ।।

ਗੁਰੂ ਦਾ ਸੱਚਾ ਸਿੱਖ ਆਪਣੀ ਜਾਨ ਮਾਲ ਦੀ ਪ੍ਰਵਾਹ ਨਾ ਕਰਦਾ ਹੋਇਆ ਜ਼ੁਲਮ ਦੇ ਖ਼ਿਲਾਫ਼ ਡੱਟ ਕੇ ਖਲੋਂਦਾ ਹੈ। ਕਮਜ਼ੋਰਾਂ ਤੇ ਨਿਹੱਥਿਆਂ ਤੇ ਕਦੇ ਵਾਰ ਨਹੀਂ ਕਰਦਾ। ਗੁਰੂ ਜੀ 'ਜੀਓ ਅਤੇ ਜਿਊਣ ਦਿਓ' ਦੇ ਅਸੂਲ ਦੀ ਰਾਖੀ ਲਈ ਸਾਰੀ ਉਮਰ ਲੜਦੇ ਰਹੇ ਜੂਝਦੇ ਰਹੇ। ਸਾਰਾ ਪਰਿਵਾਰ ਵਾਰ ਦਿੱਤਾ ਤਾਂ ਕਿ ਹਰੇਕ ਮਨੁੱਖ ਬਾ-ਇੱਜ਼ਤ ਤੇ ਬਿਨਾਂ ਕਿਸੇ ਡਰ ਭੈ ਦੇ ਰਹਿ ਸਕੇ।

ਗੁਰੂ ਗੋਬਿੰਦ ਸਿੰਘ ਕਿਸੇ ਧਰਮ ਜਾਂ ਵਿਅਕਤੀ ਦੇ ਵਿਰੋਧ ਵਿੱਚ ਨਹੀਂ ਲੜੇ। ਉਹ ਸਿਰਫ ਸੱਚ ਤੇ ਹੱਕ ਦੀ ਖਾਤਰ ਲੜੇ। ਉਨ੍ਹਾਂ ਦੀ ਫ਼ੌਜ ਵਿੱਚ ਮੁਸਲਿਮ ਸਿਪਾਹੀ ਵੀ ਸਿੱਖਾਂ ਦੀ ਤਰ੍ਹਾਂ ਹੀ ਸ਼ਾਮਿਲ ਸਨ। ਸਗੋਂ ਮੁਸਲਮਾਨ ਲੋਕਾਂ ਨੇ ਵੀ ਔਖੀ ਘੜੀ ਵਿੱਚ ਗੁਰੂ ਜੀ ਦਾ ਸਾਥ ਦਿੱਤਾ ਅਤੇ "ਉੱਚ ਦਾ ਪੀਰ" ਬਣਾ ਕੇ ਗੁਰੂ ਜੀ ਨੂੰ ਸੁਰੱਖਿਅਤ ਲੰਘਾਇਆ। ਗੁਰੂ ਜੀ ਨੇ ਆਪਣੇ ਦੋਸਤ ਸਮਰਾਟ ਬਹਾਦਰ ਸ਼ਾਹ ਦੀ ਵੀ ਖ਼ਾਨਾਜੰਗੀ ਸਮੇਂ ਬਣਦੀ ਸਰਦੀ ਮਦਦ ਕੀਤੀ।

ਬੇਸ਼ੱਕ ਗੁਰੂ ਗੋਬਿੰਦ ਸਿੰਘ ਦਾ ਬਹੁਤਾ ਸਮਾਂ ਜੰਗਾਂ ਵਿੱਚ ਨਿਕਲਿਆ ਤਾਂ ਵੀ ਉਨ੍ਹਾਂ ਨੇ ਉੱਚ ਕੋਟੀ ਦੇ ਸਾਹਿਤ ਦੀ ਰਚਨਾ ਕੀਤੀ। ਬੀਰ-ਰਸੀ ਰਚਨਾਵਾਂ "ਚੰਡੀ ਦੀ ਵਾਰ", "ਅਕਾਲ ਉਸਤਤ", "ਦਸਮ ਗ੍ਰੰਥ" ਵਿਦਵਤਾਪੂਰਨ ਰਚਨਾਵਾਂ ਹਨ। ਬਹੁਤ ਸਾਰਾ ਸਾਹਿਤ ਆਨੰਦਪੁਰ ਸਾਹਿਬ ਤੋਂ ਨਿਕਲਣ ਵੇਲੇ ਸਰਸਾ ਨਦੀ ਵਿੱਚ ਵੀ ਰੁੜ੍ਹ ਕੇ ਨਸ਼ਟ ਹੋ ਗਿਆ ਸੀ। ਔਰੰਗਜੇਬ ਨੂੰ ਦੀਨਾ (ਪੰਜਾਬ) ਤੋਂ

ਲਿਖਿਆ ਖ਼ਤ ਜ਼ਫ਼ਰਨਾਮਾ ਵਿੱਚ ਜਿੱਥੇ ਛੋਟੇ ਸਾਹਿਬਜ਼ਾਦਿਆਂ ਤੇ ਸਿੱਖਾਂ ਤੇ ਕੀਤੇ ਜ਼ੁਲਮਾਂ ਬਾਰੇ ਬਾਦਸ਼ਾਹ ਨੂੰ ਦਿੱਤਾ ਉਲਾਂਭਾ ਹੈ, ਉੱਥੇ ਕਾਵਿ ਕਲਾ ਦੀ ਵੀ ਅਦਭੁੱਤ ਉਦਾਹਰਣ ਹੈ।

ਗੁਰੂ ਗੋਬਿੰਦ ਸਿੰਘ ਨੂੰ ਸਿੱਖ ਇਤਿਹਾਸ ਵਿੱਚ ਦਸਮ-ਪਿਤਾ, ਦਸਮੇਸ਼ ਗੁਰੂ, ਸਰਬੰਸ ਦਾਨੀ ਤੇ ਦਸਵੀਂ ਜੋਤ ਕਰਕੇ ਯਾਦ ਕੀਤਾ ਜਾਂਦਾ ਹੈ। ਉਹ ਇੱਕ ਸੰਤ-ਸਿਪਾਹੀ ਤੇਗ ਦੇ ਧਨੀ, ਗੁਰੂ ਨਾਨਕ ਦੇ ਲਾਏ ਸਿੱਖੀ ਦੇ ਬੂਟੇ ਨੂੰ ਪੂਰੀ ਸ਼ਕਲ ਦੇਣ ਵਾਲੇ ਮਹਾਂਪੁਰਸ਼ ਸਨ। ਜਿਨ੍ਹਾਂ ਨੇ ਸੱਚ ਦੇ ਰਸਤੇ ਤੇ ਚੱਲਦੇ ਹੋਏ ਅਨੇਕਾਂ ਦੁੱਖ ਤਕਲੀਫਾਂ ਸਹੀਆਂ, ਪਰ ਅਡੋਲ ਰਹੇ ਅਤੇ ਮਿਸ਼ਨ ਨੂੰ ਕਾਮਯਾਬ ਕੀਤਾ। ਅੱਜ ਸਿੱਖ ਧਰਮ ਦੁਨੀਆਂ ਦਾ ਮੋਹਰੀ ਧਰਮ ਹੈ। ਸਾਰੇ ਸੰਸਾਰ ਵਿੱਚ ਸਿੱਖਾਂ ਤੇ ਸਿੱਖੀ ਦਾ ਬੋਲਬਾਲਾ ਹੈ। ਸਿੱਖ ਲੋਕ ਗੁਰੂ ਜੀ ਦੁਆਰਾ ਦਿੱਤੀ ਗਈ "ਸਰਦਾਰੀ" ਦੀ ਬਖਸ਼ਿਸ਼ ਨਾਲ ਨਿਹਾਲ ਹਨ। ਸਮੁੱਚੀ ਸਿੱਖ ਕੌਮ ਰਹਿੰਦੀ ਦੁਨੀਆ ਤੱਕ ਉਨ੍ਹਾਂ ਦੀ ਰਿਣੀ ਰਹੇਗੀ।

# ਗੁਰੂ ਗੋਬਿੰਦ ਸਿੰਘ ਦੀਆਂ ਕੁਝ ਰਚਨਾਵਾਂ

1. ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।।
ਨਾ ਡਰੋ ਅਰਿ ਸੇ ਜਾਇ ਲਰੋਂ ਨਿਸ਼ਚੈ ਕਰ ਅਪਨੀ ਜੀਤ ਕਰੋ।।
ਅਰੁ ਸਿਖ ਹੋ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ।।
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈਂ ਤਬ ਜੂਝ ਮਰੋਂ।।
(ਸਵੈਯਾ ਚੰਡੀ ਚਰਿਤ੍ਰ)

2. ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।।
ਤੁਧ ਬਿਨ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾ ਦਾ ਰਹਿਣਾ।।
ਸੂਲ, ਸਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ।।
ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ।।

3. ਜੋ ਹਮ ਕੋ ਪਰਮੇਸਰ ਉਚਰਿ ਹੈ। ਤੇ ਸਭ ਨਰਕ ਕੁੰਡ ਮੇ ਪਰਿਹੇ।।
ਮੋ ਕੋ ਦਾਸ ਤਵਨ ਕਾ ਜਾਨੋ। ਯਾ ਮੈਂ ਭੇਦ ਨ ਰੰਚ ਪਛਾਨੋ।।

(ਦਸਮ ਗ੍ਰੰਥ 137)

4. ਚੁ ਕਾਰ ਅਜ ਹਮਹ ਹੀਲਤੇ ਦਰ ਗੁਜ਼ਸਤ।।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

('ਜ਼ਫਰਨਾਮਾ')

5. ਜਬੈ ਬਾਣ ਲਾਗਿਓ। ਤਬੈ ਰੋਸ ਜਾਗਿਓ। ਕਰ ਲੈ ਕਮਾਣਿ।।
ਹਨੰ ਬਾਣ ਤਾਣੰ
ਸਬੈ ਬੀਰ ਧਾਇ। ਸਰੋਘੰ ਚਲਾਇ।।
ਤਥੈ ਤਾਕਿ ਬਾਣੰ। ਹਨਯੋ ਏਕ ਜੁਆਣੰ। ਹਰੀ ਚੰਦ ਮਾਰੇ। ਸੁ ਜੋਧਾ ਲਤਾਰੇ।
ਸੁ ਕਰੋੜ ਰਾਯੰ। ਵਹੈ ਕਾਲੈ ਘਾਯੰ।।
ਰਣੰ ਤਿਆਗਿ ਭਾਗੇ। ਸਬੈ ਤ੍ਰਾਸ ਪਾਗੇ।।
ਭਈ ਜੀਤ ਮੇਰੀ। ਕ੍ਰਿਪਾ ਨਾਲ ਕੇਰੀ।।

ਰਸਾਵਲ ਛੰਦ (31-34) ਬਚਿੱਤਰ ਨਾਟਕ, ਭੰਗਾਣੀ ਯੁੱਧ

6. ਮੈਂ ਹੂੰ ਪਰਮ ਪੁਰਖ ਕੋ ਦਾਸਾ।।
ਦੇਖਣ ਆਇਓ ਜਗਤ ਤਮਾਸ਼ਾ।।

7. ਅਰੂਪ ਹੈ।। ਅਨੂਪ ਹੈ।। ਅਜੂ ਹੈਂ।। ਅਭੂ ਹੈਂ। (29)
ਅਲਖ ਹੈਂ।। ਅਭੇਖ ਹੈਂ।। ਅਨਾਮ ਹੈਂ।। ਅਕਾਮ ਹੈਂ।। (30)
ਆਧੇ ਹੈਂ।। ਅਭੈ ਹੈਂ।। ਅਜੀਤ ਹੈਂ।। ਅਭੀਤ ਹੈਂ।। (31)

'ਜਾਪੁ ਸਾਹਿਬ' ਦਸਮ ਗ੍ਰੰਥ

8. ਚੱਤ੍ਰ ਚੱਕ੍ਰ ਕਰਤਾ।। ਚੱਤ੍ਰ ਚੱਕ੍ਰ ਹਰਤਾ।।
ਚੱਤ੍ਰ ਚੱਕ੍ਰ ਦਾਨੇ।। ਚੱਤ੍ਰ ਚੱਕ ਜਾਨੇ।। (96)
ਚੱਤ੍ਰ ਚਕ੍ਰਵਰਤੀ।। ਚਤ੍ਰ ਚੱਕ੍ਰ ਹਰਤੀ।।
ਚੱਤ੍ਰ ਚੱਕ੍ਰ ਪਾਲੇ।। ਚੱਤ੍ਰ ਚੱਕ੍ਰ ਕਾਲੇ।। (97)
ਚੱਤ੍ਰ ਚੱਕ੍ਰ ਪਾਸੇ।। ਚੱਤ੍ਰ ਚੱਕ੍ਰ ਵਾਸੇ।।
ਚੱਤ੍ਰ ਚੱਕ੍ਰ ਮਾਨਯੈ।। ਚੱਤ੍ਰ ਚੱਕ੍ਰ ਦਾਨਯੈ।। (98)

('ਜਾਪੁ ਸਾਹਿਬ' ਦਸਮ ਗ੍ਰੰਥ)

9. ਕੋਈ ਭਇਓ ਮੁੰਡੀਆ ਸੰਨਿਆਸੀ ਕੋਊ
ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।।
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨਾ ਭੇਦ ਕੋਈ ਭੂਲਿ ਭ੍ਰਮ ਮਾਨਬੋ।।
ਏਕ ਹੀ ਕੀ ਸੇਵ ਸਭ ਹੀ ਹੋ ਗੁਰਦੇਵ
ਏਕ ਏਕ ਹੀ ਸਰੂਪ ਏਨੈ ਜੋਤ ਜਾਨਬੋ।।

('ਤ੍ਵ ਪ੍ਰਸਾਦਿ ਕਬਿੱਤ' 51)

10. ਕਾਮ ਨਾ ਕ੍ਰੋਧ ਨਾ ਲੋਭ ਨਾ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ।।
ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ।।
ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੇਤ ਹੈ।।
ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ।।

(ਪੰਨਾ 247)

11. ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ਦਸਵੀਂ

ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ।।
ਫਿਰ ਅੰਗਦ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ।
ਅਰਜਨ ਹਰਗੋਬਿੰਦ ਨੋ ਸਿਮਰੋ ਸ੍ਰੀ ਹਰ ਰਾਇ।।
ਸ੍ਰੀ ਹਰ ਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁਖ ਜਾਇ।।
ਤੇਗ ਬਹਾਦਰ ਸਿਮਰੀਐ ਘਰ ਨਉ ਨਿਧ ਆਵੈ ਧਾਇ।।
ਸਭ ਥਾਈ ਹੋਇ ਸਹਾਇ।।

12. ਦੇਹੁਰਾ ਮਸੀਤ ਸੋਈ ਪੂਜਾ ਔ ਨਵਾਜ ਓਈ ਮ
ਾਨਸ ਸਬੈ ਏਕ ਪੈ ਅਨੇਕ ਕੋ ਭਰਮਾਉ ਹੈ।।
ਦੇਵਤਾ ਅਦੇਵ ਜੱਛ ਗੰਪ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਨ
ਬਾਦ ਆਤਿਸ ਔ ਆਬ ਕੋ ਰਲਾਉ ਹੈ।।
ਅਲਹ ਅਭੇਖ ਸੋਈ ਪੁਰਾਨ ਅਉ ਕੁਰਾਨ ਓਈ
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ।।

ਪੰਨਾ 16

13. ਕਾਹੇ ਕਉ ਪੂਜਤ ਪਾਹਨ ਕਉ ਕਛੁ ਪਾਹਨ ਮੈ ਪਰਮੇਸਰ ਨਾਹੀ।।
ਤਾਹੀ ਕੋ ਪੂਜਤ ਪ੍ਰਭੂ ਕਰਿ ਕੈ ਜਿਹ ਪੂਜਤ ਹੀ ਅਘ ਓਘ ਮਿਟਾਹੀ।।
ਆਧਿ ਬਿਆਧਿ ਕੇ ਬੰਧਕ ਜੇਤਕ ਨਾਮ ਕੇ ਲੇਤ ਸਭੈ ਛੁਟਿ ਜਾਹੀ।।
ਤਾਹੀ ਕੋ ਧਯਾਨ ਪ੍ਰਮਾਨ ਸਦਾ ਇਨ ਫੋਕਟ ਧਰਮ ਕਰੇ ਫਲੁ ਨਾਹੀ। ।

ਪੰਨਾ 20

# ਸ਼੍ਰੀ ਗੁਰੂ ਗਰੰਥ ਸਾਹਿਬ

'ਬਾਣੀ ਗੁਰੂ, ਗੁਰੂ ਹੈ ਬਾਣੀ, ਵਿੱਚ ਬਾਣੀ ਅੰਮ੍ਰਿਤ ਸਾਰੇ॥
ਬਾਣੀ ਕਹੈ ਭਗਤ ਜਨ ਮਾਨਿਹ ਪ੍ਰਤੱਖ ਗੁਰੂ ਨਿਸਤਾਰੇ॥'

ਸਿੱਖਾਂ ਦਾ ਪਵਿੱਤਰ ਗ੍ਰੰਥ ਗੁਰੂ ਗ੍ਰੰਥ ਸਾਹਿਬ ਹੈ। ਗੁਰੂ ਅਰਜਨ ਦੇਵ ਪੰਜਵੇਂ ਪਾਤਸ਼ਾਹ ਨੇ ਇਸ ਕਾਰਜ ਨੂੰ ਸੰਪੂਰਨ ਕਰਨ ਲਈ ਬੀੜਾ ਚੁੱਕਿਆ ਅਤੇ 1604 ਈ. ਤੱਕ ਇਸ ਨੂੰ 'ਆਦਿ ਗ੍ਰੰਥ' ਦੇ ਨਾਂ ਨਾਲ ਇਸ ਨੂੰ ਪੂਰਾ ਕੀਤਾ। ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਸਿੱਖ ਗੁਰੂਆਂ ਦੀ ਬਾਣੀ ਇਕੱਠੀ ਕੀਤੀ ਅਤੇ ਭਾਈ ਗੁਰਦਾਸ ਜੀ ਨੂੰ ਇਸ ਨੂੰ ਲਿਖਣ ਦਾ ਜ਼ਿੰਮਾ ਦਿੱਤਾ। ਗੁਰੂ ਜੀ ਆਪ ਬੋਲਦੇ ਜਾਂਦੇ ਅਤੇ ਭਾਈ ਗੁਰਦਾਸ ਲਿਖਦੇ ਜਾਂਦੇ। ਇਸ ਦੀ ਪਹਿਲੀ ਬੀੜ ਤਿਆਰ ਕਰ ਕੇ ਹਰਿਮੰਦਰ ਸਾਹਿਬ ਵਿਖੇ ਰਹੁ ਰੀਤਾਂ ਨਾਲ ਸੁਸ਼ੋਭਿਤ ਕੀਤੀ ਗਈ। ਬਾਬਾ ਬੁੱਢਾ ਸਿੰਘ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ। 1705 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿੱਚ ਗੁਰੂ ਤੇਗ ਬਹਾਦਰ ਦੇ ਸ਼ਲੋਕਾਂ ਨੂੰ ਸ਼ਾਮਲ ਕੀਤਾ।

ਆਪਣੇ ਜੋਤੀ ਜੋਤ ਸਮਾਉਣ ਸਮੇਂ 1708 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਮੰਨਣ ਲਈ ਕਿਹਾ ਅਤੇ ਦੱਸਿਆ ਕਿ ਉਨ੍ਹਾਂ ਤੋਂ ਬਾਅਦ ਉਹ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਣ ਕਿਉਂਕਿ ਹੁਣ ਕੋਈ ਗੁਰੂ ਮਨੁੱਖੀ ਜਾਮੇ ਵਿੱਚ ਉਨ੍ਹਾਂ ਦੀ ਅਗਵਾਈ ਨਹੀਂ ਕਰੇਗਾ। ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਵਿੱਚ ਜਦੋਂ ਪੰਜ ਪਿਆਰੇ ਸ਼ਾਮਲ ਹੋਣਗੇ ਤਾਂ ਗੁਰੂ ਆਪ ਹਾਜ਼ਰ ਨਾਜ਼ਰ ਹੋਵੇਗਾ।

ਗੁਰੂ ਗ੍ਰੰਥ ਸਾਹਿਬ ਇੱਕ ਅਜੇਹੀ ਪਾਵਨ ਪਵਿੱਤਰ ਰਚਨਾ ਹੈ ਜਿਸ ਵਿੱਚ ਸਿੱਖ ਗੁਰੂਆਂ, ਸੰਤਾਂ, ਕਵੀਆਂ ਦੇ ਭੱਟਾਂ ਦੇ ਕਈ ਵਰਗਾਂ ਦੀਆਂ ਧਾਰਮਿਕ ਰਚਨਾਵਾਂ ਹਨ। ਉਨ੍ਹਾਂ ਦੀ ਲਿਖੀ ਬਾਣੀ ਦੀ ਰਚਨਾ ਨੂੰ ਰਾਗਾਂ ਵਿੱਚ ਵੰਡਿਆ ਗਿਆ ਹੈ। ਗੁਰੂਆਂ ਦੀ ਬਾਣੀ ਉਨ੍ਹਾਂ ਦੇ ਜੀਵਨ ਕਾਲ ਗੁਰੂ ਨਾਨਕ ਤੋਂ ਲੈ ਕੇ ਤਰਤੀਬਵਾਰ ਲਿਖੀ ਗਈ ਹੈ। ਫਿਰ ਭਗਤਾਂ ਦੀ ਬਾਣੀ ਹੈ। ਲਗਭਗ ਛੇ ਹਜ਼ਾਰ ਸ਼ਬਦਾਂ ਨੂੰ ਇਕੱਤੀ ਰਾਗਾਂ ਵਿੱਚ ਵੰਡਿਆ ਹੋਇਆ ਹੈ। ਸਾਰੀ ਰਚਨਾ ਕਾਵਿਕ ਰੂਪ ਵਿੱਚ ਲਿਖੀ ਹੋਈ ਹੈ, ਮੱਧਯੁਗ ਦੇ ਸੰਤਾਂ ਦੀ ਭਾਸ਼ਾ ਭਗਤੀ ਲਹਿਰ ਦੇ ਸਮੇਂ ਦੀ ਹੈ। ਭਾਸ਼ਾ ਬੇਸ਼ੱਕ ਆਮ ਬੋਲ-ਚਾਲ ਦੀ ਵਰਤੀ ਗਈ ਹੈ ਪਰ ਉਸ ਉੱਪਰ ਸੰਸਕ੍ਰਿਤ,

ਪ੍ਰਾਕ੍ਰਿਤ, ਫ਼ਾਰਸੀ, ਅਰਬੀ, ਮਰਾਠੀ ਤੇ ਪੰਜਾਬੀ ਦਾ ਪੂਰਾ ਪੂਰਾ ਪ੍ਰਭਾਵ ਹੈ। ਲੋਕਾਂ ਦੀ ਸਮਝ ਵਿਚ ਆਉਣ ਵਾਲੀ ਸ਼ਬਦਾਵਲੀ ਕਈ ਥਾਂ ਸਾਧਾਰਨ ਮਨੁੱਖ ਦੀ ਪਹੁੰਚ ਤੋਂ ਬਾਹਰ ਹੋ ਜਾਂਦੀ ਹੈ। ਦਾਰਸ਼ਨਿਕਤਾ ਦੇ ਡੂੰਘੇ ਭੇਦ ਸਮਝਾਉਂਦੀ ਅਤੇ ਅਧਿਆਤਮਿਕਤਾ ਦੀ ਥਾਹ ਪਾਉਂਦੀ ਬਾਣੀ ਬੇਹੱਦ ਪ੍ਰੇਰਨਾਦਾਇਕ ਹੈ ।

ਆਦਿ ਗ੍ਰੰਥ ਦੀ ਰਚਨਾ ਵਿੱਚ ਯੋਗਦਾਨ ਦੇਣ ਵਾਲੇ ਇਹ ਹਨ-

1. ਗੁਰੂ ਨਾਨਕ ਦੇਵ-947 ਸ਼ਬਦ
2. ਗੁਰੂ ਅੰਗਦ ਦੇਵ- 63 ਸ਼ਬਦ
3. ਗੁਰੂ ਅਮਰਦਾਸ- 869 ਸ਼ਬਦ
4. ਗੁਰੂ ਰਾਮਦਾਸ- 679 ਸ਼ਬਦ
5. ਗੁਰੂ ਅਰਜਨ ਦੇਵ- 2312 ਸ਼ਬਦ
6. ਗੁਰੂ ਤੇਗ ਬਹਾਦਰ- 115 ਸ਼ਬਦ
7. ਗੁਰੂ ਗੋਬਿੰਦ ਸਿੰਘ- 1 ਸ਼ਬਦ
8. ਭਗਤ ਕਬੀਰ- 534 ਸ਼ਬਦ
9. ਬਾਬਾ ਫਰੀਦ- 123 ਸ਼ਬਦ
10. ਭਗਤ ਨਾਮਦੇਵ- 62 ਸ਼ਬਦ
11. ਭਗਤ ਰਵੀਦਾਸ- 40 ਸ਼ਬਦ
12. ਭਗਤ ਤ੍ਰਿਲੋਚਨ- 5 ਸ਼ਬਦ
13. ਭਗਤ ਬੇਨੀ- 3 ਸ਼ਬਦ
14. ਭਗਤ ਧੰਨਾ- 4 ਸ਼ਬਦ
15. ਭਗਤ ਜੈ ਦੇਵ- 2 ਸ਼ਬਦ
16. ਭਗਤ ਭੀਖਣ- 2 ਸ਼ਬਦ
17. ਭਗਤ ਸੈਣ- 1 ਸ਼ਬਦ
18. ਭਗਤ ਪੰਪਾ- 1 ਸ਼ਬਦ
19. ਭਗਤ ਸਾਧਨਾ- 1 ਸ਼ਬਦ
20. ਭਗਤ ਰਾਮਾਨੰਦ- 1 ਸ਼ਬਦ
21. ਭਗਤ ਪਰਮਾਨੰਦ- 1 ਸ਼ਬਦ

22. ਭਗਤ ਸੂਰਦਾਸ- 2 ਸ਼ਬਦ

23. ਭਗਤ ਸੁੰਦਰ- 6 ਸ਼ਬਦ

24. ਭਾਈ ਮਰਦਾਨਾ 3 ਸ਼ਬਦ

25. ਭਾਈ ਸੱਤਾ- 8 ਸ਼ਬਦ

26. ਭੱਟਾਂ ਦੇ ਸਵੈਯੇ- 123 ਸ਼ਬਦ

ਆਦਿ ਗ੍ਰੰਥ ਵਿੱਚ ਆਪਣਾ ਹਿੱਸਾ ਪਾਉਣ ਵਾਲੇ ਇਹ ਮਹਾਂਪੁਰਸ਼ ਅਲੱਗ-ਅਲੱਗ ਥਾਵਾਂ, ਧਰਮਾਂ ਤੇ ਜਾਤਾਂ ਨਾਲ ਸਬੰਧ ਰੱਖਦੇ ਸਨ ਪਰ ਅਧਿਆਤਮਕ ਤੌਰ 'ਤੇ ਇਕ ਸਨ।

ਆਦਿ ਗ੍ਰੰਥ ਦੀ ਸੁਰੂਆਤ ਮੂਲ ਮੰਤਰ ਦੁਆਰਾ ਹੁੰਦੀ ਹੈ-

ਇੱਕ ਓਂਕਾਰ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ਜਪੁ।। ਆਦਿ ਸੱਚ ਜੁਗਾਦਿ ਸਚੁ।। ਹੈਭੀ ਸੱਚ ਨਾਨਕ ਹੋਸੀ ਭੀ ਸੱਚ।।

ਇਸ ਤੋਂ ਬਾਅਦ ਜਪੁਜੀ ਸਾਹਿਬ ਦੀ ਬਾਣੀ ਹੈ ਜਿਸ ਨੂੰ ਸਵੇਰ ਦੇ ਸਮੇਂ ਪੜ੍ਹਿਆ ਜਾਂਦਾ ਹੈ। ਫਿਰ ਰਹਿਰਾਸ ਹੈ ਜਿਸ ਵਿੱਚ 5 ਸ਼ਬਦ 'ਸੋਦਰ' ਅਤੇ 'ਸੋ ਪੁਰਖ' ਦੇ ਚਾਰ ਸ਼ਬਦ ਹਨ ਇਹ ਸ਼ਾਮ ਨੂੰ ਕਰਨ ਵਾਲਾ ਪਾਠ ਹੈ ਇਨ੍ਹਾਂ ਤੋਂ ਬਾਅਦ 'ਸੋਹਿਲਾ' ਹੈ। ਜਿਸ ਨੂੰ ਸਿੱਖ ਸੌਣ ਤੋਂ ਪਹਿਲਾਂ ਜਪਦੇ ਹਨ।

ਗੁਰੂ ਗ੍ਰੰਥ ਦੀ ਸਾਰੀ ਬਾਣੀ ਦੀ ਇੱਕ ਖਾਸ ਵਿਸੇਸਤਾ ਹੈ ਕਿ ਵਿਗਿਆਨਕ ਸੋਚ ਤੇ ਆਧਾਰਤ ਸੰਗੀਤਕ ਲੈਅ ਵਿੱਚ ਪਰੋਈ ਹੋਈ ਹੈ। ਇਸ ਦੇ 33 ਸੈਕਸ਼ਨ ਹਨ ਅਤੇ 1430 ਪੰਨਿਆਂ ਵਿੱਚ ਲਿਖਿਆ ਹੈ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਜਪੁਜੀ ਪਹਿਲੇ ਸੈਕਸ਼ਨ ਵਿੱਚ ਪੜ੍ਹਨ ਵਾਲਾ ਪਾਠ ਹੈ। ਇਸ ਨੂੰ ਗਾਇਆ ਨਹੀਂ ਜਾਂਦਾ ਹੈ, ਅੰਤਲੇ ਸੈਕਸ਼ਨ ਵਿੱਚ ਭੱਟਾਂ ਦੇ ਸਵੱਈਏ ਹਨ ਬਾਕੀ ਬਚੇ 31 ਸੈਕਸ਼ਨ ਪ੍ਰਸਿੱਧ ਕਲਾਸੀਕਲ ਰਾਗਾਂ ਵਿੱਚ ਹਨ ਅਤੇ ਨਿਰਧਾਰਤ ਰਾਗਾਂ ਵਿੱਚ ਹੀ ਗਾਏ ਜਾਂਦੇ ਹਨ-

| | | | |
|---|---|---|---|
| 1.ਸਿਰੀ ਰਾਗ | 2. ਮਾਝ | 3.ਗਉਰੀ | 4. ਆਸਾ |
| 5. ਗੁਜਰੀ | 6. ਦੇਵਗੰਧਾਰੀ | 7. ਬਿਹਾਗੜਾ | 8. ਵਡਹੰਸ |
| 9. ਸੋਰਠ | 10. ਧਨਾਸਰੀ | 11. ਜੈਤਸਰੀ | 12. ਟੋਡੀ |
| 13. ਬੈਰਾੜੀ | 14. ਤਿਲੰਗ | 15. ਸੂਹੀ | 16. ਬਿਲਾਵਲ |
| 17. ਗੌਂਡ | 18. ਰਾਮਕਲੀ | 19. ਨਟ | 20. ਮਾਲੀ ਗਉੜਾ |
| 21. ਮਾਰੂ | 22. ਤੁਖਾਰੀ | 23. ਕੇਦਾਰਾ | 24. ਭੈਰੋ |

25. ਬਸੰਤ 26. ਸਾਰੰਗ 27. ਮਲਾਰ 28. ਕਨਾੜਾ
29. ਕਲਿਆਣ 30. ਪਾਰਬਤੀ 31. ਜੈਜੈਵੰਤੀ।

ਹਰ ਇੱਕ ਸ਼ਬਦ ਨੂੰ ਰਾਗ ਬਧ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਪਹਿਲਾਂ ਸ਼ਬਦ, ਅਸ਼ਟਪਦੀਆਂ, ਛੰਦ, ਵਾਰ ਅਤੇ ਸਲੋਕ ਹਨ। ਸਾਰੇ ਗੁਰੂਆਂ ਦੀ ਬਾਣੀ ਕ੍ਰਮਵਾਰ ਲਿਖੀ ਹੋਈ ਹੈ ਪਹਿਲਾਂ ਗੁਰੂ ਨਾਨਕ, ਅੰਗਦ ਦੇਵ, ਅਮਰਦਾਸ, ਰਾਮਦਾਸ, ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਸਾਰੇ ਗੁਰੂਆਂ ਦੀ ਬਾਣੀ ਵਿੱਚ ਸਲੋਕ ਦੇ ਅੰਤ ਤੇ ਪਹਿਲੇ ਗੁਰੂ ਨਾਨਕ ਦੇਵ ਜੀ ਦਾ ਹੀ ਨਾਮ ਆਉਂਦਾ ਹੈ।

ਅੰਤ ਵਾਲੇ ਭਾਗ ਵਿੱਚ ਜਿਨ੍ਹਾਂ ਭੱਟਾਂ ਦੇ ਸਵਈਏ ਲਿਖੇ ਗਏ ਹਨ ਉਹ ਸਾਰੇ ਸਵੱਈਏ ਗੁਰੂਆਂ ਦੀ ਉਸਤਤ ਵਿੱਚ ਲਿਖੇ ਗਏ ਹਨ ਇਹ ਗਿਆਰਾਂ ਭੱਟਾਂ ਦੇ ਲਿਖੇ ਹੋਏ ਹਨ।

ਕਲਸਰ, ਜਲਪ, ਕਿਗਰ, ਭੀਖਾ, ਸਲ੍ਹ, ਭਲ੍ਹ, ਨਲ੍ਹ, ਬਲ੍ਹ, ਗਿਆਂਡ, ਮਾਧੁਰਾ ਅਤੇ ਹਰਬੰਸ।

ਸਿੱਖ ਗੁਰੂਆਂ ਵਿੱਚੋਂ ਛੇਵੇਂ ਗੁਰੂ ਹਰਗੋਬਿੰਦ ਸਾਹਿਬ, ਸੱਤਵੇਂ ਹਰ ਰਾਏ, ਅੱਠਵੇਂ ਹਰਕ੍ਰਿਸਨ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਚ ਦਰਜ ਨਹੀਂ ਹੈ। ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂਆਂ ਨੇ ਸ਼ਾਇਦ ਕੋਈ ਬਾਣੀ ਨਹੀਂ ਰਚੀ। ਪ੍ਰੰਤੂ ਗੁਰੂ ਗੋਬਿੰਦ ਸਿੰਘ ਨੇ ਬਹੁਤ ਹੀ ਪ੍ਰਭਾਵਸ਼ਾਲੀ ਰਚਨਾਵਾਂ ਰਚੀਆਂ ਹਨ। ਫਿਰ ਵੀ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਆਦਿ ਗ੍ਰੰਥ ਵਿੱਚ ਸ਼ਾਮਲ ਨਹੀਂ ਕੀਤੀਆਂ। ਸ਼ਾਇਦ ਉਨ੍ਹਾਂ ਨੇ ਬਹੁਤ ਹੀ ਨਿਮਰਤਾ ਵਾਲਾ ਗੁਣ ਸਨਮੁੱਖ ਰੱਖ ਕੇ ਅਜਿਹਾ ਨਹੀਂ ਕੀਤਾ। ਹਾਲਾਂਕਿ ਉਹ ਬਹੁਪੱਖੀ ਲੇਖਕ ਅਤੇ ਪ੍ਰਸਿੱਧ ਕਵੀ ਸਨ।

ਆਦਿ ਗ੍ਰੰਥ ਸ਼ਰਧਾ ਨਾਲ ਭਰੇ ਸ਼ਲੋਕਾਂ ਦਾ ਸਮੂਹ ਹੈ ਜਿਸ ਵਿੱਚ ਪ੍ਰਭੂ ਨੂੰ ਪ੍ਰਾਰਥਨਾ ਬੇਨਤੀਆਂ ਕੀਤੀਆਂ ਗਈਆਂ ਹਨ। ਜ਼ਿੰਦਗੀ ਦੀਆਂ ਸੱਚਾਈਆਂ ਦਾ ਵਰਣਨ ਕੀਤਾ ਗਿਆ ਹੈ। ਜਿਸ ਵਿੱਚ ਬੇਹੱਦ ਸਾਧਾਰਨ ਅਤੇ ਸੁਚੱਜੇ ਤਰੀਕੇ ਨਾਲ ਮਨੁੱਖ ਨੂੰ ਸਮਝਾਇਆ ਗਿਆ ਹੈ। ਅਧਿਆਤਮਕਤਾ ਨੂੰ ਪ੍ਰਾਪਤ ਕਰਨ ਦਾ ਉਦੇਸ਼ ਸਪੱਸ਼ਟ ਬਿਆਨ ਕੀਤਾ ਗਿਆ ਹੈ। ਸਾਰੇ ਸ਼ਲੋਕ ਸਰਧਾ ਅਤੇ ਪ੍ਰਭੂ ਪਿਆਰ ਵਿਚ ਗੜੁੱਚ ਹਨ। ਸੋ ਵਿਦਵਾਨ ਆਦਮੀ ਅਤੇ ਘੱਟ ਪੜ੍ਹਿਆ ਲਿਖਿਆ ਵਿਅਕਤੀ ਦੋਨੋਂ ਹੀ ਇਸ ਤੋਂ ਫਾਇਦਾ ਲੈ ਸਕਦੇ ਹਨ। ਗੁਰਬਾਣੀ ਦਾ ਸੁਨੇਹਾ, ਪਿਆਰ, ਸੱਚਾਈ, ਸਬਰ-ਸੰਤੋਖ, ਨਿਮਰਤਾ, ਪ੍ਰਭੂ ਦੀ ਉੱਚਤਾ, ਭਾਈਚਾਰਕ ਪ੍ਰੇਮ, ਭਾਵਨਾਵਾਂ ਤੇ ਕੰਟਰੋਲ, ਜੀਵਾਂ ਲਈ ਦਿਆਲਤਾ, ਮਨੁੱਖਤਾ ਦੀ ਭਲਾਈ, ਤਨ-ਮਨ ਦੀ ਪਵਿੱਤਰਤਾ, ਸੇਵਾ ਭਾਵਨਾ ਅਤੇ ਆਤਮਾ ਦੀ ਸ਼ੁੱਧੀ ਆਦਿ ਤੱਤਾਂ ਤੇ

ਜ਼ੋਰ ਦਿੰਦਾ ਹੈ। ਸਿੱਖ ਗੁਰੂਆਂ ਨੇ ਬਾਣੀ ਨੂੰ ਪੜ੍ਹਨ ਦੇ ਨਾਲ ਉੱਪਰਲੇ ਗੁਣਾਂ ਦੇ ਧਾਰਨੀ ਹੋਣ ਅਤੇ ਅਮਲ ਕਰਨ ਦੀ ਵੀ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ। ਗੁਰਬਾਣੀ ਨੂੰ ਪੜ੍ਹ ਕੇ ਵਿਅਕਤੀ ਜਿੱਥੇ ਆਪਣੇ ਧਰਮ ਵਿੱਚ ਪਰਪੱਕ ਹੁੰਦਾ ਹੈ ਉੱਥੇ ਆਪ ਇਸ ਮਾਰਗ ਤੇ ਚੱਲਦੇ ਹੋਏ ਅਤੇ ਅਧਿਆਤਮਿਕ ਸੰਤੁਸ਼ਟੀ ਪ੍ਰਾਪਤ ਕਰ ਸਕਦਾ ਹੈ ਅਤੇ ਆਪਣਾ ਜੀਵਨ ਸਫਲ ਕਰ ਸਕਦਾ ਹੈ।

## Book list

Gurmukhi sources-

Adi Granth, Standard 1430 pages, Amritsar Shiromani Gurudwara Parbandhak Commitee.

Bhalla, Sarup dass. Mehma Prakash, Patiala, Bhasha vibhag-1971.

Bhangu, Ratan Singh, Prachin Panth Parkash, First Time Published in 1914, third edn. Amritsar; Khalsa Samachar, 1952

Chhibar, Kesar Singh, Bansavalinama, Dasan patshaian ka (A.D 1769) ed. Rattan singh jaggi, Printed in parkh vol-2, Chandigarh: Punjab university.1972

Gian singh ji (Giani), Panth Prakash, First time published in 1874 by Khalsa Tract Society, rpt. Patiala, Bhasha vibhag, 1970.

Twarikh guru khalsa, First time published in 1892, second enlarged edition rpt. Patiala, Bhasha vibhag 1970 (rpt)

Guruparnalian. Edited by randhir singh, Amritsar, sikh itihas Research board, Sgpc, 1977

Santokh singh (Bhai) Sri Gurupartap Suraj granth, edited by vir singh bhai, first time published in 1920. Rpt. Amritsar: Khalsa samachar.1963 (fourth edition)

Sant Rain prem singh, gurupur parkash, Granth Amristar Gyani press 1919.

Sikh Rahat Maryada. Amritsar S.G.P.C (n.d)

Sohan kavi. Gur bilas patshahi chhavin (1775 B.K)/A.D 1718) Edited by inder singh Gill (giani) Amritsar, jeevan mandir, Pustakalya,1968. Vir singh bhai) Ashat Guru Chamatkar, Amritsar,

Khalsa Samachar 1968.

PERSIAN SOURCES

Ardistani, mubid zulfigar (mohsin fani) Dibisten-i-Mazahib, Cawnpore, naval kishore press.

Bhandari, Sujan rai, khalsatut-twarikh (1695) Edited by Maulvi zafar Hassan, delhi Gk sons 1918.

ENGLISH SOURCES

Ashirvadi lal (srivastva) history of the India

Agra shiv lal aggarwal & co. 1976

Bannerjee A.C, Guru Nanak to Guru Gobind Singh, New delhi Rajesh, Publication 1978

-------- The Sikh Gurus & The sikh religion

Delhi munshi ram manohar lal publishers, 1983.

-------- Guru Nanak and his time, Patiala Panjabi University 1971.

Bannerjee, INdu BHushan: Evolution og the Khalsa (vol 2) Calcutta, a mukarji company 1963

Chhabra, G.S Advanced study in the history of Punjab, Jalandhar, New Academic publishing house. 1971

Cunnigham, J.D History of the Sikhs, new delhi, s.chand & company 1966.

Gopal Singh, History of the Sikh people, Landon world Sikh university press. 1979.

Darshan Singh, Indian Bhakti tradition & sikh Gurus.

Chandigarh, Layall book depot. 1968

Fauja Singh, Sikhism, als. Patiala, Punjabi uni. Press, 1969

Grewal, j.s, From Guru Nanak to Maharaja Ranjit Singh Essays

in Sikh History, Amritsar, Guru Nanak Dev, Uni. 1972.

Gupta Hari Ram, History of the Sikh Gurus. New Delhi U.C Kapoor & sons, 1973.

--------History of the Sikhs (vol 2) New Delhi Munshi Ram Manohar Lal Publishers, 1984.

--------Life Sket ch of Guru Nanak, Delhi National Publishing House, 1969.

Greenless Duncan, The gospel of The Guru Granth Sahib First times published in 1952, rpt Madras, Theosephical Publishing House 1960.

Ishwari Prasad, A Short History of Muslim rule in india. Allahabad, Indian Press, 1939.

Jagjit Singh, The Sikh Revolution, New Delhi, Bahri Publications, 1981.

Johar, Surinder Singh, The Sikh Gurus and Their shrines, New Delhi: R.K Printers, 1976.

Johar, Surinder Singh, Hand Book of Sikhism, Delhi, Vivek Publishing co. 1977.

Johar, Surinder Singh, Guru Nanak, A Biography, Jullunder. New Book Company, 1969.

Kohli, Surinder Singh, Travels of Guru Nanak, Chandigarh Publication Division , Punjab University/

Khushwant Singh, A History of the Sikhs, (vol 1) Oxford University Press, 1963.

Khazan singh, History and Philosphy of Sikhs Religion. (2 vols)

First time published in 1912, rpt. Patiala: Language Department, Punjab, 1964.

Duggal, K.S Sikh Gurus, Their Lives and Teachings UBS Publishers New Delhi, 1993.

Gujrati, B.S Introducing the Ten Masters, Foreword by Dr. Harman Singh Shaan, Stering Publishers 1970.

Loechlin, C.H The Sikhs and their Scriptures, Lacknow. The Lacknow Publishinh House, 1969.

Madanjit Kaur, Golden Temple, Past and Present, Amritsar, Guru Nanak Dev University, 1983.

Malcolm, John. Sketch of the Sikhs: A Singular Nation who inhabited the province of Punjab, London john murray, 1812.

Manusukhani, Gobind Singh, Aspects of Sikhism, New Delhi, Punjabi. Writers co-operative Industrial Society, 1982.

Macauliffe, M.A The Sikh Religion, First time Published by Clarendon Press, oxford, London, 1909 (6 vol) rpt. Delhi. S.chand And company (6 vol) 1963.

M.gregor, W.l, History of the Sikhs: London, james Maddon 1846.

Narang, G.C Transformation of Sikhism, Lahore, Tribune press 1912.

-------------- Glorious History of Sikhism, New Delhi, Munshi Ram Manohar Lal, 1975.

Nijjar, Bakhshish Singh, Punjab Under the Mughals, Bombay Thacker and c0. Lted, 1968

Puran singh, Ten Masters, London, Selwyn and Blunt-1926

Pandey, A.B, Society and Government in medivel India, Allahabad Contral Book Depot, 1965.

Parkash Singh, The Sikh Gurus, And the Temple of Bread. Amritsar, Dharam Parchar committee. 1964.

Payne, C.H. A Short History of the Sikhs. London, Thomas, Nelson and Sons, 1915.

Ray, Niharranjan, The Sikh Gurus and the Sikh Society, Patiala, Punjabi University, 1970.

Sardul Singh (caveeshar) The Sikh Studies, Lahore, National Publicatios, 1937.

Singh, Fauja, Guru Amar das, New Delhi, Sterling, 1979.

Singh, Gopal, Religion of Sikhs, New Delhi, Asia publishing house. 1971.

Singh, Khushwant. The Sikhs London. 1953.

Singh, Puran, Guru Gobind Singh, Reflections & offerings Chandigarh. Guru Gobind Singh Foundation. 1968.

Singh, Ranbir, Glimpses of the Divine Masters, 1965.

Sharma, S.R Religious policy of Mughal Emperors, London. Oxford University press. 1940.

Sarkar, Jadunath, History of Aurangjeb (vol 2) Calcutta. M.C Sarkar & sons, 1926.

Sher Singh, Philosphy of Sikhism, First Time Published in 1944, rpt. Amritsar, S.G.P.C, 1981.

Trilochan singh, Guru Nanak, Founder of Sikhism, A Biography Delhi Gurudwara Parbandhak committee.

Trump, Ernest, (tr.) Adi Granth or the Holi Scriptures of 1967.

The Sikhs, London : Allen & co. 1877, rpt. Delhi, 1970.

Sangha, H.S Mini Encyclopaedia of Sikhism, Hemkunt press, New Delhi, 1989.

Gurmukhi Sources-

Ashok, Shamsher singh, Sikhi te Sikh Itihas, Ludhiana, Lahore Book Shop, 1940.

Bhatia, Surjit Singh, Nirbhai te Nirvair Samaj, New Delhi, Guru Nanak Foundation 1985.

Ganda Singh, Sikh Itihas, Amritsar: Khalsa Tract Society, 1932.

Giani Thakur Singh, Gurudwara Darshan, Amritsar, Labh Singh & sons.

Harbhajan Singh, Das Guru Ratnavali, Amritsar, Gambhir printing press, 1979.

Kartar Singh, Sikh Itihas (2 vol) Amritsar S.G.P.C 1977.

Kartar Singh, Sikh Dharam Bare, Lahore: Lahore Book Shop, 1946.

Mangal Singh, Janam Sakhi Bhai Budha, Gulab Singh & Sons. 1916.

Padam, Piara Singh. Sade Gurdev, Amritsar, Sikh Missionary college. 1946.

Puran singh, Das Guru Darshan tran. Bu Kirpal Singh Kasel, Patiala. Punjabi university, 1972.

Pritam Singh Sikh vichar Dhara. Amritsar, S.G.P.C 1981.

Sewa Das Parchian, Patiala, Bhasha Vibhag.1963.

Sher Singh, Gurmat Darshan. Amritsar: S.G.P.C, 1962.

Trilochan Singh, Life of Guru Har Krishan, New Delhi; DSG.PC.1981

Talib, Gurbachan Singh, Guru Nanak His personality and vision. Delhi: Gurdas Kapoor & Sons.1969.

Teja Singh, Sikhism:- Its Ideals & Institutions.1951

Teja Singh, M.A, Highroads of Sikh History, Longmans, Green and Company, Ltd. 1935

Teja Singh, Ganda Singh, A short history of the Sikhs, vol 1.

Punjabi Uni. 1994

Satbir singh, Ashtam Balbira: Biography of Guru Har krishan ji. Jalandhar, Rani art Press, 1982.

Sahib Singh. Babanian Kahanian, Amritsar, Lauct Printing Press, July 1981.

-------- jeevan Birtana Shri Guru Harkrishan Amritsar, Khalsa Tract Society. 1948.

Sewa das Udasi, Parchin Dasam Patshaian kian. Patiala: Language deptt. Patiala. 1978.

Taran singh, Bhakti te Shakti, Amritsar, Faqir Singh & sons, 1962.

Satbir Singh, 'Nirbhai Nirvair: Bio of Guru Har Rai, Jalandhar: New Book Co. 1981.